@Qpatrika    @qaumipatrika punjabi    instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Saturday, 1 June 2024

VISIT: www.qaumipatrika.org Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 1 ਜੂਨ 2024, 18 ਜੇਠ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 192, qpatrika@gmail.com ਫੋਨ : 9971359517 www.qaumipatrika.org

## ਅਕਾਲੀ ਦਲ ਦਾ ਸਿਆਸੀ ਖਾਤਮਾ ਹੋਇਆ, ਬਠਿੰਡਾ ਸੀਟ ਵੀ ਨਹੀਂ ਮਿਲੇਗੀ : ਭਗਵੰਤ ਮਾਨ

ਜਲੰਧਰ/ਚੰਡੀਗੜ੍ਹ 31 ਮਈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੁਖਬੀਰ ਤੇ ਹਰਸਿਮਰਤ ਬਾਦਲ ਦਾ ਬਠਿੰਡਾ ਸਮੇਤ ਪੂਰੇ ਪੰਜਾਬ 'ਚ ਸਿਆਸੀ ਖਾਤਮਾ ਹੋ ਚੁੱਕਾ ਹੈ। ਉਹ ਹੁਣ ਆਪਣੇ ਭਵਿੱਖ ਨੂੰ ਲੈ ਕੇ ਚਿੰਤਤ ਹਨ। ਸੁਖਬੀਰ ਨੇ ਤਾਂ ਆਪਣੇ ਜੀਜਾ ਆਦੇਸ਼ ਪ੍ਰਤਾਪ ਨੂੰ ਵੀ ਪਾਰਟੀ ਤੋਂ ਬਾਹਰ ਕੱਢ ਦਿੱਤਾ ਹੈ। ਅਕਾਲੀ ਦਲ ਦੀ ਹਾਲਤ ਖਸਤਾ ਹੈ। ਕਾਂਗਰਸ ਵਾਲੇ ਤਾਂ ਇਕ-ਦੂਜੇ ਨੂੰ ਹਰਾਉਣ 'ਚ ਲੱਗੇ ਹੋਏ ਹਨ। ਉਹ ਸ੍ਰੀ ਅਨੰਦਪੁਰ ਸਾਹਿਬ 'ਚ 'ਆਪ' ਉਮੀਦਵਾਰ ਮਾਲਵਿੰਦਰ ਸਿੰਘ ਕੰਗ ਦੇ ਹੱਕ 'ਚ ਚੋਣ ਰੈਲੀ ਨੂੰ ਸੰਬੋਧਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਹੁਣ ਤਲਵਾਰਾਂ ਨਾਲ ਨਹੀਂ ਸਗੋਂ ਵੋਟਾਂ ਨਾਲ ਲੜਾਈ ਲੜੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਮੇਰੇ ਲਈ ਸਭ ਥਾਵਾਂ 'ਤੇ ਪ੍ਰਚਾਰ ਲਈ ਜਾਣਾ ਸੰਭਵ ਨਹੀਂ ਹੈ। ਮੈਂ ਜਿੱਥੇ ਵੀ ਜਾ ਰਿਹਾ ਹਾਂ, ਉੱਥੇ ਪੰਜਾਬੀਆਂ ਦੇ ਬੱਚਿਆਂ ਦੇ ਭਵਿੱਖ ਨੂੰ ਵੇਖਦੇ ਹੋਏ ਵੋਟਾਂ ਮੰਗਣ ਲਈ ਜਾ ਰਿਹਾ ਹਾਂ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਦਿਨਾਂ 'ਚ ਉਨ੍ਹਾਂ ਦੀਆਂ 106 ਰੈਲੀਆਂ ਹੋ ਚੁੱਕੀਆਂ ਹਨ। ਸੁਖਬੀਰ ਬਾਦਲ ਨੇ ਆਪਣੀ ਜੀਪ 'ਤੇ ਛੱਤ ਪਾਈ ਹੋਈ ਹੈ। ਉਨ੍ਹਾਂ ਕਿਹਾ ਕਿ ਸੁਖਬੀਰ ਅਧਿਕਾਰੀਆਂ ਕੋਲੋਂ ਪੁੱਛਦੇ ਹਨ ਕਿ ਅੱਜ ਤਾਪਮਾਨ ਕਿੰਨਾ ਹੈ। ਜਦੋ ਉਨ੍ਹਾਂ ਨੂੰ 45 ਡਿਗਰੀ ਤਾਪਮਾਨ ਦੀ ਜਾਣਕਾਰੀ ਦਿੱਤੀ ਜਾਂਦੀ ਹੈ ਤਾਂ ਉਹ ਜਵਾਬ ਦਿੰਦੇ



ਹਨ ਕਿ ਇਹ ਤਾਂ ਬਹੁਤ ਵੱਧ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਵੱਲੋਂ ਇਹ ਰੈਲੀਆਂ ਵੀ ਆਮ ਆਦਮੀ ਪਾਰਟੀ ਦੀ ਰੈਲੀਆਂ ਨੂੰ ਵੇਖਦੇ ਹੋਏ ਕੀਤੀਆਂ ਜਾ ਰਹੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸਰਵੇ ਦੀਆਂ ਰਿਪੋਰਟਾਂ ਆਮ ਆਦਮੀ ਪਾਰਟੀ ਦੇ ਪੱਖ 'ਚ ਹਨ। ਉਨ੍ਹਾਂ ਕਿਹਾ ਕਿ ਉਹ ਲਗਾਤਾਰ ਪੰਜਾਬੀਆਂ ਲਈ ਲੜਾਈ ਲੜ ਰਹੇ ਹਨ। ਕਦੇ ਰਾਜਪਾਲ ਨਾਲ ਲੜਦੇ ਹਨ ਅਤੇ ਕਦੇ ਪੰਜਾਬ ਦੇ ਹਿੱਤਾਂ ਦੀ ਰੱਖਿਆ ਲਈ ਸੁਪਰੀਮ ਕੋਰਟ 'ਚ ਜਾਂਦੇ ਹਨ। ਉਨ੍ਹਾਂ ਕਿਹਾ ਕਿ ਜਨਤਾ ਨੂੰ ਇਧਰ-ਉਧਰ ਵੋਟ ਪਾਉਣ ਦਾ ਕੋਈ ਫਾਇਦਾ ਨਹੀਂ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਉਮੀਦਵਾਰ ਵਿਜੇਂਦਰ ਸਿੰਗਲਾ ਸੰਗਰੂਰ ਤੋਂ ਆਏ ਹਨ। ਵਿਧਾਨ ਸਭਾ ਚੋਣਾਂ 'ਚ 'ਆਪ' ਵਿਧਾਇਕਾ ਨੇ ਉਸ ਨੂੰ ਹਰਾ ਦਿੱਤਾ ਸੀ। ਹੁਣ ਉਹ ਸੰਗਰੂਰ 'ਚ ਆ ਗਿਆ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਤੇ ਕਾਂਗਰਸ ਵਰਗੀਆਂ ਪਾਰਟੀਆਂ 'ਚ ਪਰਿਵਾਰਵਾਦ ਹਾਵੀ ਰਿਹਾ। ਇਨ੍ਹਾਂ ਪਾਰਟੀਆਂ 'ਚ ਕਦੇ ਵੀ ਆਮ ਵਰਕਰ ਨੂੰ ਚੇਅਰਮੈਨ ਬਣਨ ਦਾ ਮੌਕਾ ਵੀ ਨਹੀਂ ਮਿਲਦਾ।

### ਮੋਦੀ ਨੇ ਵਿਵੇਕਾਨੰਦ ਰਾਕ ਮੈਮੋਰੀਅਲ ਵਿਖੇ ਭੇਂਟ ਕੀਤਾ 'ਸੂਰਿਆ ਅਰਘ'

ਕੰਨਿਆਕੁਮਾਰੀ, 31 ਮਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਇੱਥੇ ਵਿਵੇਕਾਨੰਦ ਰਾਕ ਮੈਮੋਰੀਅਲ ਵਿਖੇ ਸੂਰਜ ਚੜ੍ਹਨ ਸਮੇਂ 'ਸੂਰਿਆ ਅਰਘ' ਭੇਟ ਕੀਤਾ। ਮੋਦੀ 2 ਦਿਨਾਂ ਮੈਡੀਟੇਸਨ ਅਭਿਆਸ ਲਈ ਰਾਕ ਮੈਮੋਰੀਅਲ ਪਹੁੰਚੇ ਹਨ। 'ਸੂਰਿਆ ਅਰਘ' ਅਧਿਆਤਮਿਕ ਅਭਿਆਸ ਨਾਲ ਜੁੜੀ ਇਕ ਪਰੰਪਰਾ ਹੈ, ਜਿਸ ਵਿਚ ਸੂਰਜ ਦੇਵਤਾ ਨੂੰ ਨਮਨ ਕਰਨ ਲਈ ਜਲ ਚੜ੍ਹਾਇਆ ਜਾਂਦਾ ਹੈ। ਭਾਰਤੀ ਜਨਤਾ ਪਾਰਟੀ ਨੇ



ਸੋਸਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇੱਕ ਛੋਟਾ ਵੀਡੀਓ ਪੋਸਟ ਕੀਤਾ ਹੈ, ਜਿਸ 'ਚ ਪ੍ਰਧਾਨ ਮੰਤਰੀ ਇਕ ਬਰਤਨ 'ਚੋਂ ਸੂਰਜ ਨੂੰ ਜਲ ਚੜ੍ਹਾਉਂਦੇ ਤੇ ਮਾਲਾ ਜਪਦੇ ਵਿਖਾਈ ਦੇ ਰਹੇ ਹਨ। ਪਾਰਟੀ ਨੇ ਪੋਸਟ 'ਚ ਕਿਹਾ, 'ਸੂਰਯ ਉਦਯ, ਸੂਰਯ ਅਰਘ, ਅਧਿਆਤਮਿਕਤਾ।' ਭਾਜਪਾ ਨੇ ਪ੍ਰਧਾਨ ਮੰਤਰੀ ਦੀਆਂ ਕੁਝ ਤਸਵੀਰਾਂ ਵੀ ਪੋਸਟ ਕੀਤੀਆਂ ਹਨ, ਜਿਨ੍ਹਾਂ 'ਚ ਉਹ ਭਗਵਾ ਕੁੜਤਾ, ਸਾਲ ਤੇ ਧੋਤੀ ਪਹਿਨ ਕੇ ਧਿਆਨ ਮੰਡਪਮ 'ਚ ਧਿਆਨ ਕਰਦੇ ਨਜਰ ਆ ਰਹੇ ਹਨ। ਪ੍ਰਧਾਨ ਮੰਤਰੀ ਨੇ 30 ਮਈ ਦੀ ਸਾਮ ਨੂੰ ਵਿਵੇਕਾਨੰਦ ਰਾਕ ਮੈਮੋਰੀਅਲ 'ਚ ਧਿਆਨ ਕਰਨਾ ਸੁਰੂ ਕੀਤਾ ਸੀ। ਉਹ 1 ਜੂਨ ਦੀ ਸਾਮ ਤੱਕ ਇਸ ਮੁਦਰਾ 'ਚ ਹੀ ਰਹਿਣਗੇ।

# ਪ੍ਰਧਾਨ ਮੰਤਰੀ ਮੋਦੀ ਦੇ ਮੈਡੀਟੇਸ਼ਨ ਨੂੰ ਲੈ ਕੇ ਬਵਾਲ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 31 ਮਈ। ਲੋਕ ਸਭਾ ਚੋਣਾਂ ਦੇ ਆਖਰੀ 7ਵੇਂ ਪੜਾਅ ਦਾ ਚੋਣ ਪ੍ਰਚਾਰ ਖਤਮ ਹੋਣ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਵਿਵੇਕਾਨੰਦ ਰਾਕ ਮੈਮੋਰੀਅਲ 'ਚ 1 ਜੂਨ ਤੱਕ ਮੈਡੀਟੇਸ਼ਨ ਕਰਨ ਦੇ ਮਾਮਲੇ ਨੂੰ ਲੈ ਕੇ ਵਿਰੋਧੀ ਪਾਰਟੀਆਂ 'ਚ ਬਵਾਲ ਮਚਣਾ ਸੁਰੂ ਹੋ ਗਿਆ ਹੈ। ਇਸੇ ਲੜੀ ਤਹਿਤ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) () (ਐੱਮ) ਤਾਮਿਲਨਾਡੂ ਦੇ ਸਕੱਤਰ ਬਾਲਾਕ੍ਰਿਸਨਨ ਨੇ ਮੁੱਖ ਚੋਣ ਕਮਿਸਨਰ ਨੂੰ ਪੱਤਰ ਲਿਖ ਕੇ ਕੰਨਿਆਕੁਮਾਰੀ 'ਚ ਪ੍ਰਧਾਨ ਮੰਤਰੀ ਦੇ ਮੈਡੀਟੇਸ਼ਨ ਕਰਨ ਦੌਰਾਨ ਹੋਣ ਵਾਲੀਆਂ ਖਬਰਾਂ ਦੇ ਪ੍ਰਸਾਰਣ 'ਤੇ ਰੋਕ ਲਗਾਉਣ ਦੀ ਮੰਗ ਕੀਤੀ ਹੈ।




ਬਾਲਾਕ੍ਰਿਸਨਨ ਨੇ ਆਪਣੀ ਸ਼ਿਕਾਇਤ 'ਚ ਕਿਹਾ ਕਿ ਪੀ.ਐੱਮ. ਮੈਡੀਟੇਸ਼ਨ ਕਰਨਾ ਚਾਹੁੰਦੇ ਹਨ, ਇਹ ਉਨ੍ਹਾਂ ਦੀ ਨਿੱਜੀ ਪਸੰਦ ਹੈ ਪਰ ਮੀਡੀਆ ਵੱਲੋਂ ਇਸ ਦਾ ਲਾਈਵ ਪ੍ਰਸਾਰਣ ਕਰਨਾ ਮੋਦੀ ਅਤੇ ਭਾਜਪਾ ਲਈ ਇਕ ਵੱਡੀ ਪ੍ਰਚਾਰ ਸਮੱਗਰੀ ਬਣ ਜਾਵੇਗੀ। ਉਨ੍ਹਾਂ ਇਸ ਗੱਲ 'ਤੇ ਵੀ ਜੋਰ ਦਿੱਤਾ ਕਿ ਚੋਣਾਂ ਵਾਲੇ ਦਿਨ ਤੱਕ ਪੀ.ਐੱਮ. ਦਾ ਸੁਰਖੀਆਂ 'ਚ ਰਹਿਣਾ ਐੱਮ.ਸੀ.ਸੀ. ਦੀ ਗੰਭੀਰ ਉਲੰਘਣਾ ਹੈ। ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਸਕੱਤਰ ਤੋਂ ਇਲਾਵਾ ਪ੍ਰਧਾਨ ਮੰਤਰੀ ਦੇ 30 ਮਈ ਤੋਂ ਨੂੰ ਜੂਨ ਦੀ ਸ਼ਾਮ ਤੱਕ ਮੈਡੀਟੇਸ਼ਨ ਕਰਨ 'ਤੇ ਇਤਰਾਜ ਜਤਾਉਂਦਿਆਂ ਕਾਂਗਰਸ ਦੇ ਵਫਦ ਨੇ ਚੋਣ ਕਮਿਸਨ ਨਾਲ ਮੁਲਾਕਾਤ ਕੀਤੀ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਸੀਨੀਅਰ ਵਕੀਲ ਅਭਿਸੇਕ ਮਨੂ ਸਿੰਘਵੀ ਨੇ ਕਿਹਾ ਕਿ ਅਸੀਂ ਚੋਣ ਕਮਿਸਨ ਨੂੰ ਕਿਹਾ ਹੈ ਕਿ 48 ਘੰਟੇ ਦੇ ਸਾਂਤ ਸਮੇਂ ਦੌਰਾਨ ਕਿਸੇ ਨੂੰ ਵੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਪ੍ਰਚਾਰ ਕਰਨ ਦੀ ਇਜਾਜਤ ਨਹੀਂ ਦਿੱਤੀ ਜਾਣੀ ਚਾਹੀਦੀ। ਡੀ. ਐੱਮ. ਕੇ. ਦੇ ਐਲਨਗੋਵਨ ਨੇ ਕਿਹਾ ਕਿ ਮੈਨੂੰ ਨਹੀਂ ਪਤਾ ਕਿ ਇਹ ਮੈਡੀਟੇਸ਼ਨ ਕਿਉਂ ਹੋ ਰਹੀ ਹੈ। ਇਹ ਐਲਾਨ ਚੋਣਾਂ ਖਤਮ ਹੋਣ ਤੋਂ ਬਾਅਦ ਵੀ ਕੀਤਾ ਜਾ ਸਕਦਾ ਸੀ ਪਰ ਇਹ ਆਖਰੀ ਪੜਾਅ 'ਚ ਅਜਿਹਾ ਇਸ ਲਈ ਕਰ ਰਹੇ ਹਨ ਕਿਉਂਕਿ ਉਹ ਚਾਹੁੰਦੇ ਹਨ ਕਿ ਲੋਕ ਇਹ ਸੋਚਣ ਕਿ ਉਹ ਭਗਵਾਨ ਦੇ ਭਗਤ ਹਨ। ਉਹ ਲੋਕਾਂ ਨੂੰ ਇਹ ਦਿਖਾਉਣਾ ਚਾਹੁੰਦੇ ਹਨ ਕਿ ਉਹ ਹਿੰਦੂ ਹਨ, ਉਹ ਭਗਵਾਨ 'ਚ ਵਿਸ਼ਵਾਸ ਕਰਦੇ ਹਨ ਤਾਂ ਕਿ ਲੋਕ ਉਨ੍ਹਾਂ ਨੂੰ ਵੋਟਾਂ ਪਾਉਣ। ਇਹ ਲੋਕਾਂ ਨੂੰ ਪ੍ਰਭਾਵਿਤ ਕਰਨ ਦਾ ਇਕ ਤਰੀਕਾ ਹੈ, ਜੋ ਚੋਣ ਕਮਿਸਨ ਦੇ ਸਾਰੇ ਨਿਯਮਾਂ ਦੇ ਖ਼ਿਲਾਫ ਹੈ।

## ਅੱਤਵਾਦੀਆਂ ਤੇ ਸੁਰੱਖਿਆ ਫੋਰਸਾਂ ਵਿਚਾਲੇ ਫਾਇਰਿੰਗ

ਪੁੰਛ, 31 ਮਈ। ਸੁਰੱਖਿਆ ਫੋਰਸਾਂ ਤੇ ਅੱਤਵਾਦੀਆਂ ਵਿਚਾਲੇ ਸੁੱਕਰਵਾਰ ਸਵੇਰੇ ਫਾਇਰਿੰਗ ਤੋਂ ਬਾਅਦ ਜ਼ਿਲ੍ਹੇ ਦੀ ਸੂਰਨਕੋਟ ਤਹਿਸੀਲ ਅਧੀਨ ਆਉਂਦੇ ਬਫਲਿਆਜ ਇਲਾਕੇ 'ਚ ਸੁਰੱਖਿਆ ਫੋਰਸਾਂ ਨੇ ਵੱਡੇ ਪੱਧਰ 'ਤੇ ਤਲਾਸੀ ਮੁਹਿੰਮ ਚਲਾਈ। ਮਿਲੀ ਜਾਣਕਾਰੀ ਮੁਤਾਬਕ ਸੁਰੱਖਿਆ ਫੋਰਸਾਂ ਨੇ ਠੋਸ ਸੂਚਨਾ 'ਤੇ ਕਾਰਵਾਈ



ਕਰਦਿਆਂ ਸੁੱਕਰਵਾਰ ਤੜਕੇ ਮਾਧਾ ਇਲਾਕੇ 'ਚ ਤਲਾਸੀਆਂ ਦੀ ਮੁਹਿੰਮ ਚਲਾਈ। ਇਸ ਦੌਰਾਨ ਸੁਰੱਖਿਆ ਫੋਰਸਾਂ 'ਤੇ ਕੁਝ ਰਾਉਂਡ ਫਾਇਰ ਕੀਤੇ ਗਏ। ਜਵਾਨਾਂ ਨੇ ਵੀ ਜਵਾਬੀ ਕਾਰਵਾਈ ਕੀਤੀ। ਕੁਝ ਸਮੇਂ ਤੱਕ ਦੋਵਾਂ ਪਾਸਿਆਂ ਤੋਂ ਭਾਰੀ ਫਾਇਰਿੰਗ ਹੋਈ। ਇਸ ਤੋਂ ਬਾਅਦ ਸੱਕੀ ਅੱਤਵਾਦੀ ਹਨੇਰੇ ਦਾ ਫਾਇਦਾ ਉਠਾਉਂਦੇ ਹੋਏ ਫਰਾਰ ਹੋ ਗਏ।

# ਹਰਿਆਣਾ ਅਤੇ ਉੱਤਰ ਪ੍ਰਦੇਸ਼ ਸਰਕਾਰਾਂ ਤੋਂ ਇਕ ਮਹੀਨੇ ਤੱਕ ਦਿੱਲੀ ਨੂੰ ਪਾਣੀ ਉਪਲੱਬਧ ਕਰਵਾਉਣ ਲਈ ਕਹੇ ਭਾਜਪਾ : ਕੇਜਰੀਵਾਲ

**ਏਜੰਸੀਆਂ**

ਨਵੀਂ ਦਿੱਲੀ 31 ਮਈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸ਼ੁੱਕਰਵਾਰ ਨੂੰ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਅਪੀਲ ਕੀਤੀ ਕਿ ਉਹ ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੀਆਂ ਆਪਣੀਆਂ ਸਰਕਾਰਾਂ ਤੋਂ ਰਾਸ਼ਟਰੀ ਰਾਜਧਾਨੀ ਨੂੰ ਇਕ ਮਹੀਨੇ ਤੱਕ ਪਾਣੀ ਉਪਲੱਬਧ ਕਰਵਾਉਣ ਲਈ ਕਹੇ। ਦਿੱਲੀ ਦੇ ਮੁੱਖ ਮੰਤਰੀ ਨੇ ਕਿਹਾ ਕਿ ਇਹ ਰਾਜਨੀਤੀ ਕਰਨ ਦਾ ਸਮਾਂ ਨਹੀਂ ਹੈ। ਰਾਸ਼ਟਰੀ ਰਾਜਧਾਨੀ ਗੰਭੀਰ ਪਾਣੀ ਦੇ ਸੰਕਟ ਦਾ ਸਾਹਮਣਾ ਕਰ ਰਹੀ ਹੈ। ਜਲ ਸਰੋਤ ਮੰਤਰੀ ਆਤਿਸ਼ੀ ਨੇ ਹਰਿਆਣਾ 'ਤੇ ਦਿੱਲੀ ਦੇ ਹਿੱਸੇ ਦਾ ਪਾਣੀ ਨਹੀਂ ਛੱਡਣ ਦਾ ਦੋਸ਼ ਲਗਾਇਆ ਹੈ। ਆਮ ਆਦਮੀ ਪਾਰਟੀ (ਆਪ) ਸਰਕਾਰ ਖ਼ਿਲਾਫ ਭਾਜਪਾ ਵਲੋਂ ਅੱਜ ਯਾਨੀ ਸ਼ੁੱਕਰਵਾਰ ਨੂੰ ਪ੍ਰਸਤਾਵਿਤ ਵਿਰੋਧ ਪ੍ਰਦਰਸ਼ਨ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਕਿਹਾ ਕਿ ਇਸ ਨਾਲ ਸਮੱਸਿਆ ਦਾ ਹੱਲ ਨਹੀਂ ਹੋਵੇਗਾ। ਕੇਜਰੀਵਾਲ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਕਿਹਾ,"ਮੇਰੀ ਸਾਰਿਆਂ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਇਸ ਸਮੇਂ ਰਾਜਨੀਤੀ ਕਰਨ ਦੀ ਬਜਾਏ, ਮਿਲ ਕੇ ਦਿੱਲੀ ਦੇ ਲੋਕਾਂ ਨੂੰ ਰਾਹਤ ਦਿਵਾਓ।" ਉਨ੍ਹਾਂ ਕਿਹਾ,"ਜੇਕਰ ਭਾਜਪਾ ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੀਆਂ ਆਪਣੀ



ਸਰਕਾਰਾਂ ਨਾਲ ਗੱਲ ਕਰ ਕੇ ਇਕ ਮਹੀਨੇ ਲਈ ਦਿੱਲੀ ਨੂੰ ਕੁਝ ਪਾਣੀ ਦਿਵਾ ਦੇਵੇ ਤਾਂ ਦਿੱਲੀ ਵਾਲੇ ਭਾਜਪਾ ਦੇ ਇਸ ਕਦਮ ਦੀ ਸ਼ਲਾਘਾ ਕਰਨਗੇ। ਇੰਨੀ ਭਿਆਨਕ ਗਰਮੀ ਕਿਸੇ ਦੇ ਹੱਥ ਨਹੀਂ ਪਰ ਅਸੀਂ ਸਾਰੇ ਮਿਲ ਕੇ ਕੰਮ ਕਰੀਏ ਤਾਂ ਲੋਕਾਂ ਨੂੰ ਇਸ ਤੋਂ ਰਾਹਤ ਤਾਂ ਦਿਵਾ ਸਕਦੇ ਹਾਂ।" ਉਨ੍ਹਾਂ ਕਿਹਾ ਕਿ ਭਿਆਨਕ ਗਰਮੀ 'ਚ ਪਾਣੀ ਦੀ ਮੰਗ ਬਹੁਤ ਵਧ ਗਈ ਹੈ ਅਤੇ ਦਿੱਲੀ ਨੂੰ ਗੁਆਂਢੀ ਰਾਜਾਂ ਤੋਂ ਮਿਲਣ ਵਾਲਾ ਪਾਣੀ ਵੀ ਘੱਟ ਹੋ ਗਿਆ ਹੈ। ਦਿੱਲੀ ਦੇ ਮੁੱਖ ਮੰਤਰੀ ਨੇ ਕਿਹਾ,"ਪਾਣੀ ਦੀ ਕਿੱਲਤ ਬਹੁਤ ਵੱਧ ਗਈ ਹੈ ਅਤੇ ਸਪਲਾਈ ਘੱਟ ਹੋ ਗਈ। ਸਾਨੂੰ ਸਾਰਿਆਂ ਨੂੰ ਮਿਲ ਕੇ ਇਸ ਸਮੱਸਿਆ ਦਾ ਨਿਪਟਾਰਾ ਕਰਨਾ ਚਾਹੀਦਾ ਹੈ।" ਕੇਜਰੀਵਾਲ ਨੇ ਕਿਹਾ ਕਿ ਪੂਰਾ ਦੇਸ਼ ਭਿਆਨਕ ਗਰਮੀ ਦਾ ਸਾਹਮਣਾ ਕਰ ਰਿਹਾ ਹੈ, ਜਿਸ ਕਾਰਨ ਇਸ ਸਮੇਂ ਪੂਰੇ ਦੇਸ਼ 'ਚ ਪਾਣੀ ਅਤੇ ਬਿਜਲੀ ਦਾ ਸੰਕਟ ਹੈ। ਉਨ੍ਹਾਂ ਕਿਹਾ ਕਿ ਦਿੱਲੀ 'ਚ ਬਿਜਲੀ ਦੀ ਸਥਿਤੀ ਕੰਟਰੋਲ 'ਚ ਹੈ। ਉਨ੍ਹਾਂ ਕਿਹਾ,"ਪਿਛਲੇ ਸਾਲ ਦਿੱਲੀ 'ਚ ਬਿਜਲੀ ਦੀ ਵੱਧ ਤੋਂ ਵੱਧ ਮੰਗ 7438 ਮੈਗਾਵਾਟ ਸੀ। ਇਸ ਦੀ ਤੁਲਨਾ 'ਚ ਇਸ ਸਾਲ ਵੱਧ ਤੋਂ ਵੱਧ ਮੰਗ 8302 ਮੈਗਾਵਾਟ ਤੱਕ ਪਹੁੰਚ ਗਈ ਹੈ ਪਰ ਇਸ ਦੇ ਬਾਵਜੂਦ ਦਿੱਲੀ 'ਚ ਬਿਜਲੀ ਦੀ ਸਥਿਤੀ ਕੰਟਰੋਲ 'ਚ ਹੈ ਅਤੇ ਹੋਰ ਸੂਬਿਆਂ ਦੀ ਤਰ੍ਹਾਂ ਇੱਥੇ ਬਿਜਲੀ ਕਟੌਤੀ ਨਹੀਂ ਹੋ ਰਹੀ ਹੈ।"

## ਸਿਹਤ ਵਿਭਾਗ ਵੱਲੋਂ ਅੱਤ ਦੀ ਗਰਮੀ ਅਤੇ ਲੂ ਤੋਂ ਬਚਣ ਲਈ ਐਡਵਾਈਜ਼ਰੀ ਜਾਰੀ

ਗੁਰਦਾਸਪੁਰ 31 ਮਈ। ਅੱਤ ਦੀ ਗਰਮੀ ਅਤੇ ਲੂ ਤੋਂ ਬਚਣ ਲਈ ਸਿਹਤ ਸੰਭਾਲ ਜ਼ਰੂਰੀ ਹੈ। ਵੱਧ ਰਹੀ ਗਰਮੀ ਦੇ ਸਬੰਧ ਵਿਚ ਲੋਕਾਂ ਨੂੰ ਜਾਗਰੂਕ ਕਰਦਿਆਂ ਮਾਤਾ ਸੁਲੱਖਣੀ ਜੀ ਸਿਵਲ ਹਸਪਤਾਲ ਬਟਾਲਾ ਤੇ ਮਾਹਿਰ ਡਾ. ਸੁਖਜੀਤ ਸਿੰਘ ਭਾਗੋਵਾਲ ਨੇ ਕਿਹਾ ਕਿ ਗਰਮੀ ਦੀ ਤੇਜ਼ ਲਹਿਰ ਦੇ ਚੱਲਦਿਆਂ ਲੋਕਾਂ ਨੂੰ ਸਾਵਧਾਨ ਰਹਿਣ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਗਰਮੀ ਅਤੇ ਲੂ ਤੋਂ ਪ੍ਰਭਾਵਿਤ ਹੋਣ ਨਾਲ ਡੀ ਹਾਈਡਰੇਸ਼ਨ, ਹੀਟ ਸਟਰੋਕ, ਬੁਖ਼ਾਰ, ਸਿਰਦਰਦ, ਉਲਟੀ, ਡਾਇਰੀਆ ਅਤੇ ਹੋਰ ਬਹੁਤ ਸਾਰੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਖ਼ਾਸ ਕਰ ਕੇ ਬਜ਼ੁਰਗਾਂ, ਬੱਚਿਆਂ ਅਤੇ ਪਹਿਲਾਂ ਤੋਂ ਹੀ ਕਿਸੀ ਬੀਮਾਰੀ ਨਾਲ ਪੀੜਤ ਲੋਕਾਂ ਨੂੰ ਇਸ ਮੌਸਮ ਵਿਚ ਵਿਸ਼ੇਸ਼ ਧਿਆਨ ਰੱਖਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਸ ਮੌਸਮ ਵਿਚ ਥਕਾਵਟ, ਬੁਖ਼ਾਰ, ਉਲਟੀਆਂ, ਦਿਲ ਦੀ ਧੜਕਣ ਤੇਜ਼ ਹੋਣ ਆਦਿ ਦੇ ਲੱਛਣ ਹੋ ਸਕਦੇ ਹਨ। ਅਜਿਹੇ ਹਾਲਤਾਂ ਵਿਚ ਲੋਕ ਸੈੱਲਫ਼ ਮੈਡੀਕੇਸ਼ਨ ਤੋਂ ਬਚਣ ਅਤੇ ਕਿਸੇ ਵੀ ਤਰ੍ਹਾਂ ਦੇ ਲੱਛਣ ਹੋਣ ਤੇ ਨੇੜੇ ਦੇ ਸਰਕਾਰੀ ਸਿਹਤ ਕੇਂਦਰਾਂ ਦੇ ਮਾਹਿਰ ਡਾਕਟਰਾਂ ਨਾਲ ਸੰਪਰਕ ਕਰਨ। ਡਾ. ਸੁਖਦੀਪ ਸਿੰਘ ਭਾਗੋਵਾਲੀਆ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਲੂ ਅਤੇ ਗਰਮੀ ਤੋਂ ਬਚਣ ਲਈ ਤਰਲ ਪਦਾਰਥ ਜਿਵੇਂ ਨਿੰਬੂ ਪਾਣੀ, ਲੱਸੀ, ਨਾਰੀਅਲ ਪਾਣੀ ਅਤੇ ਓ. ਆਰ. ਐੱਸ. ਦਾ ਘੋਲ ਆਦਿ ਦਾ ਵੱਧ ਤੋਂ ਵੱਧ ਇਸਤੇਮਾਲ ਕੀਤਾ ਜਾਵੇ, ਬਾਹਰ ਜਾਣ ਤੋਂ ਪਹਿਲਾਂ ਸਰੀਰ ਨੂੰ ਪੂਰੀ ਤਰ੍ਹਾਂ ਢਕਿਆ ਜਾਵੇ, ਸੂਤੀ ਅਤੇ ਹਲਕੇ ਰੰਗਾਂ ਦੇ ਕੱਪੜੇ ਪਹਿਨੇ ਜਾਣ, ਸੰਤੁਲਿਤ ਤੇ ਘਰ ਦਾ ਬਣਿਆ ਭੋਜਨ ਖਾਧਾ ਜਾਵੇ, ਧੁੱਪ ਵਿਚ ਬਾਹਰ ਜਾਣ ਤੋਂ ਗੁਰੇਜ਼ ਕੀਤਾ ਜਾਵੇ, ਆਸ ਪਾਸ ਦੀ ਸਾਫ਼ ਸਫ਼ਾਈ ਦਾ ਖ਼ਾਸ ਧਿਆਨ ਰੱਖਿਆ ਜਾਵੇ।

## ਚੋਣ ਕਮਿਸ਼ਨ ਨੇ ਪੰਜਾਬ ਦੇ ਇਹ ਦੋ ਵੱਡੇ ਹਲਕੇ ਸੰਵੇਦਨਸ਼ੀਲ ਐਲਾਨੇ

ਚੰਡੀਗੜ੍ਹ 31 ਮਈ। ਪੰਜਾਬ ਦੀਆਂ ਵੱਕਾਰੀ ਬਠਿੰਡਾ ਅਤੇ ਲੁਧਿਆਣਾ ਸੀਟਾਂ ਨੂੰ ਚੋਣ ਕਮਿਸ਼ਨ ਨੇ ਪੈਸੇ ਦੇ ਖਰਚ ਪੱਖੋਂ ਸੰਵੇਦਨਸ਼ੀਲ ਐਲਾਨ ਦਿੱਤਾ ਹੈ। ਚੋਣ ਕਮਿਸ਼ਨ ਵੱਲੋਂ ਹਰ ਸੰਸਦੀ ਹਲਕੇ ਵਿਚ ਇਕ ਖਰਚਾ ਆਬਜਰਵਰ ਲਾਇਆ ਗਿਆ ਹੈ ਪਰ ਇਨ੍ਹਾਂ ਸੰਸਦੀ ਹਲਕਿਆਂ ਵਿਚ ਖਰਚ ਪੱਖੋਂ ਸੰਵੇਦਨਸ਼ੀਲ ਹੋਣ ਕਰਕੇ ਦੋ-ਦੋ ਖਰਚਾ ਆਬਜਰਵਰ ਤਾਇਨਾਤ ਕੀਤੇ ਹਨ। ਚੋਣ ਕਮਿਸ਼ਨ ਨੇ ਪੰਜਾਬ ਭਰ ਵਿਚ 42 ਵਿਧਾਨ ਸਭਾ ਹਲਕੇ ਸਨਾਖਤ ਕੀਤੇ ਹਨ ਜਿੱਥੇ ਪਿਛਲੀਆਂ ਵਿਧਾਨ ਸਭਾ ਚੋਣਾਂ ਅਤੇ ਲੋਕ ਸਭਾ ਚੋਣਾਂ ਦੌਰਾਨ ਸਭ ਤੋਂ ਵੱਧ ਪੈਸਾ ਆਦਰਸ਼ ਚੋਣ ਜ਼ਾਬਤੇ ਦੌਰਾਨ ਫੜਿਆ ਗਿਆ ਸੀ। ਬਠਿੰਡਾ ਸੰਸਦੀ ਹਲਕੇ ਦੇ ਵਿਧਾਨ ਸਭਾ ਹਲਕਾ ਲੰਬੀ, ਬਠਿੰਡਾ ਦਿਹਾਤੀ, ਤਲਵੰਡੀ ਸਾਬੋ, ਮੌੜ ਅਤੇ ਮਾਨਸਾ ਵਿਚ ਭਾਰੀ ਨਕਦੀ ਫੜੀ ਗਈ ਸੀ। ਇਸ ਵਾਰ ਚੋਣ ਕਮਿਸ਼ਨ ਦੀ ਇਨ੍ਹਾਂ ਹਲਕਿਆਂ 'ਤੇ ਅੱਖ ਰਹੇਗੀ। ਇਸੇ ਤਰ੍ਹਾਂ ਲੁਧਿਆਣਾ ਸੰਸਦੀ ਸੀਟ ਦੇ ਵਿਧਾਨ ਸਭਾ ਹਲਕਾ ਲੁਧਿਆਣਾ ਪੂਰਬੀ, ਲੁਧਿਆਣਾ ਦੱਖਣੀ, ਲੁਧਿਆਣਾ ਪੱਛਮੀ, ਗਿੱਲ, ਦਾਖਾ ਅਤੇ ਜਗਰਾਓਂ ਨੂੰ ਖਰਚੇ ਪੱਖੋਂ ਸੰਵੇਦਨਸ਼ੀਲ ਐਲਾਨਿਆ ਗਿਆ ਹੈ। ਬਠਿੰਡਾ ਸੰਸਦੀ ਹਲਕੇ ਦੀ ਗੱਲ ਕਰੀਏ ਤਾਂ ਜਦੋਂ ਤੋਂ ਸਾਲ 2009 ਤੋਂ ਬਠਿੰਡਾ ਹਲਕਾ ਜਨਰਲ ਹੋਇਆ ਹੈ, ਉਦੋਂ ਤੋਂ ਇਸ ਸੀਟ ਤੋਂ ਹਮੇਸ਼ਾ ਵੋਟਾਂ ਖਰੀਦਣ ਦੇ ਰੁਝਾਨ ਦੀ ਗੱਲ ਚੱਲੀ ਹੈ। ਹਮੇਸ਼ਾ ਇਸ ਸੀਟ ਤੋਂ ਵੀ. ਆਈ. ਪੀ. ਚੋਣ ਲੜਦੇ ਰਹੇ ਹਨ।

# ਕਈ ਕੇਂਦਰੀ ਮੰਤਰੀਆਂ ਸਮੇਤ 5 ਮੁੱਖ ਮੰਤਰੀਆਂ ਦੀ ਮੌਜੂਦਗੀ ਦਾ ਗਵਾਹ ਬਣਿਆ ਲੁਧਿਆਣਾ

**ਨਵਦੀਪ ਸਿੰਘ ਸਾਹਨੀ**

ਲੁਧਿਆਣਾ 31 ਮਈ। ਲੋਕ ਸਭਾ ਚੋਣਾਂ ਦੇ ਆਖਰੀ ਪੜਾਅ ਦੌਰਾਨ ਪੰਜਾਬ ਵਿਚ 1 ਜੂਨ ਨੂੰ ਪੈਣ ਵਾਲੀਆਂ ਵੋਟਾਂ ਦੇ ਲਈ ਪ੍ਰਚਾਰ ਦਾ ਸ਼ੋਰ ਵੀਰਵਾਰ ਦੀ ਸ਼ਾਮ ਨੂੰ ਸ਼ਾਂਤ ਹੋ ਗਿਆ। ਜਿਥੋਂ ਤੱਕ ਪੰਜਾਬ ਦਾ ਸਵਾਲ ਹੈ, ਉਸ ਵਿਚੋਂ ਲੁਧਿਆਣਾ ਨੂੰ ਕਾਫੀ ਹਾਈ ਪ੍ਰੋਫਾਈਲ ਸੀਟ ਮੰਨਿਆ ਜਾ ਰਿਹਾ ਹੈ ਕਿਉਂਕਿ ਇੱਥੇ ਕਾਂਗਰਸ ਵੱਲੋਂ ਪੰਜਾਬ ਦੇ ਪ੍ਰਧਾਨ ਰਾਜਾ ਵੜਿੰਗ ਨੂੰ ਟਿਕਟ ਦਿੱਤੀ ਗਈ ਹੈ ਅਤੇ ਭਾਜਪਾ ਵੱਲੋਂ ਲਗਾਤਾਰ ਤਿੰਨ ਵਾਰ ਦੇ ਐੱਮ. ਪੀ. ਰਵਨੀਤ ਬਿੱਟੂ ਨੂੰ ਸ਼ਾਮਲ ਕਰਕੇ ਉਮੀਦਵਾਰ ਬਣਾਇਆ ਗਿਆ ਹੈ, ਜਿਸ ਕਾਰਨ ਦੋਵੇਂ ਹੀ ਪਾਰਟੀਆਂ ਵੱਲੋਂ ਆਪਣੇ ਉਮੀਦਵਾਰਾਂ ਦੀ ਜਿੱਤ ਯਕੀਨੀ ਬਣਾਉਣ ਲਈ ਪੂਰਾ ਜ਼ੋਰ ਲਾਇਆ ਗਿਆ ਹੈ ਅਤੇ ਆਮ ਆਦਮੀ ਪਾਰਟੀ ਨੇ ਵੀ ਆਪਣੇ ਉਮੀਦਵਾਰ ਅਸ਼ੋਕ ਪਰਾਸ਼ਰ ਲਈ ਪੂਰੀ ਤਾਕਤ ਲਾ ਦਿੱਤੀ ਹੈ, ਜਿਸ ਕਾਰਨ ਲੋਕ ਸਭਾ ਚੋਣਾਂ ਦੌਰਾਨ ਲੁਧਿਆਣਾ ਕਈ ਕੇਂਦਰੀ ਮੰਤਰੀਆਂ ਸਮੇਤ 5 ਮੁੱਖ ਮੰਤਰੀਆਂ ਦੀ ਮੌਜੂਦਗੀ ਦਾ ਗਵਾਹ ਬਣ ਗਿਆ ਹੈ। ਇਨ੍ਹਾਂ ਵਿਚ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਦੇ ਨਾਮ ਮੁੱਖ ਤੌਰ 'ਤੇ ਸ਼ਾਮਲ ਹਨ। ਇਸ ਤੋਂ ਇਲਾਵਾ ਜਿੱਥੇ ਰਾਜਸਥਾਨ ਨਾਲ ਸਬੰਧਤ



ਕੇਂਦਰੀ ਮੰਤਰੀਆਂ ਗਜੇਂਦਰ ਸਿੰਘ ਸ਼ੇਖਾਵਤ ਅਤੇ ਕੈਲਾਸ਼ ਚੌਧਰੀ ਵੱਲੋਂ ਪੱਕੇ ਤੌਰ 'ਤੇ ਲੁਧਿਆਣਾ ਵਿਚ ਡੇਰਾ ਜਮਾਈ ਰੱਖਿਆ, ਉਥੇ ਹੀ ਬਿੱਟੂ ਲਈ ਵੋਟ ਮੰਗਣ ਕੇਂਦਰੀ ਮੰਤਰੀ ਨਿਰਮਲਾ ਸੀਤਾਰਮਣ, ਪਿਊਸ਼ ਗੋਇਲ, ਅਨੁਰਾਗ ਠਾਕੁਰ ਵੀ ਲੁਧਿਆਣਾ ਪੁੱਜੇ। ਜਿਥੋਂ ਤੱਕ ਮੁੱਖ ਮੰਤਰੀਆਂ ਦਾ ਸਵਾਲ ਹੈ, ਉਨ੍ਹਾਂ ਵਿਚ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੇ ਸੀ. ਐੱਮ. ਭਗਵੰਤ ਸਿੰਘ ਮਾਨ ਵੱਲੋਂ ਕਈ ਵਾਰ ਲੁਧਿਆਣਾ ਵਿਚ ਦਸਤਕ ਦਿੱਤੀ ਗਈ ਅਤੇ ਅਰਵਿੰਦ ਕੇਜਰੀਵਾਲ ਵੱਲੋਂ ਵੀ ਪੱਪੀ ਪਰਾਸ਼ਰ ਨਾਲ ਰੋਡ ਸ਼ੋਅ ਕੱਢਿਆ ਗਿਆ। ਉੱਧਰ ਭਾਜਪਾ ਵੱਲੋਂ ਪਹਿਲਾਂ ਰਾਜਸਥਾਨ ਦੇ ਮੁੱਖ ਮੰਤਰੀ ਭਜਨ ਲਾਲ ਸ਼ਰਮਾ, ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਆਪਣੇ ਸੂਬੇ ਦੇ ਲੋਕਾਂ ਨਾਲ ਸੰਪਰਕ ਕਰਨ ਲਈ ਲੁਧਿਆਣਾ ਆਏ ਅਤੇ ਚੋਣ ਪ੍ਰਚਾਰ ਦੇ ਆਖਰੀ ਦਿਨ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆ ਨਾਥ ਵੱਲੋਂ ਲੁਧਿਆਣਾ ਵਿਚ ਆ ਕੇ ਬਿੱਟੂ ਦੇ ਹੱਕ ਵਿਚ ਰੈਲੀ ਕੀਤੀ ਗਈ। ਲੋਕ ਸਭਾ ਚੋਣਾਂ ਲਈ ਪ੍ਰਚਾਰ ਮੁਹਿੰਮ ਦੌਰਾਨ ਕਾਂਗਰਸ ਵੱਲੋਂ ਰਾਹੁਲ ਗਾਂਧੀ ਅਤੇ ਪ੍ਰਿਯੰਕਾ ਗਾਂਧੀ ਵੱਲੋਂ ਵੀ ਲੁਧਿਆਣਾ ਵਿਚ ਦਸਤਕ ਦਿੱਤੀ ਗਈ। ਇਨ੍ਹਾਂ 'ਚੋਂ ਰਾਹੁਲ ਵੱਲੋਂ ਲੁਧਿਆਣਾ ਦੇ ਮੁੱਲਾਂਪੁਰ ਅਤੇ ਪ੍ਰਿਯੰਕਾ ਨੇ ਖੰਨਾ ਵਿਚ ਹੋਈ ਰੈਲੀ ਨੂੰ ਸੰਬੋਧਨ ਕੀਤਾ। ਇਸ ਤੋਂ ਇਲਾਵਾ ਜੈ ਰਾਮ ਰਮੇਸ਼ ਅਤੇ ਸਚਿਨ ਪਾਇਲਟ ਵੀ ਲੁਧਿਆਣਾ ਵਿਚ ਰਾਜਾ ਵੜਿੰਗ ਦੇ ਲਈ ਵੋਟ ਮੰਗਣ ਆਏ ਹਨ।

# ਸ਼੍ਰੋਮਣੀ ਅਕਾਲੀ ਦਲ ਲਿਆਵੇਗਾ ਸਰਹੱਦੀ ਖੇਤਰ ਲਈ ਵਿਸ਼ੇਸ਼ ਸਨਅਤੀ ਨੀਤੀ : ਸੁਖਬੀਰ ਬਾਦਲ

**ਤੇਜਿੰਦਰ ਕੌਰ ਬੱਬਰ**

ਅੰਮ੍ਰਿਤਸਰ 31 ਮਈ। ਜਿਵੇਂ-ਜਿਵੇਂ ਚੋਣਾਂ ਦੇ ਦਿਨ ਨੇੜੇ ਆ ਰਹੇ ਹਨ, ਸ੍ਰੋਮਣੀ ਅਕਾਲੀ ਦੇ ਉਮੀਦਵਾਰ ਅਨਿਲ ਜੋਸੀ ਦੀ ਚੋਣ ਮੁਹਿੰਮ ਨੂੰ ਪਿੰਡਾਂ ਅਤੇ ਸਹਿਰੀ ਖੇਤਰਾਂ ਵਿਚ ਭਾਰੀ ਸਮਰਥਨ ਮਿਲ ਰਿਹਾ ਹੈ। ਇਸ ਭਾਰੀ ਹਮਾਇਤ ਦੀ ਇਕ ਮਿਸਾਲ ਅੰਮ੍ਰਿਤਸਰ ਵਿਚ ਦੇਖਣ ਨੂੰ ਮਿਲੀ, ਜਦੋਂ ਅੰਮ੍ਰਿਤਸਰ ਦੇ 9 ਹਲਕਿਆਂ ਤੋਂ ਸ੍ਰੋਮਣੀ ਅਕਾਲੀ ਦਲ ਦੇ ਸਮਰਥਕਾਂ ਨੇ ਤੇਜ ਗਰਮੀ ਵਿਚ ਪੂਰੇ ਜੋਸੋ-ਖਰੋਸ ਨਾਲ ਰੋਡ ਸੋਅ ਕੱਢਿਆ। ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਅਕਾਲੀ ਦਲ ਦੇ ਉਮੀਦਵਾਰ ਅਤੇ ਸਾਬਕਾ ਕੈਬਨਿਟ ਮੰਤਰੀ ਅਨਿਲ ਜੋਸੀ ਦੇ ਸਮਰਥਨ ਵਿਚ ਵਿਸਾਲ ਇਤਿਹਾਸਕ ਰੋਡ ਸੋਅ ਕੱਢਿਆ ਗਿਆ, ਜੋ ਕਿਸੇ ਜੇਤੂ ਰੈਲੀ ਤੋਂ ਘੱਟ ਨਹੀਂ ਜਾਪਦਾ ਸੀ। ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ 'ਗੁਰੂ ਨਗਰੀ' ਦੇ ਨਾਲ-ਨਾਲ ਇਸ ਸੰਸਦੀ ਹਲਕੇ ਦੇ ਵੋਟਰਾਂ ਨੂੰ ਅਕਾਲੀ ਦਲ ਦਾ ਸਮੱਰਥਨ ਕਰਨ ਦੀ ਅਪੀਲ ਕਰਦਿਆਂ ਅੰਮ੍ਰਿਤਸਰ ਦੀ ਨੁਹਾਰ ਬਦਲਣ ਅਤੇ ਇਸ ਨੂੰ ਸੈਰ-ਸਪਾਟਾ ਕੇਂਦਰ ਬਣਾਉਣ ਦਾ ਸਿਹਰਾ ਪਾਰਟੀ ਨੂੰ ਦਿੱਤਾ। ਸੁਖਬੀਰ ਬਾਦਲ ਨੇ ਸੂਬੇ ਵਿਚ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਪਾਕਿਸਤਾਨ ਨਾਲ ਵਪਾਰ ਅਤੇ ਸਰਹੱਦੀ ਖੇਤਰ ਲਈ ਵਿਸੇਸ ਉਦਯੋਗਿਕ ਨੀਤੀ ਦਾ ਵਾਅਦਾ ਕੀਤਾ। ਅਕਾਲੀ ਦਲ ਦੇ ਪ੍ਰਧਾਨ ਨੂੰ ਮਿਲਣ ਅਤੇ ਸਵਾਗਤ ਕਰਨ ਲਈ ਹਜਾਰਾਂ ਲੋਕ ਸੜਕਾਂ 'ਤੇ ਆ ਗਏ ਅਤੇ ਇੱਥੋਂ ਤੱਕ ਕਿ ਉਨ੍ਹਾਂ ਦੇ ਟਰੱਕ 'ਤੇ ਚੜ੍ਹ ਕੇ ਉਨ੍ਹਾਂ ਨੂੰ ਹਾਰ ਪਹਿਨਾਏ ਅਤੇ ਉਨ੍ਹਾਂ 'ਤੇ ਗੁਲਾਬ ਦੀਆਂ ਪੱਤੀਆਂ ਅਤੇ ਫੁੱਲਾਂ ਦੀ ਵਰਖਾ ਕੀਤੀ। ਸੁਖਬੀਰ ਬਾਦਲ ਨੇ ਕਿਹਾ ਕਿ ਉਨ੍ਹਾਂ ਦਾ ਦਿਲ ਗੁਰੂ ਨਗਰੀ ਲਈ ਧੜਕਦਾ ਹੈ, ਇਸ ਲਈ ਅਸੀਂ ਵਿਰਾਸਤੀ ਮਾਰਗ ਬਣਾ ਕੇ ਇਸ ਦਾ ਸੁੰਦਰੀਕਰਨ ਕੀਤਾ ਹੈ, ਜਿਸ ਨਾਲ ਸਹਿਰ ਦੇ ਅੰਦਰਲੇ ਹਿੱਸੇ ਦਾ ਵਿਕਾਸ ਹੋਇਆ ਹੈ ਅਤੇ ਸੈਰ-ਸਪਾਟਾ ਗਤੀਵਿਧੀਆਂ ਨੂੰ ਵੀ ਪ੍ਰਫੁੱਲਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ੍ਰੋਮਣੀ ਅਕਾਲੀ ਦਲ ਨੇ ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਪਲਾਜਾ ਵੀ ਵਿਕਸਤ ਕੀਤਾ ਹੈ ਅਤੇ ਦੁਰਗਿਆਣਾ ਮੰਦਰ ਅਤੇ ਰਾਮ ਤੀਰਥ ਨੂੰ ਵੀ ਸੁੰਦਰ ਬਣਾਇਆ ਹੈ। ਸਹਿਰ ਵਿਚ ਸਾਡਾ ਪਿੰਡ ਅਤੇ ਪਾਰਟੀਸ਼ਨ ਮਿਊਜੀਅਮ ਵਰਗੇ ਸੈਰ ਸਪਾਟਾ ਪ੍ਰਾਜੈਕਟ ਵੀ ਸ੍ਰੋਮਣੀ ਅਕਾਲੀ ਦਲ ਦੀ ਸਰਕਾਰ ਦਾ ਹੀ ਯੋਗਦਾਨ ਹੈ। ਸੱਤਾ ਵਿਚ ਆਉਣ 'ਤੇ ਉਹ ਸਹਿਰ ਦੀ ਸਾਰੀ ਚਾਰਦੀਵਾਰੀ ਨੂੰ ਵਿਰਾਸਤੀ ਇਮਾਰਤ ਵਿਚ ਬਦਲਣ ਲਈ 1500 ਕਰੋੜ ਰੁਪਏ ਦਾ ਨਿਵੇਸ ਕਰਨ ਲਈ ਵਚਨਬੱਧ ਹੈ। ਉਹ ਵਪਾਰ ਨੂੰ ਹੁਲਾਰਾ ਦੇਣ ਲਈ ਪਾਕਿਸਤਾਨ ਨਾਲ ਅੰਤਰਰਾਸਟਰੀ ਸਰਹੱਦ ਨੂੰ ਮੁੜ ਖੋਲ੍ਹਣ ਦੀ ਕੋਸ਼ਿਸ ਕਰਨਗੇ ਅਤੇ ਸਰਹੱਦੀ ਖੇਤਰ ਵਿੱਚ ਵਿਸੇਸ ਉਦਯੋਗਿਕ ਨੀਤੀ ਬਣਾਉਣ ਲਈ ਵਚਨਬੱਧ ਹੈ।



ਉਨ੍ਹਾਂ ਕਿਹਾ ਕਿ ਆਪਣੇ ਆਲੇ-ਦੁਆਲੇ ਦੇਖੋ, ਅੰਮ੍ਰਿਤਸਰ ਸਿਆਸੀ ਬੇਰੁਖੀ ਦਾ ਸ਼ਿਕਾਰ ਹੋ ਗਿਆ ਹੈ, ਇਸ ਪਵਿੱਤਰ ਨਗਰੀ ਲਈ ਨਾ ਤਾਂ ਕਾਂਗਰਸ ਪਾਰਟੀ ਦੀ ਸਰਕਾਰ ਨੇ ਅਤੇ ਨਾ ਹੀ 'ਆਪ' ਸਰਕਾਰ ਨੇ ਕੁਝ ਕੀਤਾ ਹੈ। ਉਨ੍ਹਾਂ ਸਹਿਰ ਵਾਸੀਆਂ ਦੀਆਂ ਸ਼ਿਕਾਇਤਾਂ ਵੀ ਸੁਣੀਆਂ, ਜਿਨ੍ਹਾਂ ਵਿਚ ਅਮਨ-ਕਾਨੂੰਨ, ਨਸਾਖੋਰੀ, ਬੇਰੋਜਗਾਰੀ, ਮਾੜੇ ਪ੍ਰਸਾਸਨ ਅਤੇ ਤਰਸਯੋਗ ਨਾਗਰਿਕ ਸਹੂਲਤਾਂ ਬਾਰੇ ਸ਼ਿਕਾਇਤਾਂ ਕੀਤੀਆਂ। ਉਨ੍ਹਾਂ ਅਕਾਲੀ ਦਲ ਨੂੰ ਸਮਰਥਨ ਦੇਣ ਅਤੇ ਅਨਿਲ ਜੋਸੀ ਦੀ ਸਾਨਦਾਰ ਜਿੱਤ ਯਕੀਨੀ ਬਣਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਉਹ ਸਹਿਰ ਵਿੱਚ 'ਵਿਕਾਸ ਪੁਰਸ' ਵਜੋਂ ਜਾਣੇ ਜਾਂਦੇ ਹਨ। ਅਕਾਲੀ ਦਲ ਦੇ ਪ੍ਰਧਾਨ ਨਾਲ ਵਿਸਾਲ ਰੋਡ ਸੋਅ ਦੌਰਾਨ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਅਤੇ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਮੌਜੂਦ ਸੀ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਨਾਅਰਾ ਦੇਣ ਵਾਲੀ ਪਾਰਟੀ ਸ੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਅਨਿਲ ਜੋਸੀ ਨੇ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਆਪਣਾ 35 ਸਾਲਾਂ ਦਾ ਸਿਆਸੀ ਭਵਿੱਖ ਦਾਅ 'ਤੇ ਲਗਾ ਦਿੱਤਾ ਹੈ। 2012 ਵਿਚ ਪੰਜਾਬ ਵਿਚ ਸ੍ਰੋਮਣੀ ਅਕਾਲੀ ਦਲ ਦੀ ਸਰਕਾਰ ਵੇਲੇ ਮੁੱਖ ਮੰਤਰੀ ਪ੍ਰਕਾਸ ਸਿੰਘ ਬਾਦਲ ਨੇ ਉਨ੍ਹਾਂ ਨੂੰ ਉਦਯੋਗ ਅਤੇ ਤਕਨੀਕੀ ਸਿੱਖਿਆ ਮੰਤਰੀ ਬਣਾਇਆ ਸੀ। ਇਸ ਸਮੇਂ ਦੌਰਾਨ ਉਨ੍ਹਾਂ ਨੇ ਨਾ ਸਿਰਫ ਆਪਣੇ ਹਲਕੇ ਦਾ ਵਿਕਾਸ ਕੀਤਾ ਸਗੋਂ ਅੰਮ੍ਰਿਤਸਰ ਵਿਚ ਆਈ. ਆਈ. ਐੱਮ. ਵਰਗੇ ਪ੍ਰਾਜੈਕਟ ਲਿਆਉਣ ਵਿਚ ਵੀ ਕਾਮਯਾਬ ਰਹੇ। ਭਾਵੇਂ ਉਹ 2017 ਦੀਆਂ ਚੋਣਾਂ ਹਾਰ ਗਏ ਸਨ ਪਰ ਫਿਰ ਵੀ ਉਹ ਆਮ ਲੋਕਾਂ ਨਾਲ ਜੁੜੇ ਰਹੇ ਅਤੇ ਵੱਖ-ਵੱਖ ਸਿਆਸੀ ਅਤੇ ਸਮਾਜਿਕ ਗਤੀਵਿਧੀਆਂ ਦਾ ਹਿੱਸਾ ਬਣ ਕੇ ਵੱਖ-ਵੱਖ ਮੁੱਦਿਆਂ 'ਤੇ ਸੰਘਰਸ ਕਰਦੇ ਰਹੇ। ਇਸੇ ਦੌਰਾਨ ਜੁਲਾਈ 2021 ਦੇ ਕਿਸਾਨ ਅੰਦੋਲਨ ਦੌਰਾਨ ਜਦੋਂ ਉਨ੍ਹਾਂ ਨੇ ਕਿਸਾਨਾਂ ਨੂੰ ਇਨਸਾਫ ਦਿਵਾਉਣ ਦੀ ਗੱਲ ਕੀਤੀ ਤਾਂ ਭਾਜਪਾ ਨੇ ਉਨ੍ਹਾਂ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਦੋਸ ਹੇਠ 6 ਸਾਲ ਲਈ ਪਾਰਟੀ ਤੋਂ ਕੱਢ ਦਿੱਤਾ ਪਰ ਅਨਿਲ ਜੋਸੀ ਨੇ ਫਿਰ ਵੀ ਹਾਰ ਨਹੀਂ ਮੰਨੀ, ਸਗੋਂ ਉਹ ਕਿਸਾਨ ਦੇ ਹਿੱਤਾਂ ਲਈ ਹਰ ਜਗ੍ਹਾ ਕਿਸਾਨਾਂ ਨਾਲ ਮਜਬੂਤੀ ਨਾਲ ਖੜ੍ਹੇ ਹਨ। ਅਨਿਲ ਜੋਸੀ ਨੇ ਕਿਹਾ ਕਿ ਉਹ ਪੰਜਾਬ ਦੇ ਪੇਂਡੂ ਪਿਛੋਕੜ ਵਾਲੇ ਵਿਅਕਤੀ ਹਨ ਅਤੇ ਉਨ੍ਹਾਂ ਦਾ ਮੰਨਣਾ ਹੈ ਕਿ ਪੰਜਾਬ ਦੀ ਖੁਸਹਾਲੀ ਅਤੇ ਵਿਕਾਸ ਵਿੱਚ ਕਿਸਾਨਾਂ ਦਾ ਬਹੁਤ ਵੱਡਾ ਯੋਗਦਾਨ ਹੈ।

# ਅਸਮਰੱਥ 'ਪਾਵਰ ਸਿਸਟਮ' 10 ਹਜਾਰ ਤੋਂ ਵੱਧ ਸਿਕਾਇਤਾਂ ਨਾਲ ਹਾਲ ਬੇਹਾਲ

ਜਲੰਧਰ 31 ਮਈ। ਪਿਛਲੇ ਕੁਝ ਦਿਨਾਂ ਤੋਂ ਪੈ ਰਹੀ ਬਾਰਿਸ ਕਾਰਨ ਪਾਵਰਕਾਮ ਦੇ ਨਾਰਥ ਜੋਨ 'ਚ ਬਿਜਲੀ ਦੇ ਫਾਲਟ ਪੈਣ ਦਾ ਅੰਕੜਾ 10 ਹਜਾਰ ਤੋਂ ਉਪਰ ਪਹੁੰਚ ਗਿਆ ਹੈ। ਇਸ ਤੋਂ ਸਪੱਸਟ ਹੋ ਗਿਆ ਹੈ ਕਿ ਪਾਵਰਕਾਮ ਦਾ ਸਿਸਟਮ ਬਾਰਿਸ਼ ਨੂੰ ਝੱਲਣ 'ਚ ਅਸਮਰੱਥ ਹੈ। ਬਾਰਿਸ਼ ਕਾਰਨ ਬਿਜਲੀ ਦੇ ਫਾਲਟ ਕਾਫੀ ਵੱਧ ਜਾਂਦੇ ਹਨ, ਜੋਕਿ ਖਪਤਕਾਰਾਂ ਲਈ ਪ੍ਰੇਸਾਨੀ ਦਾ ਕਾਰਨ ਬਣਦੇ ਹਨ। ਸਿਸਟਮ 'ਤੇ ਕਰੋੜਾਂ ਰੁਪਏ ਖਰਚਣ ਦੀ ਗੱਲ ਕਰਦੇ ਹੋਏ ਵਿਭਾਗੀ ਅਧਿਕਾਰੀ ਨਿਰਵਿਘਨ ਸਪਲਾਈ ਦੇ ਵੱਡੇ-ਵੱਡੇ ਦਾਅਵੇ ਕਰਦੇ ਹਨ ਪਰ ਬਾਰਿਸ ਤੇ ਹਨੇਰੀ ਦੌਰਾਨ ਵਿਭਾਗੀ ਸਿਸਟਮ ਫੇਲ ਹੋ ਜਾਂਦਾ ਹੈ। ਪਿਛਲੇ ਦਿਨੀ ਹਨੇਰੀ ਤੇ ਭਾਰੀ ਬਰਸਾਤ ਕਾਰਨ ਫਾਲਟ ਪੈਣ ਦਾ ਸਿਲਸਿਲਾ ਸੁਰੂ ਹੋਇਆ, ਜੋ ਅਜੇ ਵੀ ਬੇਰੋਕ ਜਾਰੀ ਹੈ। ਇਸ ਕਾਰਨ ਨਾਰਥ ਜੋਨ 'ਚ ਫਾਲਟ ਦੀ ਦੀ ਸੰਖਿਆ 10,200 ਤੋਂ ਉਪਰ ਪਹੁੰਚ ਗਈ ਹੈ, ਜਿਸ ਕਾਰਨ ਖਪਤਕਾਰ ਵਿਭਾਗੀ ਸਿਸਟਮ ਦੀ ਆਲੋਚਨਾ ਕਰਦੇ ਨਜਰ ਆ ਰਹੇ ਹਨ। ਅੱਜ ਸਵੇਰ ਤੋਂ ਹੋਈ ਹਲਕੀ ਬਾਰਿਸ ਕਾਰਨ ਵੱਖ-ਵੱਖ ਇਲਾਕਿਆਂ 'ਚ ਬਿਜਲੀ ਬੰਦ ਰਹਿਣ ਕਾਰਨ ਖਪਤਕਾਰਾਂ ਲਈ ਪ੍ਰੇਸਾਨੀ ਦਾ ਸਬੱਬ ਬਣ ਗਿਆ। ਇਸ ਕਾਰਨ ਜਲੰਧਰ ਸਰਕਲ ਅਧੀਨ 1500 ਤੋਂ ਵੱਧ ਫਾਲਟ ਸਬੰਧੀ ਸਿ਼ਕਾਇਤਾਂ ਪ੍ਰਾਪਤ ਹੋਈਆਂ ਹਨ, ਜਿਸ ਕਾਰਨ ਲੋਕਾਂ ਦਾ ਹਾਲ ਬੇਹਾਲ ਹੈ। ਸਮੱਸਿਆ ਦਾ ਮੁੱਖ ਕਾਰਨ ਇਹ ਸੀ ਕਿ ਕਈ ਇਲਾਕਿਆਂ 'ਚ ਬਿਜਲੀ ਗੁੱਲ ਹੋਣ ਕਾਰਨ ਪਾਣੀ ਸਬੰਧੀ ਵੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਮਕਸੂਦਾਂ ਤੇ ਮਾਡਲ ਟਾਊਨ ਡਵੀਜਨਾਂ



ਅਧੀਨ ਆਉਂਦੇ ਵੱਖ-ਵੱਖ ਖੇਤਰਾਂ ਦੇ ਖਪਤਕਾਰਾਂ ਨੇ ਦੱਸਿਆ ਕਿ ਜਦੋਂ ਤੱਕ ਲਾਈਟ ਚਾਲੂ ਹੋਈ ਉਦੋਂ ਤੱਕ ਪਾਣੀ ਜਾ ਚੁੱਕਾ ਸੀ। ਉੱਥੇ ਹੀ ਕਈ ਇਲਾਕਿਆਂ 'ਚ ਰਾਤ 10 ਵਜੇ ਬਿਜਲੀ ਕਰਮਚਾਰੀ ਆਰਜੀ ਲਾਈਟਾਂ ਦੀ ਮਦਦ ਨਾਲ ਫਾਲਟ ਠੀਕ ਕਰਦੇ ਦੇਖੇ ਗਏ। ਖਪਤਕਾਰ ਮੌਕੇ 'ਤੇ ਬਿਜਲੀ ਕਰਮਚਾਰੀਆਂ ਦੀ ਮਦਦ ਕਰਦੇ ਵੇਖੇ ਗਏ ਅਤੇ ਲੋਕ ਪੌੜੀਆਂ ਆਦਿ ਦਾ ਪ੍ਰਬੰਧ ਕਰਨ ਨੂੰ ਲੈ ਕੇ ਪ੍ਰੇਸ਼ਾਨ ਹੁੰਦੇ ਵੇਖੇ ਗਏ। ਸਹਿਰ ਦੇ ਕਈ ਮੁਹੱਲਿਆਂ 'ਚ ਹਾਲਾਤ ਅਜਿਹੇ ਸਨ ਕਿ ਜੇਕਰ ਦੁਪਹਿਰ 12 ਵਜੇ ਤੋਂ ਪਹਿਲਾਂ ਗੁੱਲ ਬਿਜਲੀ ਰਾਤ ਤੱਕ ਵਾਪਸ ਨਾ ਆਈ ਤਾਂ ਕਈ ਇਲਾਕਿਆਂ 'ਚ 8 ਘੰਟੇ ਤੱਕ ਬਿਜਲੀ ਸਪਲਾਈ ਠੱਪ ਰਹੀ। ਇਸ ਕਾਰਨ ਸਟਰੀਟ ਲਾਈਟਾਂ ਵੀ ਜਗ ਨਹੀਂ ਸਕੀਆਂ ਤੇ ਪੈਦਲ ਚੱਲਣ ਵਾਲਿਆਂ ਨੂੰ ਆਉਣ-ਜਾਣ ਸਮੇਂ ਭਾਰੀ ਪ੍ਰੇਸਾਨੀ ਦਾ ਸਾਹਮਣਾ ਕਰਨਾ ਪਿਆ। ਸਭ ਤੋਂ ਵੱਧ ਸਿ਼ਕਾਇਤਾਂ ਵੈਸਟ ਤੇ ਮਾਡਲ ਟਾਊਨ ਡਿਵੀਜਨਾਂ ਦੇ ਇਲਾਕਿਆਂ 'ਚ ਸੁਣੀਆਂ ਗਈਆਂ। ਇਸ ਦੇ ਨਾਲ ਹੀ ਕੈਂਟ ਡਵੀਜਨ ਅਧੀਨ ਆਉਂਦੇ ਕੁਝ ਪੇਂਡੂ ਖੇਤਰਾਂ ਤੇ ਯੂਨੀਵਰਸਿਟੀ ਰੋਡ 'ਤੇ ਤਾਰਾਂ 'ਚ ਨੁਕਸ ਪੈਣ ਕਾਰਨ ਕਈ ਘੰਟੇ ਸਪਲਾਈ ਚਾਲੂ ਨਹੀਂ ਹੋ ਸਕੀ। ਇਸ ਦੇ ਨਾਲ ਹੀ ਲੰਮਾਂ ਪਿੰਡ ਚੌਕ ਵਾਲੀ ਸੜਕ 'ਤੇ ਫਾਲਟ ਪੈਣ ਕਾਰਨ ਕਾਫੀ ਦੇਰ ਤੱਕ ਬਿਜਲੀ ਬੰਦ ਰਹੀ। ਆਮ ਤੌਰ 'ਤੇ ਵੇਖਿਆ ਗਿਆ ਹੈ ਕਿ ਫਾਲਟ ਪੈਣ ਤੋਂ ਬਾਅਦ ਕਰਮਚਾਰੀ ਦੇਰੀ ਨਾਲ ਮੌਕੇ 'ਤੇ ਪਹੁੰਚ ਰਹੇ ਹਨ। ਲੋਕਾਂ ਦਾ ਕਹਿਣਾ ਹੈ ਕਿ ਕਈ ਵਾਰ ਤਾਂ ਘੰਟਿਆਂਬੱਧੀ ਕੋਈ ਮੁਲਾਜਮ ਨਹੀਂ ਮਿਲਦਾ। ਅਧਿਕਾਰੀਆਂ ਦਾ ਕਹਿਣਾ ਹੈ ਕਿ ਸਟਾਫ ਦੀ ਘਾਟ ਹੈ, ਜਿਸ ਕਾਰਨ ਦੇਰੀ ਹੋ ਰਹੀ ਹੈ ਪਰ ਖਪਤਕਾਰਾਂ ਨੂੰ ਇਸ ਗੱਲ ਨਾਲ ਕੋਈ ਮਤਲਬ ਨਹੀਂ ਹੈ। ਉਹ ਨਿਰਵਿਘਨ ਸਪਲਾਈ ਚਾਹੁੰਦੇ ਹਨ। ਲੋਕਾਂ ਦਾ ਕਹਿਣਾ ਹੈ ਕਿ ਫਾਲਟ ਨੂੰ ਠੀਕ ਕਰਨ ਲਈ ਮੁਲਾਜਮ ਤੁਰੰਤ ਪ੍ਰਭਾਵ ਨਾਲ ਮੌਕੇ 'ਤੇ ਪੁੱਜਣ। ਚੋਣਾਂ ਸਿਰ 'ਤੇ ਹਨ ਅਤੇ ਅਜਿਹੇ 'ਚ ਬਿਜਲੀ ਦੀ ਖਰਾਬੀ ਸਮੇਂ 'ਤੇ ਠੀਕ ਨਾ ਹੋਣ ਨਾਲ ਸੱਤਾਧਾਰੀ ਆਗੂਆਂ ਦੀਆਂ ਗੱਲਾਂ ਸੁਣਨੀਆਂ ਪੈਂਦੀਆਂ ਹਨ। ਨਾਂ ਨਾ ਛਾਪਣ 'ਤੇ ਅਧਿਕਾਰੀ ਕਹਿੰਦੇ ਹਨ ਕਿ ਵੋਟਾਂ ਦੇ ਚੱਕਰ 'ਚ ਜਲੰਧਰ 'ਚ ਤਾਇਨਾਤ ਦੂਜੇ ਸਹਿਰਾਂ ਦੇ ਫੀਲਡ ਸਟਾਫ ਦੇ ਉਨ੍ਹਾਂ ਦੇ ਘਰਾਂ ਦੇ ਨੇੜੇ ਹੀ ਤਬਾਦਲੇ ਕਰ ਦਿੱਤੇ ਗਏ ਹਨ, ਜਿਸ ਕਾਰਨ ਜਲੰਧਰ 'ਚ ਫੀਲਡ ਸਟਾਫ ਬਹੁਤ ਘੱਟ ਹੈ। ਇਸ ਸਬੰਧੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਟਾਫ ਦੀ ਘਾਟ ਕਾਰਨ ਉਹ ਖੁਦ ਬੇਵੱਸ ਮਹਿਸੂਸ ਕਰ ਰਹੇ ਹਨ। ਇਸ ਦੇ ਨਾਲ ਹੀ ਆਉਣ ਵਾਲੇ ਦਿਨਾਂ 'ਚ ਇਹ ਸਮੱਸਿਆ ਹੋਰ ਵਧ ਸਕਦੀ ਹੈ, ਜੇਕਰ ਬਾਰਿਸ਼ ਜਾਰੀ ਰਹੀ ਤਾਂ ਫਾਲਟਾਂ ਦੀ ਗਿਣਤੀ ਹੋਰ ਵਧ ਜਾਵੇਗੀ, ਜਿਸ ਕਾਰਨ ਅਧਿਕਾਰੀਆਂ ਨੂੰ ਲੋਕਾਂ ਦੇ ਫਾਲਟ ਦੂਰ ਕਰਨ ਲਈ ਸਖਤ ਮਿਹਨਤ ਕਰਨੀ ਪਵੇਗੀ। ਉੱਥੇ ਹੀ ਵੱਖ-ਵੱਖ ਇਲਾਕਿਆਂ ਦੇ ਲੋਕਾਂ ਦਾ ਕਹਿਣਾ ਹੈ ਕਿ ਸਿ਼ਕਾਇਤਾਂ ਦਾ ਨਿਪਟਾਰਾ ਕਰਨ ਲਈ ਮੁਲਾਜਮ ਘੰਟਿਆਂਬੱਧੀ ਮੌਕੇ 'ਤੇ ਨਹੀਂ ਪਹੁੰਚਦੇ, ਜਿਸ ਕਾਰਨ ਸਮੇਂ ਸਿਰ ਸਮੱਸਿਆ ਦਾ ਹੱਲ ਨਹੀਂ ਹੁੰਦਾ। ਕਈ ਥਾਵਾਂ 'ਤੇ ਲਾਈਨ 'ਚ ਫਾਲਟ ਦੇਖਣ 'ਤੇ ਪਤਾ ਲੱਗਾ ਕਿ ਤਾਰਾਂ 'ਚ ਨੁਕਸ ਹੈ। ਇਸ ਤੋਂ ਬਾਅਦ ਮੁਲਾਜਮ ਤਾਰਾਂ ਲੈਣ ਚਲੇ ਗਏ ਤੇ ਕਾਫੀ ਦੇਰ ਬਾਅਦ ਵਾਪਸ ਪਰਤੇ।

## 7 ਸਾਲਾ ਬੱਚੀ ਨਾਲ ਮੰਦਰ 'ਚ ਜਬਰ ਜਿਨਾਹ, ਸੁਪਰੀਮ ਕੋਰਟ ਨੇ ਦੋਸ਼ੀ ਨੂੰ ਸੁਣਾਈ ਇਹ ਸਜਾ

ਨਵੀਂ ਦਿੱਲੀ 31 ਮਈ। ਸੁਪਰੀਮ ਕੋਰਟ ਨੇ ਮੱਧ ਪ੍ਰਦੇਸ਼ ਦੇ ਇਕ ਮੰਦਰ 'ਚ 7 ਸਾਲਾ ਬੱਚੀ ਨਾਲ ਜਬਰ ਜਿ਼ਨਾਹ ਕਰਨ ਦੇ ਦੋਸ਼ੀ ਦੀ ਦੋਸ਼ਸਿੱਧੀ ਬਰਕਰਾਰ ਰੱਖਦੇ ਹੋਏ ਉਸ ਨੂੰ 30 ਸਾਲ ਕੈਦ ਦੀ ਸਜਾ ਸੁਣਾਈ ਅਤੇ ਉਸ ਦੇ ਜੁਰਮ ਨੂੰ 'ਬੇਰਹਿਮ' ਕਰਾਰ ਦਿੱਤਾ। ਮੰਦਰ 'ਚ ਜਬਰ ਜਿ਼ਨਾਹ ਦੀ ਇਹ ਘਟਨਾ 2018 'ਚ ਹੋਈ ਸੀ। ਪੀੜਤ ਬੱਚੀ ਦੀ ਰਿਸ਼ਤੇਦਾਰ ਨੇ ਨਾਬਾਲਗ ਨੂੰ ਅਗਵਾ ਕਰ ਕੇ ਉਸ ਨਾਲ ਜਬਰ ਜਿ਼ਨਾਹ ਕਰਨ ਦੇ ਮਾਮਲੇ 'ਚ ਦੋਸ਼ੀ ਖਿ਼ਲਾਫ ਐੱਫ.ਆਈ.ਆਰ. ਦਰਜ ਕਰਵਾਈ ਸੀ। ਇਹ ਅਪਰਾਧ ਕੀਤੇ ਜਾਣ ਦੇ ਸਮੇਂ ਦੋਸ਼ੀ ਦੀ ਉਮਰ 40 ਸਾਲ ਸੀ। ਦੋਸ਼ੀ ਬੱਚੀ ਨੂੰ ਇਕ ਮੰਦਰ 'ਚ ਲੈ ਗਿਆ ਸੀ, ਜਿੱਥੇ ਉਸ ਨੇ ਇਸ ਅਪਰਾਧ ਨੂੰ ਅੰਜਾਮ ਦਿੱਤਾ। ਆਰੋਪੀ ਦੇ ਦੋਸ਼ੀ ਪਾਏ ਜਾਣ ਤੋਂ ਬਾਅਦ ਹੇਠਲੀ ਅਦਾਲਤ ਨੇ ਉਸ ਨੂੰ ਭਾਰਤੀ ਦੰਡਾਵਲੀ ਦੀ ਧਾਰਾ 376ਬੀ (12 ਸਾਲ ਤੋਂ ਘੱਟ ਉਮਰ ਦੀ ਬੱਚੀ ਨਾਲ ਜਬਰ ਜਿ਼ਨਾਹ) ਦੇ ਅਧੀਨ ਮੌਤ ਦੀ ਸਜਾ ਸੁਣਾਈ ਸੀ ਪਰ ਮੱਧ ਪ੍ਰਦੇਸ਼ ਹਾਈ ਕੋਰਟ ਨੇ ਦੋਸ਼ੀ ਦੀ ਸਜਾ ਨੂੰ ਉਮਰ ਕੈਦ 'ਚ ਬਦਲ ਦਿੱਤਾ ਸੀ। ਸੁਪਰੀਮ ਕੋਟਰ ਦੇ ਜੱਜ ਸੀ.ਟੀ. ਰਵੀਕੁਮਾਰ ਅਤੇ ਜੱਜ ਰਾਜੇਸ਼ ਬਿੰਦਲ ਦੀ ਬੈਂਚ ਨੇ ਪਟੀਸ਼ਨਕਰਤਾ ਦੀ ਮੌਜੂਦਾ ਉਮਰ ਅਤੇ ਪਹਿਲੇ ਤੋਂ ਹੀ ਜੇਲ੍ਹ 'ਚ ਰਹਿਣ ਦੀ ਗੱਲ ਨੂੰ ਨੋਟਿਸ 'ਚ ਲਿਆ। ਅਦਾਲਤ ਨੇ ਉਸ ਦੀ ਸਜਾ 'ਚ ਤਬਦੀਲੀ ਕਰਦੇ ਹੋਏ ਦੋਸ਼ੀ 'ਤੇ ਇਕ ਲੱਖ ਰੁਪਏ ਦਾ ਜੁਰਮਾਨਾ ਵੀ ਲਗਾਇਆ। ਬੈਂਚ ਨੇ ਕਿਹਾ ਕਿ ਕਿਸੇ ਵੀ ਮੰਦਰ 'ਚ ਜਾਣ ਨਾਲ ਪੀੜਤਾ ਨੂੰ ਇਸ ਮੰਦਭਾਗੀ, ਬੇਰਹਿਮ ਘਟਨਾ ਦੀ ਬੁਰੀ ਯਾਦ ਪਰੇਸ਼ਾਨ ਕਰ ਸਕਦੀ ਹੈ ਅਤੇ ਉਸ ਦੇ ਵਿਆਹੁਤਾ ਜੀਵਨ 'ਤੇ ਪ੍ਰਤੀਕੂਲ ਪ੍ਰਭਾਵ ਪਾ ਸਕਦੀ ਹੈ।

## ਨਾਬਾਲਿਗ ਕੁੜੀ ਦੇ ਵਿਆਹ ਮਾਮਲੇ 'ਚ 5 ਮੈਂਬਰ ਨਾਮਜਦ, ਪੁਲਸ ਕਾਰਵਾਈ 'ਤੇ ਉੱਠੇ ਕਈ ਸਵਾਲ

ਤਰਨਤਾਰਨ 31 ਮਈ। ਨਾਬਾਲਿਗ ਕੁੜੀ ਦਾ ਵਿਆਹ ਕਰਨ ਦੇ ਮਾਮਲੇ 'ਚ ਥਾਣਾ ਵੈਰੋਂਵਾਲ ਦੀ ਪੁਲਸ ਨੇ ਪੀੜਤ ਕੁੜੀ ਦੇ ਬਿਆਨਾਂ 'ਤੇ ਉਸ ਦੇ ਮਾਤਾ-ਪਿਤਾ, ਪਤੀ, ਸੱਸ, ਸਹੁਰਾ ਖਿ਼ਲਾਫ ਚਾਈਲਡ ਮੈਰਿਜ ਐਕਟ ਦੀ ਧਾਰਾ ਹੇਠ ਮਾਮਲਾ ਦਰਜ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਇਸ ਮਾਮਲੇ 'ਚ ਪੀੜਤ ਕੁੜੀ ਨੇ ਕੋਈ ਵੀ ਦਰਖਾਸਤ ਦੇਣ ਤੋਂ ਜਿੱਥੇ ਇਨਕਾਰ ਕੀਤਾ ਹੈ, ਉਥੇ ਹੀ ਇਸ ਮਾਮਲੇ ਦੀ ਜਾਂਚ ਕਰ ਰਹੀ ਮਹਿਲਾ ਸਬ-ਇੰਸਪੈਕਟਰ ਵੱਲੋਂ ਕੋਈ ਵੀ ਜਾਣਕਾਰੀ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ ਗਿਆ। ਜਾਣਕਾਰੀ ਅਨੁਸਾਰ ਜਿ਼ਲ੍ਹੇ ਦੀ ਨਿਵਾਸੀ ਇਕ ਨਾਬਾਲਿਗ ਕੁੜੀ, ਜਿਸ ਦੀ ਉਮਰ ਕਰੀਬ 17 ਸਾਲ




ਦੱਸੀ ਜਾ ਰਹੀ ਹੈ, ਦਾ ਵਿਆਹ 5 ਨਵੰਬਰ 2023 ਨੂੰ ਉਸਦੇ ਮਾਪਿਆਂ ਵੱਲੋਂ ਜ਼ਿਲ੍ਹਾ ਅੰਮ੍ਰਿਤਸਰ ਨਾਲ ਸਬੰਧਿਤ ਇਕ ਮੁੰਡੇ ਨਾਲ ਕਰ ਦਿੱਤਾ ਗਿਆ ਸੀ, ਜਿਸ ਕਾਰਨ ਹੁਣ ਉਕਤ ਨਾਬਾਲਿਗ ਕੁੜੀ ਤਿੰਨ ਮਹੀਨਿਆਂ ਦੀ ਗਰਭਵਤੀ ਵੀ ਹੋ ਚੁੱਕੀ ਹੈ। ਇਸ ਮਾਮਲੇ 'ਚ ਥਾਣਾ ਵੈਰੋਂਵਾਲ ਦੀ ਪੁਲਸ ਨੇ ਨਾਬਾਲਿਗ ਕੁੜੀ ਦੇ ਬਿਆਨਾਂ ਹੇਠ ਉਸਦੀ ਮਾਂ, ਪਿਓ, ਪਤੀ, ਸੱਸ ਅਤੇ ਸਹੁਰੇ ਨੂੰ ਨਾਮਜਦ ਕਰਦੇ ਹੋਏ ਮਾਮਲਾ ਦਰਜ ਕਰ ਲਿਆ ਹੈ। ਜਦੋਂ ਇਸ ਸਬੰਧੀ ਪੀੜਤ ਕੁੜੀ ਨਾਲ ਗੱਲਬਾਤ ਕੀਤੀ ਗਈ ਤਾਂ ਉਸਨੇ ਦੱਸਿਆ ਕਿ ਉਸ ਵੱਲੋਂ ਪੁਲਸ ਨੂੰ ਕੋਈ ਵੀ ਸ਼ਿਕਾਇਤ ਦਰਜ ਨਹੀਂ ਕਰਵਾਈ ਗਈ ਹੈ। ਉਸ ਨੇ ਦੱਸਿਆ ਕਿ ਉਹ ਆਪਣੇ ਸਹੁਰੇ ਪਰਿਵਾਰ ਵਿਚ ਖੁਸ਼ੀ ਨਾਲ ਰਹਿ ਰਹੀ ਹੈ।

## ਪੰਜਾਬ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ

ਜਲੰਧਰ 31 ਮਈ। ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਅੱਜ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ ਪੁਰਬ 24 ਫਰਵਰੀ ਨੂੰ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ। ਸਮਾਗਮ ਦੀਆਂ ਤਿਆਰੀਆਂ ਸਬੰਧੀ ਜਿ਼ਲ੍ਹਾ ਪ੍ਰਸਾਸਨ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਸਮਾਗਮ ਨੂੰ ਪੂਰੀ ਸਰਧਾ ਅਤੇ ਧੂਮਧਾਮ ਨਾਲ ਮਨਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਕੈਬਨਿਟ ਮੰਤਰੀ ਜਿਨ੍ਹਾਂ ਨਾਲ ਡਿਪਟੀ ਕਮਿਸਨਰ ਵਿਸੇਸ ਸਾਰੰਗਲ, ਕਮਿਸਨਰ ਨਗਰ ਨਿਗਮ ਗੌਤਮ ਜੈਨ, ਵਧੀਕ ਡਿਪਟੀ



ਕਮਿਸਨਰ ਜਸਬੀਰ ਸਿੰਘ, ਵਧੀਕ ਕਮਿਸਨਰ ਨਗਰ ਨਿਗਮ ਅਮਰਜੀਤ ਬੈਂਸ ਮੰਤਰੀ ਵੀ ਮੌਜੂਦ ਸਨ, ਨੇ ਕਿਹਾ ਕਿ ਸਹਿਰ ਦੀ ਸਫਾਈ ਵੱਲ ਵਿਸੇਸ ਧਿਆਨ ਦਿੱਤਾ ਜਾਵੇ ਤਾਂ ਜੋ ਸਰਧਾਲੂਆਂ ਨੂੰ ਸਮਾਗਮ ਦੌਰਾਨ ਕਿਸੇ ਵੀ ਤਰ੍ਹਾਂ ਦੀ ਕੋਈ ਦਿੱਕਤ ਪੇਸ਼ ਨਾ ਆਵੇ। ਮੰਤਰੀ ਨੇ ਇਹ ਵੀ ਕਿਹਾ ਕਿ ਅਧਿਕਾਰੀਆਂ ਵੱਲੋਂ ਸਮੁੱਚੇ ਲੋੜੀਂਦੇ ਪ੍ਰਬੰਧ ਤਰਜੀਹ ਦੇ ਆਧਾਰ 'ਤੇ ਯਕੀਨੀ ਬਣਾਏ ਜਾਣ। ਉਨ੍ਹਾਂ ਹਰੇਕ ਸਬੰਧਤ ਅਧਿਕਾਰੀ ਨੂੰ ਕਿਹਾ ਕਿ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਉਨ੍ਹਾਂ ਦੇ ਸਟਾਫ ਵੱਲੋਂ ਪੂਰੀ ਤਨਦੇਹੀ ਨਾਲ ਡਿਊਟੀ ਨਿਭਾਈ ਜਾਵੇ ਤਾਂ ਜੋ ਸਮਾਗਮ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ। ਕੈਬਨਿਟ ਮੰਤਰੀ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ, ਫਲਸਫੇ, ਸਿੱਖਿਆਵਾਂ ਅਤੇ ਉਪਦੇਸ਼ਾਂ ਨੂੰ ਜਨ-ਜਨ ਤੱਕ ਪਹੁੰਚਾਉਣ ਲਈ ਇਸ ਮਹੱਤਵਪੂਰਣ ਦਿਵਸ ਨੂੰ ਪੂਰੀ ਸ਼ਰਧਾ ਨਾਲ ਮਨਾਇਆ ਜਾਵੇਗਾ।

## ਬਰਖਾਸਤ ਪੁਲਸ ਅਫਸਰ ਰਾਜਜੀਤ ਸਿੰਘ 'ਤੇ ਵੱਡੀ ਕਾਰਵਾਈ, ਮੁੜ ਜਾਰੀ ਹੋਇਆ ਲੁੱਕ ਆਊਟ ਨੋਟਿਸ

ਚੰਡੀਗੜ੍ਹ 8 ਫਰਵਰੀ। ਡਰੱਗਜ ਕੇਸ 'ਚ ਬਰਖਾਸਤ ਪੁਲਸ ਅਫਸਰ ਰਾਜਜੀਤ ਸਿੰਘ ਦੇ ਵਿਦੇਸ਼ ਭੱਜਣ ਦਾ ਖਦਸ਼ਾ ਹੈ। ਜਿਸ ਦੇ ਚੱਲਦੇ ਇਕ ਵਾਰ ਫਿਰ ਉਸ ਦੇ ਖਿ਼ਲਾਫ ਲੁੱਕ ਆਊਟ ਨੋਟਿਸ ਜਾਰੀ ਕੀਤਾ ਗਿਆ ਹੈ। ਰਾਜਜੀਤ ਸਿੰਘ ਅਕਤੂਬਰ 2023 ਤੋਂ ਫਰਾਰ ਹੈ। ਰਾਜਜੀਤ ਦੇ ਵਿਦੇਸ਼ ਭੱਜਣ ਦੀ ਇਨਪੁਟ ਪੰਜਾਬ ਇੰਟੈਲੀਜੈਂਸ ਨੇ ਦਿੱਤੀ ਹੈ। ਹੁਣ ਪੰਜਾਬ ਪੁਲਸ ਨੇ ਇਸ ਲਈ ਐੱਨ. ਆਈ. ਏ. ਦਾ ਸਹਿਯੋਗ ਮੰਗਿਆ ਹੈ। ਉਥੇ ਹੀ ਇੰਟੈਲੀਜੈਂਸ ਨੇ ਇਨਪੁਟ ਨੂੰ ਪੁਖਤਾ ਕਰਨ ਲਈ ਪੰਜਾਬ ਪੁਲਸ ਨੇ ਰਾਜਜੀਤ ਦੇ ਖਿ਼ਲਾਫ ਫਿਰ ਤੋਂ ਦੇਸ਼ ਭਰ ਵਿਚ ਇੰਟਰਨੈਸ਼ਨਲ ਏਅਰਪੋਰਟ 'ਚ ਲੁੱਕਆਊਟ ਨੋਟਿਸ ਜਾਰੀ ਕੀਤਾ ਹੈ। ਏਅਰਪੋਰਟਾਂ 'ਤੇ ਰਾਜਜੀਤ ਦੇ ਜਾਂਚ ਕੀਤੀ ਜਾਵੇਗੀ ਕਿ ਉਹ ਕਿਸ ਦੇਸ਼ ਵਿਚ ਗਿਆ ਹੈ। ਡਰੱਗ ਤੇ ਆਮਦਨ ਤੋਂ ਵੱਧ ਜਾਇਦਾਦ ਦੀ ਜਾਂਚ ਕਰ ਰਹੇ ਅਧਿਕਾਰੀਆਂ ਨੇ ਵੀ ਰਾਜਜੀਤ ਦੇ ਵਿਦੇਸ਼ ਭੱਜਣ ਦੇ ਸੰਕੇਤ ਦਿੱਤੇ ਹਨ। ਸਭ ਤੋਂ ਪਹਿਲਾਂ ਪੰਜਾਬ ਪੁਲਸ ਦੀ ਟੀਮ ਨੇਪਾਲ, ਮਹਾਰਾਸ਼ਟਰ ਸਮੇਤ ਹੋਰ ਏਅਰਪੋਰਟਾਂ ਤੋਂ ਜਾਣਕਾਰੀ ਲੈ ਰਹੀ ਹੈ। ਉਸ ਦੇ ਨੇਪਾਲ ਤੋਂ ਹੁੰਦੇ ਹੋਏ ਵਿਦੇਸ਼ ਭੱਜਣ ਦੇ ਇਨਪੁਟ ਮਿਲੇ ਹਨ। ਰਾਜਜੀਤ ਦੇ ਵਿਦੇਸ਼ਾਂ ਵਿਚ ਰਹਿ ਰਹੇ ਕਰੀਬੀ ਵੀ ਰਡਾਰ 'ਤੇ ਹਨ। ਜਾਂਚ ਏਜੰਸੀਆਂ ਨੇ ਇਨ੍ਹਾਂ ਦੀ ਡਿਟੇਲ ਇਕੱਠੀ ਕਰਨੀ ਸ਼ੁਰੂ ਕਰ ਦਿੱਤੀ ਹੈ। ਡਰੱਗ ਤਸਕਰੀ ਦੇ ਇਸ ਮਾਮਲੇ ਵਿਚ ਮੁਲਜਮ ਰਾਜਜੀਤ 20 ਅਕਤੂਬਰ 2023 ਤੋਂ ਫਰਾਰ ਚੱਲ ਰਿਹਾ ਹੈ। ਸਪੈਸ਼ਲ ਟਾਸਕ ਫੋਰਸ (ਐੱਸ. ਟੀ. ਐੱਫ.) ਨੇ ਰਾਜਜੀਤ ਦੀ ਪ੍ਰਾਪਰਟੀ ਅਟੈਚ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਐੱਸ. ਟੀ.



ਐੱਫ. ਨੇ ਵਿੱਤ ਮੰਤਰਾਲੇ ਨੂੰ ਪੱਤਰ ਭੇਜਿਆ ਹੈ। ਇਸ ਵਿਚ ਮੁਲਜਮ ਦੀ ਪ੍ਰਾਪਰਟੀ ਅਟੈਚ ਕਰਨ ਦਾ ਨੋਟਿਸ ਜਾਰੀ ਕਰਨ ਦੀ ਮੰਗ ਕੀਤੀ ਗਈ ਹੈ। ਇਸ 'ਤੇ ਕੇਂਦਰ ਸਰਕਾਰ ਦੀ ਸੰਬੰਧਤ ਏਜੰਸੀ ਦੀ ਕਮੇਟੀ ਨੂੰ ਰਾਜਜੀਤ, ਉਸ ਦੀ ਪਤਨੀ, ਬੇਟੀ ਨੂੰ 9 ਫਰਵਰੀ ਤਕ ਦਿੱਲੀ ਵਿਚ ਅਥਾਰਿਟੀ ਦੇ ਸਾਹਮਣੇ ਜਵਾਬ ਦਾਖਲ ਕਰਨ ਦਾ ਹੁਕਮ ਦਿੱਤਾ ਗਿਆ ਹੈ। ਜੇ ਜਵਾਬ ਨਹੀਂ ਦਿੱਤਾ ਜਾਂਦਾ ਤਾਂ ਰਾਜਜੀਤ ਦੀ ਪ੍ਰਾਪਟੀ ਅਟੈਚ ਕੀਤੀ ਜਾਵੇਗੀ। ਇਸ ਲਈ ਰਾਜਜੀਤ ਦੀ ਪੰਜਾਬ ਵਿਚ ਨੌਂ ਪ੍ਰਾਪਰਟੀਆਂ ਦੀ ਪਛਾਣ ਕੀਤੀ ਗਈ ਹੈ। ਸੂਤਰਾਂ ਮੁਤਾਬਕ ਰਾਜਜੀਤ ਦੇ ਬੈਂਕ ਖਾਤਿਆਂ ਵਿਚ ਪਿਛਲੇ 10 ਸਾਲਾਂ ਦੌਰਾਨ 13 ਕਰੋੜ ਰੁਪਏ ਦਾ ਲੈਣ-ਦੇਣ ਹੋਇਆ ਹੈ। ਜਿ਼ਆਦਾ ਲੈਣ ਦੇਣ ਰਾਜਜੀਤ ਦੇ ਖਾਤਿਆਂ ਵਿਚ ਹੋਇਆ ਹੈ। ਉਥੇ ਹੀ ਅਣਜਾਣ ਖਾਤਿਆਂ ਰਾਹੀਂ ਵੀ ਲੈਣ ਦੇਣ ਕੀਤਾ ਗਿਆ ਹੈ। ਐੱਸ. ਟੀ. ਐੱਫ. ਪੂਰੇ ਮਾਮਲੇ ਦੀ ਜਾਂਚ ਵਿਚ ਜੁਟੀ ਹੋਈ ਹੈ। ਵਿਜੀਲੈਂਸ ਬਿਊਰੋ ਨੇ ਇਕ ਐੱਸ. ਪੀ. ਪੱਧਰ ਦੇ ਅਧਿਕਾਰੀ ਦੀ ਅਗਵਾਈ ਵਿਚ ਟੀਮ ਦਾ ਗਠਨ ਕੀਤਾ ਹੈ।

## ਸਾਰਟ ਸਰਕਿਟ ਕਾਰਨ ਇਲੈਕਟਰੀਕਲ ਦੀ ਦੁਕਾਨ 'ਚ ਲੱਗੀ ਅੱਗ

ਸ਼ਾਹਕੋਟ 31 ਮਈ। ਸਥਾਨਕ ਦੁਸਹਿਰਾ ਗਰਾਊਂਡ ਦੇ ਨਜ਼ਦੀਕ ਬੀਤੀ ਦੇਰ ਰਾਤ ਇਕ ਬਿਜਲੀ ਦੀ ਦੁਕਾਨ 'ਚ ਅੱਗ ਲੱਗ ਜਾਣ ਕਾਰਨ ਲੱਖਾਂ ਦਾ ਸਾਮਾਨ ਸੜ ਕੇ ਸੁਆਹ ਹੋ ਗਿਆ। ਜਾਣਕਾਰੀ ਦਿੰਦੇ ਦੁਕਾਨ ਦੇ ਮਾਲਕ ਹਜਾਰਾ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਦੁਸਹਿਰਾ ਗਰਾਊਂਡ ਸ਼ਾਹਕੋਟ ਦੇ ਨਜਦੀਕ ਵਿਸ਼ਵਕਰਮਾ ਇਲੈਕਟਰੀਕਲ ਨਾਂ ਦੀ ਦੁਕਾਨ ਹੈ। ਰਾਤ ਕਰੀਬ 11:30 ਵਜੇ ਨਾਲ ਦੇ ਦੁਕਾਨਦਾਰ ਨੇ ਦੁਕਾਨ 'ਚ ਅੱਗ ਲੱਗਣ ਬਾਰੇ ਸੂਚਿਤ ਕੀਤਾ ਅਤੇ ਉਹ ਜਲਦ ਹੀ ਦੁਕਾਨ 'ਤੇ ਪਹੁੰਚ ਗਏ। ਉਨ੍ਹਾਂ ਦੱਸਿਆ ਕਿ ਲੋਕਾਂ ਨੇ ਅੱਗ ਨੂੰ ਬੁਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਅੱਗ ਹੋਰ ਤੇਜ ਹੋ ਗਈ। ਉਨ੍ਹਾਂ ਦੱਸਿਆ ਕਿ ਅੱਗ ਲੱਗਣ ਦੀ ਸੂਚਨਾ ਫਾਇਰ ਬ੍ਰਿਗੇਡ ਸਾਹਕੋਟ ਨੂੰ ਦਿੱਤੀ ਗਈ ਅਤੇ ਮੌਕੇ 'ਤੇ ਪਹੁੰਚੇ ਫਾਇਰ ਬ੍ਰਿਗੇਡ ਮੁਲਾਜਮਾਂ ਨੇ ਕਾਫੀ ਮੁਸੱਕਤ ਕਰਨ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ। ਦੁਕਾਨ ਦੇ ਮਾਲਕ ਹਜਾਰਾ ਸਿੰਘ ਨੇ ਦੱਸਿਆ ਕਿ ਦੁਕਾਨ 'ਚ ਲੱਗੇ ਇਨਵਰਟਰ ਤੋਂ ਬਿਜਲੀ ਦਾ ਸ਼ਾਰਟ ਸਰਕਿਟ ਹੋਣ ਕਾਰਨ ਅੱਗ ਲੱਗੀ ਹੈ

## ਬਾਜਾਰ 'ਚ ਔਰਤ ਨੂੰ ਤੇਜਧਾਰ ਹਥਿਆਰ ਨਾਲ ਜਖਮੀ ਕਰਨ ਵਾਲਾ ਗ੍ਰਿਫਤਾਰ

ਫਤਿਹਗੜ੍ਹ ਚੂੜੀਆਂ 31 ਮਈ। ਬੀਤੇ ਦਿਨੀਂ ਸ਼ਾਮ ਨੂੰ ਫ਼ਤਿਹਗੜ੍ਹ ਚੂੜੀਆਂ ਦੇ ਪੁਰਾਣੇ ਬੱਸ ਅੱਡੇ ਨੇੜੇ ਇਕ ਵਿਅਕਤੀ ਸ਼ਰੇਆਮ ਤੇਜ਼ਧਾਰ ਹਥਿਆਰ ਨਾਲ ਇਕ ਔਰਤ ਨੂੰ ਗੰਭੀਰ ਰੂਪ ਵਿਚ ਜ਼ਖ਼ਮੀ ਕਰ ਕੇ ਫਰਾਰ ਹੋ ਗਿਆ ਸੀ, ਜਿਸ 'ਤੇ ਪੁਲਸ ਨੇ ਕਾਰਵਾਈ ਕਰਦਿਆਂ ਉਕਤ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਸਬੰਧੀ ਸਬ-ਇੰਸਪੈਕਟਰ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਮੁਲਜਮ ਵਿਅਕਤੀ ਸਿਹਤ ਠੀਕ ਨਾ ਹੋਣ ਕਾਰਨ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਵਿਖੇ ਇਲਾਜ ਲਈ ਦਾਖਲ ਹੋਇਆ ਸੀ, ਜਿਸ ਦੀ ਡਾ. ਪਰਮਿੰਦਰ ਸਿੰਘ ਵੱਲੋਂ ਟੈਲੀਫੋਨ ਉਪਰ ਪੁਲਸ ਨੂੰ ਸੂਚਨਾ ਦਿੱਤੀ ਗਈ, ਪੁਲਸ ਨੇ ਉਕਤ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ, ਜਿਸ ਦੀ ਪਛਾਣ ਪ੍ਰਗਟ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਫ਼ਤਿਹਗੜ੍ਹ ਚੂੜੀਆਂ ਵਜੋਂ ਹੋਈ ਹੈ।

# ਆਸਾਮ ਅਤੇ ਉੱਤਰਾਖੰਡ ਸਰਕਾਰਾਂ ਨੇ ਮਰਦਾਂ ਦੇ ਵੱਧ ਵਿਆਹਾਂ 'ਤੇ ਰੋਕ ਦਾ ਚੁੱਕਿਆ ਕਦਮ

ਆਸਾਮ ਦੇ ਮੁੱਖ ਮੰਤਰੀ ਹੇਮੰਤ ਬਿਸਵਾ ਸਰਮਾ ਦੇ ਅਨੁਸਾਰ ਉਨ੍ਹਾਂ ਦੀ ਸਰਕਾਰ ਨੇ ਸੂਬੇ ਵਿਚ ਮਰਦਾਂ ਵੱਲੋਂ ਵੱਧ ਵਿਆਹ ਕਰਨ ਦਾ ਰਿਵਾਜ ਖਤਮ ਕਰਨ ਦਾ ਕਾਨੂੰਨ ਬਣਾਉਣ ਦੇ ਲਈ ਵਿਧਾਨ ਸਭਾ ਦੇ ਅਗਲੇ ਬਜਟ ਸੈਸ਼ਨ ਵਿਚ ਬਿੱਲ ਲਿਆਉਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ 'ਇਕਸਾਰ ਨਾਗਰਿਕ ਜਾਬਤਾ' (ਯੂ. ਸੀ. ਸੀ.) 'ਤੇ ਕਾਨੂੰਨ ਬਣਾਉਣ ਨੂੰ ਲੈ ਕੇ ਆਸਵੰਦ ਹੈ, ਜਿਸ 'ਤੇ 5 ਫਰਵਰੀ ਤੋਂ ਸ਼ੁਰੂ ਹੋਣ ਵਾਲੇ ਵਿਧਾਨ ਸਭਾ ਦੇ 4 ਦਿਨਾ ਵਿਸ਼ੇਸ਼ ਸੈਸ਼ਨ ਦੇ ਦੌਰਾਨ ਵਿਚਾਰ ਕੀਤਾ ਜਾਵੇਗਾ। ਇਸੇ ਤਰ੍ਹਾਂ ਉੱਤਰਾਖੰਡ ਸਰਕਾਰ ਵੀ ਜਲਦੀ ਹੀ 'ਇਕਸਾਰ ਨਾਗਰਿਕ ਜਾਬਤਾ' (ਯੂ. ਸੀ. ਸੀ.) ਨੂੰ ਕਾਨੂੰਨੀ ਜਾਮਾ ਪਹਿਨਾਉਣ ਦੀ ਤਿਆਰੀ ਵਿਚ ਹੈ, ਜਿਸਦਾ ਖਰੜਾ 'ਜਸਟਿਸ ਰੰਜਨਾ ਦੇਸਾਈ ਕਮੇਟੀ' ਨੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੂੰ ਸੌਂਪ ਦਿੱਤਾ ਹੈ। ਸੂਬਾ ਸਰਕਾਰ ਵੱਲੋਂ ਇਸ ਬਾਰੇ ਨੋਟੀਫਿਕੇਸ਼ਨ 8 ਫਰਵਰੀ ਨੂੰ ਵਿਧਾਨ ਸਭਾ ਵਿਚ ਜਾਰੀ ਕੀਤਾ ਜਾ ਸਕਦਾ ਹੈ। ਇਸ ਦੇ ਅਧੀਨ ਔਰਤਾਂ ਨੂੰ ਕਈ ਅਧਿਕਾਰ ਮਿਲਣ ਦੇ ਨਾਲ-ਨਾਲ ਸੂਬੇ ਵਿਚ ਮਰਦਾਂ ਵੱਲੋਂ ਵੱਧ ਵਿਆਹ ਕਰਨ ਦੇ



ਰਿਵਾਜ 'ਤੇ ਰੋਕ ਲੱਗੇਗੀ, ਜਦਕਿ ਇਸ ਸਮੇਂ 'ਮੁਸਲਿਮ ਪਰਸਨਲ ਲਾਅ' ਦੇ ਅਧੀਨ ਮੁਸਲਮਾਨ ਮਰਦਾਂ ਨੂੰ 4 ਵਿਆਹਾਂ ਦੀ ਇਜਾਜਤ ਹੈ। ਪਰ ਹੁਣ ਸਿੱਖਿਆ ਦੇ ਪ੍ਰਸਾਰ ਦੇ ਕਾਰਨ ਲੋਕ ਵਿਆਹ ਵੱਡੀ ਉਮਰ ਵਿਚ ਕਰਨ ਦੇ ਇਲਾਵਾ ਬੱਚੇ ਵੀ ਕੁਝ ਦੇਰ ਨਾਲ ਹੀ ਪੈਦਾ ਕਰ ਰਹੇ ਹਨ ਅਤੇ ਵਧੇਰੇ ਜੋੜੇ 1 ਜਾਂ 2 ਬੱਚਿਆਂ ਨੂੰ ਹੀ ਤਰਜੀਹ ਦੇ ਰਹੇ ਹਨ। ਵਰਣਨਯੋਗ ਹੈ ਕਿ ਦੇਸ਼ ਵਿਚ ਪਿਛਲੀਆਂ ਸਰਕਾਰਾਂ ਨੇ 'ਹਮ ਦੋ ਹਮਾਰੇ ਦੋ' ਦਾ ਨਾਅਰਾ ਲਗਾਇਆ ਸੀ, ਜਿਸਦਾ ਕਿਸੇ ਹੱਦ ਤੱਕ ਚੰਗਾ ਹੀ ਨਤੀਜਾ ਨਿਕਲਿਆ। ਘੱਟ ਬੱਚੇ ਹੋਣ ਦੇ ਕਾਰਨ ਪਰਿਵਾਰ ਵਿਚ ਖੁਸ਼ਹਾਲੀ ਵੀ ਆਉਂਦੀ ਹੈ, ਇਸ ਲਈ ਹੁਣ ਪੜ੍ਹੇ-ਲਿਖੇ ਮੁਸਲਮਾਨ ਜੋੜੇ ਵੀ ਇਕ ਹੀ ਵਿਆਹ ਕਰਨ ਅਤੇ ਬੱਚੇ ਵੀ 1 ਜਾਂ 2 ਪੈਦਾ ਕਰਨ ਨੂੰ ਹੀ ਤਰਜੀਹ ਦੇਣ ਲੱਗੇ ਹਨ ਪਰ ਇਸ ਨੂੰ ਹੋਰ ਅੱਗੇ ਵਧਾਉਣ ਦੀ ਲੋੜ ਹੈ। ਕਿਉਂਕਿ ਆਬਾਦੀ ਵਾਧੇ ਦਾ ਇਕ ਵੱਡਾ ਕਾਰਨ ਅਨਪੜ੍ਹਤਾ ਹੈ, ਇਸ ਲਈ ਅਨਪੜ੍ਹ ਹੀ, ਭਾਵੇਂ ਉਹ ਕਿਸੇ ਵੀ ਧਰਮ ਦੇ ਹੋਣ, ਵੱਧ ਬੱਚੇ ਪੈਦਾ ਕਰਦੇ ਹਨ। ਘੱਟ ਬੱਚੇ ਹੋਣ ਨਾਲ ਨਾ ਸਿਰਫ ਮਰਦਾਂ, ਔਰਤਾਂ ਅਤੇ ਬੱਚਿਆਂ ਦੀ ਸਿਹਤ ਸੁਧਰੇਗੀ, ਸਗੋਂ ਰੋਜਗਾਰ ਦੇ ਵੱਧ ਮੌਕੇ ਮਿਲਣ ਨਾਲ ਬੱਚਿਆਂ ਦਾ ਭਵਿੱਖ ਵੀ ਉੱਜਵਲ ਹੋਵੇਗਾ। ਇਸ ਲਈ ਆਸਾਮ ਅਤੇ ਉੱਤਰਾਖੰਡ ਦੀਆਂ ਸਰਕਾਰਾਂ ਜਿੰਨੀ ਜਲਦੀ ਇਹ ਵਿਵਸਥਾ ਕਰ ਸਕਣ

## ਕਪੂਰਥਲਾ ਵੱਲੋਂ 'ਸਰਕਾਰ ਆਪ ਕੇ ਦੁਆਰ' ਤਹਿਤ ਲੱਗੇ ਲੋਕ ਸੇਵਾ ਕੈਂਪਾਂ ਦਾ ਨਿਰੀਖਣ

ਭੁਲੱਥ 31 ਮਈ। ਪੰਜਾਬ ਸਰਕਾਰ ਦੀਆਂ ਸੇਵਾਵਾਂ ਲੋਕਾਂ ਤੱਕ ਪਹੁੰਚਾਉਣ ਲਈ 8 ਫਰਵਰੀ ਤੋਂ ਸ਼ੁਰੂ ਕੀਤੇ ਗਏ 'ਸਰਕਾਰ ਆਪ ਕੇ ਦੁਆਰ' ਪ੍ਰੋਗਰਾਮ ਤਹਿਤ ਸਬ ਡਵੀਜਨ ਭੁਲੱਥ 'ਚ ਐੱਸ. ਡੀ. ਐੱਮ. ਭੁਲੱਥ ਸੰਜੀਵ ਕੁਮਾਰ ਸ਼ਰਮਾ ਦੀ ਅਗਵਾਈ ਹੇਠ ਪਿੰਡ ਤਲਵੰਡੀ, ਰਾਵਾਂ, ਧੱਕੜਾਂ ਤੇ ਕਮਾਲਪੁਰ ਵਿਖੇ ਵਿਸ਼ੇਸ਼ ਕੈਂਪ ਲਗਾਏ ਗਏ। ਡਿਪਟੀ ਕਮਿਸ਼ਨਰ ਕਪੂਰਥਲਾ ਅਮਿਤ ਕੁਮਾਰ ਪੰਚਾਲ ਵੱਲੋਂ ਅੱਜ ਭੁਲੱਥ ਵਿਖੇ ਪਹੁੰਚ ਕੇ ਇਨ੍ਹਾਂ ਕੈਂਪਾਂ ਦਾ ਨਿਰੀਖਣ ਕੀਤਾ ਅਤੇ ਲੋਕਾਂ ਦੀਆਂ ਮੁਸ਼ਕਲਾ ਵੀ ਸੁਣੀਆਂ। ਇਸ ਮੌਕੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਐਡਵੋਕੇਟ ਹਰਸਿਮਰਨ ਸਿੰਘ ਘੁੰਮਣ ਵੀ ਮੌਜੂਦ ਸਨ। ਕੈਂਪਾਂ ਦੌਰਾਨ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਮੁਲਾਜਮ ਮੌਜੂਦ ਸਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਪੂਰਥਲਾ ਦੇ ਡਿਪਟੀ ਕਮਿਸਨਰ ਅਮਿਤ ਕੁਮਾਰ ਪੰਚਾਲ ਨੇ ਕਿਹਾ ਕਿ ਲੋਕਾਂ ਵੱਲੋਂ ਕੈਂਪਾਂ ਨੂੰ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ ਕਿਉਂਕਿ ਕੈਂਪਾਂ ਦੌਰਾਨ ਵੱਖ-ਵੱਖ ਵਿਭਾਗਾਂ ਵਲੋਂ ਸੇਵਾਵਾਂ ਲੋਕਾਂ ਨੂੰ ਦਿੱਤੀਆ ਜਾ ਰਹੀਆਂ ਹਨ। ਉਨ੍ਹਾਂ ਨੇ ਮੌਕੇ 'ਤੇ ਸੇਵਾਵਾਂ ਲੈਣ ਆਏ ਲੋਕਾਂ ਨਾਲ ਗੱਲਬਾਤ ਵੀ ਕੀਤੀ।

# ਬੱਚਿਆਂ 'ਚ ਖੂਨ ਦੀ ਕਮੀ ਦਾ ਕਾਰਨ ਹੋ ਸਕਦੇ ਨੇ ਢਿੱਡ ਦੇ ਕੀੜੇ : ਡਾ. ਰਮਨ ਸ਼ਰਮਾ

ਜਲੰਧਰ 31 ਮਈ। ਬੱਚਿਆਂ 'ਚ ਖੂਨ ਦੀ ਕਮੀ ਦਾ ਕਾਰਨ ਢਿੱਡ ਦੇ ਕੀੜੇ ਵੀ ਹੁੰਦੇ ਹਨ ਅਤੇ ਇਸ ਨਾਲ ਜਿਥੇ ਬੱਚਾ ਸਰੀਰਕ ਤੌਰ 'ਤੇ ਕਮਜੋਰ ਹੁੰਦਾ ਹੈ, ਉਥੇ ਕਈ ਵਾਰ ਉਹ ਪੜ੍ਹਾਈ ਵਿਚ ਵੀ ਕਮਜੋਰ ਹੋ ਜਾਂਦਾ ਹੈ। ਇਹ ਗੱਲ ਡੀ. ਐੱਚ. ਐੱਸ. ਦਫਤਰ ਚੰਡੀਗੜ੍ਹ ਤੋਂ ਆਏ ਡਿਪਟੀ ਡਾਇਰੈਕਟਰ ਡਾ. ਰਮਨ ਸ਼ਰਮਾ ਨੇ ਸੋਮਵਾਰ ਨੂੰ ਸਥਾਨਕ ਰੈਣਕ ਬਾਜਾਰ ਸਥਿਤ ਸਰਕਾਰੀ ਹਾਈ ਸਕੂਲ ਵਿਚ ਨੈਸ਼ਨਲ ਡੀ-ਵਰਮਿੰਗ ਡੇਅ ਦੇ ਮੌਕੇ 'ਤੇ ਵਿਦਿਆਰਥੀਆਂ ਨੂੰ ਢਿੱਡ ਦੇ ਕੀੜੇ ਮਾਰਨ ਵਾਲੀ ਗੋਲੀ (ਅਲਬੈਂਡਾਜੋਲ) ਖੁਆਉਣ ਦੇ ਸਮੇਂ ਕਹੀ। ਡਾ. ਸ਼ਰਮਾ ਨੇ ਬੱਚਿਆਂ ਨੂੰ ਵਧੀਆ ਢੰਗ ਨਾਲ ਸਮਝਾਇਆ ਕਿ ਉਹ ਪਖਾਨੇ ਜਾਣ ਤੋਂ ਬਾਅਦ ਅਤੇ ਖਾਣਾ ਖਾਣ ਤੋਂ ਪਹਿਲਾਂ ਆਪਣੇ ਹੱਥਾਂ ਨੂੰ ਸਾਬਣ ਅਤੇ ਸਾਫ ਪਾਣੀ ਨਾਲ ਵਧੀਆ ਢੰਗ ਧੋਇਆ ਕਰਨ ਤਾਂ ਕਿ ਢਿੱਡ ਦੇ ਕੀੜਿਆਂ ਤੋਂ ਬਚਾਅ ਹੋ ਸਕੇ। ਇਸ ਮੌਕੇ ਉਨ੍ਹਾਂ ਨਾਲ ਆਏ ਜਿ਼ਲਾ ਟੀਕਾਕਰਨ ਅਧਿਕਾਰੀ ਡਾ. ਰਾਕੇਸ਼ ਚੋਪੜਾ ਨੇ ਦੱਸਿਆ ਕਿ ਸਿਹਤ ਵਿਭਾਗ ਨੇ ਨੈਸ਼ਨਲ ਡੀ-ਵਰਮਿੰਗ ਡੇਅ ਦੌਰਾਨ ਜਿ਼ਲੇ ਵਿਚ 1653 ਆਂਗਣਵਾੜੀ ਕੇਂਦਰਾਂ, 1457 ਸਰਕਾਰੀ ਅਤੇ ਮਾਨਤਾ ਪ੍ਰਾਪਤ ਸਕੂਲਾਂ ਅਤੇ 771 ਪ੍ਰਾਈਵੇਟ ਸਕੂਲਾਂ ਵਿਚ ਕੁੱਲ 429,346 ਵਿਦਿਆਰਥੀਆਂ ਨੂੰ ਢਿੱਡ ਦੇ ਕੀੜੇ ਮਾਰਨ ਵਾਲੀ ਗੋਲੀ ਖੁਆਉਣ ਦਾ ਟੀਚਾ ਨਿਰਧਾਰਿਤ ਕੀਤਾ ਹੈ। ਉਨ੍ਹਾਂ ਦੱਸਿਆ ਕਿ ਜਿਹੜੇ ਵਿਦਿਆਰਥੀ ਨੈਸ਼ਨਲ ਡੀ-ਵਰਮਿੰਗ ਡੇਅ ਦੇ ਮੌਕੇ 'ਤੇ ਐਲਬੈਂਡਾਜੋਲ ਦੀ ਗੋਲੀ ਖਾਣ ਤੋਂ ਵਾਂਝੇ ਰਹਿ ਜਾਣਗੇ, ਉਨ੍ਹਾਂ ਨੂੰ 12 ਫਰਵਰੀ ਨੂੰ ਮੋਪਅਪ ਰਾਊਂਡ ਦੇ ਮੌਕੇ 'ਤੇ ਗੋਲੀ ਖੁਆਈ ਜਾਵੇਗੀ। ਇਸ ਉਪਰੰਤ ਉਨ੍ਹਾਂ ਹੋਰ ਕਈ ਸਕੂਲਾਂ ਅਤੇ ਆਂਗੜਵਾੜੀ ਕੇਂਦਰਾਂ ਦਾ ਦੌਰਾ ਵੀ ਕੀਤਾ। ਨੈਸ਼ਨਲ ਡੀ-ਵਰਮਿੰਗ ਡੇਅ ਮੌਕੇ ਸਿਵਲ ਸਰਜਨ ਡਾ. ਜਗਦੀਪ ਚਾਵਲਾ ਨੇ ਸਥਾਨਕ ਬਸਤੀ ਨੌ ਸਥਿਤ ਆਰੀਆ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਵਿਚ ਵਿਦਿਆਰਥਣਾਂ ਨੂੰ ਐਲਬੈਂਡਾਜੋਲ ਦੀਆਂ ਗੋਲੀਆਂ ਖੁਆਈ। ਇਸ ਮੌਕੇ ਉਨ੍ਹਾਂ ਬੱਚਿਆਂ ਨੂੰ ਸਮਝਾਇਆ ਕਿ ਪੇਟ ਦੇ ਕੀੜਿਆਂ ਤੋਂ ਬਚਣ ਲਈ ਉਹ ਆਪਣੇ ਆਲੇ-ਦੁਆਲੇ ਸਾਫ-ਸਫਾਈ ਦਾ ਵਿਸ਼ੇਸ਼ ਧਿਆਨ ਰੱਖਣ ਅਤੇ ਫਲ ਤੇ ਸਬਜੀਆਂ ਸਾਫ ਪਾਣੀ ਨਾਲ ਧੋ ਕੇ ਖਾਣ। ਉਨ੍ਹਾਂ ਵਿਦਿਆਰਥੀਆਂ ਨੂੰ ਸਮਝਾਇਆ ਕਿ ਸਮੇਂ-ਸਮੇਂ 'ਤੇ ਹੱਥਾਂ ਦੇ ਨਹੁੰ ਜਰੂਰ ਕੱਟਣ। ਸਕੂਲ ਹੈਲਥ ਕਲੀਨਿਕ ਦੀ ਮੈਡੀਕਲ ਆਫਿਸਰ ਡਾ. ਸਿਮਰਨਜੀਤ ਕੌਰ ਨੇ ਵੀ ਵਿਦਿਆਰਥੀਆਂ ਨੂੰ ਢਿੱਡ ਦੇ ਕੀੜਿਆਂ ਤੋਂ ਬਚਾਅ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

## ਦੇਸ ਦਾ ਕੋਲਾ ਉਤਪਾਦਨ ਜਨਵਰੀ 'ਚ 10 ਫੀਸਦੀ ਵਧਿਆ

ਨਵੀਂ ਦਿੱਲੀ 31 ਮਈ। ਦੇਸ ਦਾ ਕੋਲਾ ਉਤਪਾਦਨ ਜਨਵਰੀ 'ਚ ਸਾਲਾਨਾ ਆਧਾਰ 'ਤੇ 10.3 ਫੀਸਦੀ ਵਧ ਕੇ 9.97 ਕਰੋੜ ਟਨ ਹੋ ਗਿਆ। ਇੱਕ ਸਾਲ ਪਹਿਲਾਂ ਦੀ ਇਸੇ ਮਿਆਦ ਵਿੱਚ ਭਾਰਤ ਦਾ ਕੋਲਾ ਉਤਪਾਦਨ 9.04 ਕਰੋੜ ਟਨ ਸੀ। ਕੋਲਾ ਮੰਤਰਾਲੇ ਨੇ ਇਕ ਬਿਆਨ 'ਚ ਕਿਹਾ ਕਿ ਚਾਲੂ ਵਿੱਤੀ ਸਾਲ 'ਚ ਅਪ੍ਰੈਲ-ਜਨਵਰੀ ਦੌਰਾਨ ਕੋਲਾ ਉਤਪਾਦਨ ਸਾਲਾਨਾ ਆਧਾਰ 'ਤੇ 69.89 ਕਰੋੜ ਟਨ ਤੋਂ ਵਧ ਕੇ 78.41 ਕਰੋੜ ਟਨ (ਆਰਜੀ) ਹੋ ਗਿਆ ਹੈ। ਇਸ ਸਾਲ ਜਨਵਰੀ 'ਚ ਦੇਸ ਦੀ ਕੋਲੇ ਦੀ ਸਪਲਾਈ ਸਾਲਾਨਾ ਆਧਾਰ 'ਤੇ 8.2 ਕਰੋੜ ਟਨ ਤੋਂ ਵਧ ਕੇ 8.73 ਕਰੋੜ ਟਨ ਹੋ ਗਈ। ਇਸੇ ਤਰ੍ਹਾਂ 31 ਜਨਵਰੀ ਤੱਕ ਕੋਲਾ ਕੰਪਨੀਆਂ ਕੋਲ ਕੋਲੇ ਦਾ ਭੰਡਾਰ ਵਧ ਕੇ 7.03 ਕਰੋੜ ਟਨ ਹੋ ਗਿਆ। ਇਹ 47.85 ਫੀਸਦੀ ਦਾ ਸਾਲਾਨਾ ਵਾਧਾ ਦਰਸਾਉਂਦਾ ਹੈ।

## 500 ਗ੍ਰਾਮ ਤੋਂ ਜਿਆਦਾ ਸੋਨੇ ਦੇ ਗਹਿਣੇ ਲੈ ਕੇ ਰੇਲ 'ਚ ਸਫਰ ਕਰਨ 'ਤੇ ਹੋਵੇਗੀ ਜਾਂਚ

ਨਵੀਂ ਦਿੱਲੀ 31 ਮਈ। ਰੇਲਾਂ 'ਚ ਤੈਅ ਮਾਤਰਾ ਤੋਂ ਜਿ਼ਆਦਾ ਸੋਨੇ ਦੇ ਗਹਿਣੇ ਪਹਿਨ ਕੇ ਯਾਤਰਾ ਕਰਨ 'ਤੇ ਪੁੱਛਗਿੱਛ ਹੋ ਸਕਦੀ ਹੈ। ਜੇਕਰ ਤਸੱਲੀਬਖਸ ਜਵਾਬ ਨਾ ਮਿਲੇ ਤਾਂ ਸੁਰੱਖਿਆ ਬਲ ਜਬਤ ਦੀ ਕਾਰਵਾਈ ਵੀ ਕਰ ਸਕਦੇ ਹਨ। ਲੋਕ ਸਭਾ ਚੋਣਾਂ ਤੋਂ ਪਹਿਲਾਂ ਸਰਕਾਰ ਇਸ ਸਬੰਧੀ ਸਪੱਸਟ ਹਦਾਇਤਾਂ ਜਾਰੀ ਕਰ ਸਕਦੀ ਹੈ। ਸੂਤਰਾਂ ਅਨੁਸਾਰ ਚੋਣਾਂ ਦੌਰਾਨ ਨਕਦੀ ਅਤੇ ਸਰਾਬ ਜਬਤ ਕਰਨ 'ਤੇ ਸਖਤੀ ਕਾਰਨ ਕੁਝ ਸਿਆਸੀ ਪਾਰਟੀਆਂ ਜਾਂ ਉਮੀਦਵਾਰ ਗਹਿਣਿਆਂ ਰਾਹੀਂ ਸੋਨੇ ਦੀ ਤਸਕਰੀ ਕਰਵਾਉਂਦੇ ਹਨ। ਰੇਲਵੇ ਦੇ ਇਕ ਸੀਨੀਅਰ ਅਧਿਕਾਰੀ ਦਾ ਕਹਿਣਾ ਹੈ ਕਿ ਸੋਨੇ ਦੇ ਗਹਿਣਿਆਂ ਦੀ ਮਾਤਰਾ ਪੁਰਸ ਯਾਤਰੀਆਂ ਲਈ 100 ਗ੍ਰਾਮ, ਅਣਵਿਆਹੀਆਂ ਔਰਤਾਂ ਲਈ 250 ਗ੍ਰਾਮ ਅਤੇ ਵਿਆਹੀਆਂ ਔਰਤਾਂ ਲਈ 500 ਗ੍ਰਾਮ ਤੈਅ ਕੀਤੀ ਗਈ ਹੈ। ਫਿਲਹਾਲ ਮੌਜੂਦਾ ਸਮੇਂ 'ਚ ਵਾਧੂ ਗਹਿਣਿਆਂ ਨਾਲ ਯਾਤਰਾ ਕਰਨ ਦਾ ਕੋਈ ਪੁੱਛਗਿੱਛ ਨਹੀਂ ਹੁੰਦੀ। ਰੇਲਵੇ ਦੇ ਇੱਕ ਅਧਿਕਾਰੀ ਦੇ ਅਨੁਸਾਰ, ਜੇਕਰ ਨਿਰਧਾਰਤ ਮਾਤਰਾ ਤੋਂ ਵੱਧ ਗਹਿਣੇ ਲੈ ਕੇ ਯਾਤਰਾ ਕਰਦੇ ਹੋ ਤਾਂ ਇਸਦੇ ਬਿੱਲ ਜਾਂ ਸਰੋਤ ਬਾਰੇ ਇੱਕ ਤਸੱਲੀਬਖਸ ਜਵਾਬ ਦੇਣਾ ਹੋਵੇਗਾ।

# ਮਾਮਲਾ ਲਾਅ ਗੇਟ ਇਲਾਕੇ 'ਚ ਸੈਕਸ ਰੈਕੇਟ ਦਾ 26 ਮੁਲਜਮਾਂ ਦਾ ਮਿਲਿਆ ਪੁਲਸ ਰਿਮਾਂਡ

ਫਗਵਾੜਾ 31 ਮਈ। ਬੀਤੇ ਦਿਨ ਪਿੰਡ ਮਹੇੜੂ ਨੇੜੇ ਬਦਨਾਮ ਲਾਅ ਗੇਟ ਇਲਾਕੇ ਵਿਚ ਵਿਦੇਸੀ ਲੜਕੀਆਂ ਦੇ ਵੱਡੇ ਸੈਕਸ ਰੈਕੇਟ ਦਾ ਪਰਦਾਫਾਸ਼ ਕਰਦੇ ਹੋਏ ਫਗਵਾੜਾ ਪੁਲਸ ਨੇ 9 ਵਿਦੇਸੀ ਲੜਕੀਆਂ, ਜਿਨ੍ਹਾਂ 'ਚ ਥਾਈਲੈਂਡ ਦੀਆਂ 8 ਅਤੇ ਦੱਖਣੀ ਅਫਰੀਕਾ ਦੀ 1 ਸਮੇਤ 4 ਭਾਰਤੀ ਲੜਕੀਆਂ ਸਾਮਲ ਹਨ ਅਤੇ 13 ਪੁਰਸਾਂ ਨੂੰ ਮੌਕੇ ਤੋਂ ਗ੍ਰਿਫਤਾਰ ਕੀਤਾ ਸੀ, ਜਿਨ੍ਹਾਂ ਖਿਲਾਫ ਥਾਣਾ ਸਤਨਾਮਪੁਰਾ ਫਗਵਾੜਾ ਵਿਖੇ ਇੰਮੋਰਲ ਟ੍ਰੈਫਿਕ ਐਕਟ ਦੀ ਧਾਰਾ 3, 4, 5, 7, 8 ਤਹਿਤ 2 ਪੁਲਸ ਕੇਸ ਦਰਜ ਕੀਤੇ ਗਏ ਸਨ। ਅੱਜ ਪੁਲਸ ਵੱਲੋਂ ਗ੍ਰਿਫਤਾਰ ਕੀਤੇ ਸਾਰੇ 26 ਮੁਲਜਮਾਂ ਨੂੰ ਅਦਾਲਤ 'ਚ ਪੇਸ਼ ਕੀਤਾ ਗਿਆ। ਜਿਸ ਤੋਂ ਬਾਅਦ ਅਦਾਲਤ ਵੱਲੋਂ ਮੁਲਜਮਾਂ ਦਾ 2 ਦਿਨ ਦਾ ਪੁਲਸ ਰਿਮਾਂਡ ਦਿੱਤਾ ਗਿਆ ਹੈ। 'ਜਗ ਬਾਣੀ' ਨਾਲ ਗੱਲਬਾਤ ਕਰਦੇ ਹੋਏ ਐੱਸ. ਪੀ. ਫਗਵਾੜਾ ਰੁਪਿੰਦਰ ਕੌਰ ਭੱਟੀ ਨੇ ਦੱਸਿਆ ਕਿ ਪੁਲਸ ਨੇ ਦੇਹ ਵਪਾਰ ਦੇ ਅਨੈਤਿਕ ਧੰਦੇ 'ਚ ਸਾਮਲ ਉਕਤ ਮੁਲਜਮਾਂ ਨੂੰ ਅਦਾਲਤ 'ਚ ਪੇਸ਼ ਕਰ ਕੇ ਪੁਲਸ ਰਿਮਾਂਡ ਹਾਸਲ ਕੀਤਾ ਹੈ। ਉਨ੍ਹਾਂ ਕਿਹਾ ਕਿ ਪੁਲਸ ਰਿਮਾਂਡ ਦੌਰਾਨ ਮੁਲਜਮਾਂ ਕੋਲੋਂ ਪੁੱਛਗਿੱਛ ਕੀਤੀ ਜਾਵੇਗੀ ਕਿ ਉਨ੍ਹਾਂ ਦੇ ਨਾਲ ਇਸ ਗਲਤ ਧੰਦੇ 'ਚ ਕੌਣ-ਕੌਣ ਲੋਕ ਸ਼ਾਮਲ ਹਨ ਤੇ ਇਸ ਦੇ ਤਾਰ ਕਿੱਥੇ ਤਕ ਫੈਲੇ ਹੋਏ ਹਨ। ਪੁੱਛਗਿੱਛ ਦੌਰਾਨ ਸਨਸਨੀਖੇਜ ਖੁਲਾਸੇ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਇਸ ਗਲਤ ਧੰਦੇ 'ਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ। ਮਾਮਲੇ 'ਚ ਹਰ ਮੁਲਜਮ ਨੂੰ ਬੇਨਕਾਬ ਕੀਤਾ ਜਾਵੇਗਾ। ਫਗਵਾੜਾ ਪੁਲਸ ਦੀਆਂ ਵੱਖ-ਵੱਖ ਟੀਮਾਂ ਜਾਂਚ 'ਚ ਲੱਗੀਆਂ ਹੋਈਆਂ ਹਨ। ਹਰ ਪਹਿਲੂ 'ਤੋਂ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਐੱਸ. ਪੀ. ਫਗਵਾੜਾ ਰੁਪਿੰਦਰ ਕੌਰ ਭੱਟੀ ਨੇ ਦੱਸਿਆ ਕਿ ਜਦੋਂ ਪੁਲਸ ਟੀਮਾਂ ਪੀ. ਜੀ. ਸੈਂਟਰ ਪਹੁੰਚੀਆਂ ਸਨ ਤਾਂ ਉੱਥੇ ਮਿਲੀ ਗੁਪਤ ਸੂਚਨਾ ਅਨੁਸਾਰ ਸਭ ਕੁਝ ਉਹੀ ਮਿਲਿਆ, ਜੋ ਸੂਚਨਾ ਮੁਤਾਬਕ ਸੀ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੇ ਰਹਿਣ ਲਈ ਬਣਾਏ ਗਏ ਪੀ. ਜੀ. ਸੈਂਟਰਾਂ 'ਚ ਸੀ. ਸੀ. ਟੀ. ਵੀ. ਕੈਮਰੇ ਲਗਾਏ ਗਏ ਸਨ ਪਰ ਇਹ ਕੰਮ ਨਹੀਂ ਕਰ ਰਹੇ ਸੀ। ਇਕ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਪੁਲਸ ਇਸ ਗੱਲ ਦੀ ਵੀ ਜਾਂਚ ਕਰੇਗੀ ਕਿ ਪੀ. ਜੀ. ਸੈਂਟਰ 'ਚ ਚੱਲ ਰਹੇ ਇਸ ਅਨੈਤਿਕ ਕਾਰੋਬਾਰ 'ਚ ਪੀ. ਜੀ. ਸੈਂਟਰ ਦੇ ਅਸਲ ਮਾਲਕ ਦੀ ਕੀ ਭੂਮਿਕਾ ਰਹੀ ਹੈ? ਦੱਸ ਦੇਈਏ ਕਿ ਸਰਕਾਰੀ ਹੁਕਮਾਂ ਦੇ ਤਹਿਤ ਪੀ. ਜੀ. ਸੈਂਟਰ 'ਚ ਰਹਿਣ ਵਾਲੇ ਵਿਅਕਤੀ ਦੀ ਜਾਣਕਾਰੀ ਪੁਲਸ ਨੂੰ ਦੇਣਾ ਕਾਨੂੰਨੀ ਤੌਰ 'ਤੇ ਲਾਜਮੀ ਹੈ, ਜਿਸ ਨੂੰ ਨਾ ਦੇਣ ਦੀ ਸੂਰਤ ਵਿਚ ਧਾਰਾ 188 ਤਹਿਤ ਵੱਖਰਾ ਪੁਲਸ ਕੇਸ ਦਰਜ ਕੀਤਾ ਜਾਂਦਾ ਹੈ। ਜੇ ਸੀ. ਸੀ. ਟੀ. ਵੀ. ਕੈਮਰੇ ਕੰਮ ਨਹੀਂ ਕਰ ਰਹੇ ਹਨ, ਤਾਂ ਇਹ ਕਾਨੂੰਨੀ ਰਹਿਣ ਲਈ ਬਣਾਏ ਗਏ ਪੀ. ਜੀ. ਸੈਂਟਰਾਂ 'ਚ ਸੀ. ਸੀ. ਟੀ. ਵੀ. ਕੈਮਰੇ ਲਗਾਏ ਗਏ ਸਨ ਪਰ ਇਹ ਕੰਮ ਨਹੀਂ ਕਰ ਰਹੇ ਸੀ। ਇਕ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਪੁਲਸ ਇਸ ਗੱਲ ਦੀ ਵੀ ਜਾਂਚ ਕਰੇਗੀ ਕਿ ਪੀ. ਜੀ. ਸੈਂਟਰ 'ਚ ਚੱਲ ਰਹੇ ਇਸ ਅਨੈਤਿਕ ਕਾਰੋਬਾਰ 'ਚ ਪੀ. ਜੀ. ਸੈਂਟਰ ਦੇ ਅਸਲ ਤੌਰ 'ਤੇ ਵੀ ਗਲਤ ਹੈ। ਇਸ ਸਬੰਧੀ ਡੀ. ਸੀ. ਕਪੂਰਥਲਾ ਵੱਲੋਂ ਵੀ ਆਦੇਸ ਜਾਰੀ ਕੀਤੇ ਗਏ ਹਨ। ਇਸ ਦੌਰਾਨ ਅਸਲੀਅਤ ਇਹ ਵੀ ਹੈ ਕਿ ਫਗਵਾੜਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਰਹਿਣ ਵਾਲੇ ਜਿ਼ਆਦਾਤਰ ਲੋਕ ਇਸ ਤੱਥ ਤੋਂ ਚੰਗੀ ਤਰ੍ਹਾਂ ਜਾਣੂ ਸਨ ਕਿ ਫਗਵਾੜਾ ਵਿਚ ਬਦਨਾਮ ਲਾਅ ਗੇਟ ਇਲਾਕੇ ਵਿਚ ਵਿਦੇਸੀ ਕੁੜੀਆਂ ਦੇ ਸੈਕਸ ਰੈਕੇਟ ਚੱਲ ਰਹੇ ਹਨ। ਇਹ ਵੀ ਸਭ ਨੂੰ ਪਤਾ ਹੈ ਕਿ ਇਥੇ ਮਹਿੰਗੀ ਡਰੱਗਸ ਸਮੇਤ ਹਰ ਉਹ ਚੀਜ ਇੱਥੇ ਉਪਲੱਬਧ ਹੈ, ਜੋ ਪੂਰੀ ਤਰ੍ਹਾਂ ਗੈਰ-ਕਾਨੂੰਨੀ ਸ੍ਰੇਣੀ 'ਚ ਆਉਂਦੀ ਹੈ। ਹੈਰਾਨੀਜਨਕ ਪਹਿਲੂ ਇਹ ਹੈ ਕਿ ਪੁਲਸ ਨੂੰ ਕਾਰਵਾਈ ਕਰਨ ਵਿਚ ਲੰਮਾ ਸਮਾਂ ਲੱਗਿਆ ਹੈ? ਇਸ ਬਾਰੇ ਲੋਕ ਚਰਚਾ ਕਰ ਰਹੇ ਹਨ। ਮਾਹਰਾਂ ਨੇ ਕਿਹਾ ਕਿ ਲਾਅ ਗੇਟ ਖੇਤਰ 'ਚ ਚੱਲ ਰਿਹਾ ਵਿਦੇਸੀ ਕੁੜੀਆਂ ਦਾ ਸੈਕਸ ਰੈਕੇਟ ਬਹੁਤ ਡੂੰਘਾ ਹੈ। ਇਸ ਦੇ ਕਿੰਗਪਿੰਨ ਅੰਮ੍ਰਿਤਸਰ ਅਤੇ ਜਲੰਧਰ ਦੇ ਹਨ, ਜੋ ਫਗਵਾੜਾ ਨੂੰ ਸੁਰੱਖਿਅਤ ਪਨਾਹਗਾਹ ਬਣਾ ਕੇ ਖੁੱਲ੍ਹੇਆਮ ਦੇਹ ਵਪਾਰ ਦਾ ਘਿਨਾਉਣਾ ਧੰਦਾ ਚਲਾ ਰਹੇ ਸੀ। ਫਗਵਾੜਾ 'ਚ ਇਕ ਪ੍ਰਾਈਵੇਟ ਯੂਨੀਵਰਸਿਟੀ ਦੇ ਨੇੜੇ ਦਾ ਇਲਾਕਾ ਹੋਣ ਕਾਰਨ ਗਾਹਕਾਂ ਦੀ ਕੋਈ ਕਮੀ ਨਹੀਂ ਸੀ। ਇੱਥੋਂ ਤੱਕ ਕਿ ਨੌਜਵਾਨ ਵਿਦਿਆਰਥੀ ਵੀ ਇਨ੍ਹਾਂ ਦੇ ਗਾਹਕ ਸਨ। ਪੁਲਸ ਮੌਕੇ ਤੋਂ ਬਰਾਮਦ ਮੋਬਾਈਲ ਫੋਨਾਂ ਦੇ ਕਾਲ ਵੇਰਵਿਆਂ ਦੀ ਵੀ ਜਾਂਚ ਕਰੇਗੀ ਜਾ ਨਹੀਂ, ਇਹ ਸਵਾਲ ਲੋਕਾਂ ਵੱਲੋਂ ਚੁੱਕੇ ਜਾ ਰਹੇ ਹਨ। ਜੇਕਰ ਪੁਲਸ ਜਾਂਚ ਅੱਗੇ ਵਧਾਉਂਦੀ ਹੈ ਤਾਂ ਇਸ ਤੋਂ ਬਾਅਦ ਕਈ ਅਜਿਹੇ ਰਾਜ ਸਾਹਮਣੇ ਆਉਣਗੇ, ਜੋ ਸਨਸਨੀਖੇਜ ਹੋ ਸਕਦੇ ਹਨ। ਯਾਨੀ ਉਨ੍ਹਾਂ ਦੇ ਪੱਕੇ ਗਾਹਕ ਕੌਣ ਸਨ? ਉਹ ਦਲਾਲ ਕੌਣ ਹਨ, ਜੋ ਇਹ ਸਭ ਕਰ ਰਹੇ ਸਨ ਅਤੇ ਹੋਰ ਕੀ ਕੁੱਝ ਹੁੰਦਾ ਰਿਹਾ ਹੈ?

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਸਰਕਾਰੀ ਨਸ਼ਾ ਛੁਡਾਊ ਕੇਂਦਰ ਦੇ ਬਾਹਰ ਬੁਫਰੋਨੋਰਫਿਨ ਦਵਾਈ ਦੀ 'ਕਾਲਾਬਜਾਰੀ'

ਅੰਮ੍ਰਿਤਸਰ 31 ਮਈ। ਸਰਕਾਰੀ ਨਸਾ ਛੁਡਾਊ ਅਤੇ ਮੁੜ ਵਸੇਬਾ ਕੇਂਦਰ ਦੇ ਬਾਹਰ ਨਸਾ ਛੁਡਾਉਣ ਵਾਲੀ ਬੁਫਰੋਨੋਰਫਿਨ ਗੋਲੀਆਂ ਦੀ ਕਾਲਾ ਬਾਜਾਰੀ ਹੋ ਰਹੀ ਹੈ। ਕੇਂਦਰ ਵਿਚ ਨਸਾ ਛੱਡਣ ਦੀ ਦਵਾਈ ਲੈਣ ਆਉਣ ਵਾਲੇ ਕੁਝ ਨੌਜਵਾਨ ਅੰਦਰੋਂ ਗੋਲੀਆਂ ਲੈ ਕੇ ਧੜੱਲੇ ਨਾਲ ਸੜਕਾਂ 'ਤੇ ਬਲੈਕ ਵਿਚ ਵੇਚ ਰਹੇ ਹਨ। ਕੇਂਦਰ ਦੇ ਅੰਦਰੋਂ ਮੁਫਤ ਮਿਲਣ ਵਾਲੀਆਂ ਗੋਲੀਆਂ 70 ਪ੍ਰਤੀ ਗੋਲੀ ਅਤੇ ਦੋ ਗੋਲੀਆਂ 100 ਰੁਪਏ ਵੇਚ ਕੇ ਜਿ਼ਲ੍ਹਾ ਪ੍ਰਸਾਸਨ ਦੀ ਕਾਰਗੁਜਾਰੀ 'ਤੇ ਸਵਾਲੀਆ ਨਿਸਾਨ ਖੜ੍ਹੇ ਕਰ ਰਹੇ ਹਨ। ਕੇਂਦਰ ਦੇ ਨਜਦੀਕ ਇਹ ਗੋਰਖ ਧੰਦਾ ਅੱਜ ਦਾ ਨਹੀਂ, ਸਗੋਂ ਪਿਛਲੇ ਕਈ ਮਹੀਨਿਆਂ ਤੋਂ ਜਾਰੀ ਹੈ। ਬਲੈਕ ਵਿਚ ਗੋਲੀਆਂ ਲੈ ਕੇ ਨਸੇੜੀ ਟੀਕਾ ਲਗਾ ਕੇ ਜਾਂ ਹੋਰ ਤਰੀਕਿਆਂ ਨਾਲ ਇਸ ਦਾ ਸੇਵਨ ਕਰ ਰਹੇ ਹਨ। ਕੇਂਦਰ ਦੇ ਬਾਹਰ ਬੁਫਰੋਨੋਰਫਿਨ ਦੀਆਂ ਸਾਬਤ ਗੋਲੀਆਂ ਬਲੈਕ ਕਰਨ ਵਾਲੇ ਨੌਜਵਾਨਾਂ ਕੋਲੋਂ ਪਹੁੰਚਣੀਆਂ ਸਿਹਤ ਵਿਭਾਗ ਦੀ ਕਾਰਗੁਜਾਰੀ ਨੂੰ ਵੀ ਸੱਕ ਦੇ ਘੇਰੇ ਵਿਚ ਲਿਆ ਰਹੀਆਂ ਹਨ। ਜਗ ਬਾਣੀ ਵੱਲੋਂ ਕੀਤੇ ਗਏ ਸਟਿੰਗ ਆਪ੍ਰੇਸ਼ਨ ਵਿਚ ਅਧਿਕਾਰੀਆਂ ਵੱਲੋਂ ਨਸੇ ਦੇ ਖਾਤਮੇ ਸਬੰਧੀ ਕੀਤੇ ਜਾ ਰਹੇ ਦਾਅਵਿਆਂ ਦੀ ਪੋਲ ਖੁੱਲ੍ਹਦੀ ਦਿਖਾਈ ਦੇ ਰਹੀ ਹੈ। ਜਾਣਕਾਰੀ ਅਨੁਸਾਰ ਸਿਹਤ ਵਿਭਾਗ ਵੱਲੋਂ ਨਸਾ ਛੁਡਾਉਣ ਲਈ ਸਰਕਾਰੀ ਮੈਡੀਕਲ ਕਾਲਜ ਫਤਿਹਗੜ੍ਹ ਚੂੜੀਆਂ ਰੋਡ ਦੇ ਨਜਦੀਕ ਨਸਾ ਛੁਡਾਊ ਅਤੇ ਮੁੜ ਵਸੇਬਾ ਕੇਂਦਰ ਖੋਲ੍ਹਿਆ ਗਿਆ ਹੈ। ਵਿਭਾਗ ਵੱਲੋਂ ਇਸ ਕੇਂਦਰ ਵਿਚ ਨਸੇ ਦੇ ਆਦੀ ਨੌਜਵਾਨਾਂ ਨੂੰ ਮੁੜ ਨਸੇ ਦੀ ਗ੍ਰਿਫਤ 'ਚੋਂ ਬਾਹਰ ਲਿਆਉਣ ਲਈ 'ਓਟ ਸੈਂਟਰ' ਬਣਾਇਆ ਗਿਆ ਹੈ। ਇਸ ਸੈਂਟਰ ਵਿਚ 300 ਦੇ ਕਰੀਬ ਮਰੀਜ ਨਸੇ ਦੀ ਦਲ ਦਲ ਵਿੱਚੋਂ ਬਾਹਰ ਆਉਣ ਲਈ ਰੋਜਾਨਾ ਮਿਲਣ ਵਾਲੀ ਦਵਾਈ ਦਾ ਸੇਵਨ ਕਰਨ ਲਈ ਆਉਂਦੇ ਹਨ। 1000 ਦੇ ਕਰੀਬ ਬੁਫਰੋਨੋਰਫਿਨ ਦੀਆਂ ਗੋਲੀਆਂ ਵਿਚ ਰੋਜਾਨਾ ਮਰੀਜਾਂ ਵਿਚ ਵੱਡੀਆਂ ਜਾਂਦੀਆਂ ਹਨ। ਕੇਂਦਰ ਵਿਚ ਨਿਯਮ ਤਹਿਤ ਆਉਣ ਵਾਲੇ ਮਰੀਜਾਂ ਨੂੰ ਪੀਸ ਕੇ ਸਟਾਫ ਆਪਣੇ ਸਾਹਮਣੇ ਬੁਫਰੋਨੋਰਫਿਨ ਦਵਾਈ ਦਾ ਸੇਵਨ ਕਰਵਾਉਂਦੇ ਹਨ ਪਰ ਕੁਝ ਨੌਜਵਾਨ ਬੁਫਰੋਨੋਰਫਿਨ ਗੋਲੀਆਂ ਪੀਸ ਕੇ ਸਟਾਫ ਦੇ ਸਾਹਮਣੇ ਖਾਣ ਦਾ ਡਰਾਮਾ ਕਰਦੇ ਹਨ ਅਤੇ ਹੱਥ ਵਿਚ ਦੋ ਪਰਚੀਆਂ ਲੈ ਕੇ ਜਾਂਦੇ ਹਨ। ਇਕ ਪਰਚੀ ਵਿਚ ਦਵਾਈ ਪਵਾ ਕੇ ਉਸ ਨੂੰ ਉਂਗਲਾਂ ਵਿਚ ਰੱਖ ਲੈਂਦੇ ਹਨ ਜਦਕਿ ਦੂਸਰੀ ਖਾਲੀ ਪਰਚੀ ਦਵਾਈ ਦਾ ਸੇਵਨ ਕਰਨ ਦਾ ਝੂਠ ਰਜ ਕੇ ਬਾਅਦ ਵਿਚ ਉਸ ਨੂੰ ਸਟਾਫ ਦੇ ਸਾਹਮਣੇ ਡਸਟਬਿਨ ਵਿਚ ਸੁੱਟ ਦਿੰਦੇ ਹਨ। ਇਸ ਤਰ੍ਹਾਂ ਹੱਥ ਵਿਚ ਆਈ ਪੀਸੀ ਹੋਈ ਦਵਾਈ ਬਾਹਰ ਲਿਆ ਕੇ ਉਸ ਨੂੰ ਬਲੈਕ ਵਿਚ ਵੇਚਦੇ ਹਨ। ਇਸੇ ਤਰ੍ਹਾਂ ਕੁਝ ਨੌਜਵਾਨ ਸਾਬਤ ਗੋਲੀਆਂ ਵੀ ਲੈ ਕੇ ਕਾਲਾ ਬਾਜਾਰੀ ਕਰ ਰਹੇ ਹਨ । ਜਗ ਬਾਣੀ ਨੂੰ ਪਿਛਲੇ ਕਈ ਸਮੇਂ ਤੋਂ ਸਿ਼ਕਾਇਤਾਂ ਮਿਲ ਰਹੀਆਂ ਸਨ ਕਿ ਕੇਂਦਰ ਦੇ ਬਾਅਦ ਸਰਕਾਰੀ ਮਿਲਣ ਵਾਲੀ ਬੁਫਰੋਨੋਰਫਿਨ ਦਵਾਈ ਦੀ ਕਾਲਾ ਬਾਜਾਰੀ ਹੋਰ ਰਹੀ ਹੈ। 'ਜਗ ਬਾਣੀ' ਵੱਲੋਂ ਜਦੋਂ ਇਸ ਸਬੰਧੀ ਸਟਿੰਗ ਆਪ੍ਰੇਸ਼ਨ ਕੀਤਾ ਗਿਆ ਤਾਂ ਪਹਿਲੇ ਦਿਨ ਇੱਕ ਨੌਜਵਾਨ ਜੋ ਖ਼ੁਦ ਨਸੇ ਵਿਚ ਦਿਖਾਈ ਦੇ ਰਿਹਾ ਸੀ। ਉਹ ਨਸਾ ਛੁਡਾਉਣ ਵਾਲੀ ਉਕਤ ਦਵਾਈ ਬਾਹਰ ਪੱਤਿਆਂ ਵਿਚ ਵੇਚਦਾ ਦਿਖਾਈ ਦਿੱਤਾ। ਜਦੋਂ ਨੌਜਵਾਨ ਨੂੰ ਪੁੱਛਿਆ ਗਿਆ ਕਿ ਇਹ ਗੋਲੀਆਂ ਅਸਲੀ ਹਨ ਤਾਂ ਉਸਨੇ ਕਿਹਾ ਕਿ




ਅਸਲੀ ਹਨ। ਅੰਦਰੋਂ ਲੈ ਕੇ ਆਇਆਂ ਹਾਂ ਅਤੇ ਅਸਰ ਵੀ ਪੂਰਾ ਕਰਦੀਆਂ ਹਨ ਜਾ ਕੇ ਜਿੱਥੇ ਮਰਜੀ ਜਾਂਚ ਕਰਵਾ ਲਓ। ਨੌਜਵਾਨ ਨੇ ਦੱਸਿਆ ਕਿ ਉਹ ਵੀ ਅੰਦਰੋਂ ਨਸਾ ਛੁਡਾਉਣ ਦੀ ਦਵਾਈ ਖਾਂਦਾ ਹੈ ਪਰ ਦਵਾਈ ਜਿ਼ਆਦਾ ਆ ਗਈ ਹੈ। ਇਸ ਲਈ ਉਹ ਬਾਹਰ ਵੇਚ ਰਿਹਾ ਹੈ। ਨੌਜਵਾਨ ਨੇ ਪ੍ਰਤੀ ਗੋਲੀ 70 ਰੁਪਏ ਅਤੇ ਦੋ ਗੋਲੀਆਂ ਦਾ ਮੁੱਲ 100 ਰੁਪਏ ਦੱਸਿਆ । ਨੌਜਵਾਨ ਬਾਅਦ ਵਿਚ ਕਹਿਣ ਲੱਗਾ ਕਿ ਜਿੰਨੀ ਮਰਜੀ ਦਵਾਈ ਲਓ। ਉਹ ਰੋਜਾਨਾ ਉਥੇ ਹੀ ਖੜ੍ਹਾ ਹੁੰਦਾ ਹੈ। ਉਸ ਨੇ ਕਿਹਾ ਕਿ ਉਹ ਸਾਬਤ ਗੋਲੀਆਂ ਵੇਚਦਾ ਹੈ ਜਦ ਕਿ ਦੂਸਰਾ ਮੁੰਡਾ ਜੋ ਕੇਂਦਰ ਦੇ ਨਜਦੀਕ ਖੜ੍ਹਾ ਸੀ, ਉਹ ਪੀਸੀ ਦਵਾਈ ਵੇਚਦਾ ਸੀ। ਕੁਝ ਦਿਨ ਬਾਅਦ ਜਦੋਂ ਦੁਬਾਰਾ ਕੇਂਦਰ ਦੇ ਨਜਦੀਕ ਖੜ੍ਹੇ ਦੂਸਰੇ ਨੌਜਵਾਨ ਕੋਲ ਜਾ ਕੇ ਦਵਾਈ ਦੀ ਮੰਗ ਕੀਤੀ ਗਈ ਤਾਂ ਪੀਸੀ ਹੋਈ ਦਵਾਈ ਜੋ ਅੰਦਰੋ ਮਿਲਦੀ ਹੈ, ਉਹ ਪੁੜੀ ਵਿਚ ਖੋਲ੍ਹ ਕੇ ਦਿਖਾਈ ਅਤੇ ਕਿਹਾ ਕਿ ਇਹ ਦਵਾਈ ਬਿਲਕੁੱਲ ਸ਼ੁੱਧ ਹੈ। ਜੋ ਅੰਦਰੋਂ ਹੁਣੇ ਲਿਆਂਦੀ ਹੈ ਪਰ ਇਹ ਦੋ ਗੋਲੀਆਂ ਦਾ ਮੁੱਲ 170 ਲੱਗਣਾ ਹੈ। ਉਸ ਨੇ ਕਿਹਾ ਕਿ ਇਹ ਦਵਾਈ ਪਿਓਰ ਹੈ ਚਾਹੇ ਜਾ ਕੇ ਕੇਂਦਰ ਵਿੱਚੋਂ ਚੈੱਕ ਕਰਵਾ ਲਓ। ਸਮਾਜ ਸੇਵਕ ਬਿਕਰਮ ਸਿੰਘ ਗਿੱਲ ਅਤੇ ਸੰਦੀਪ ਕੁਮਾਰ ਮਜੀਠੀਆ ਨੇ ਦੱਸਿਆ ਕਿ ਸਰਕਾਰ ਵੱਲੋਂ ਨਸਾ ਛੁਡਾਉਣ ਲਈ ਸਰਕਾਰੀ ਓਟ ਸੈਂਟਰ ਖੋਲ੍ਹੇ ਗਏ ਹਨ ਪਰ ਸਰਕਾਰੀ ਮੈਡੀਕਲ ਕਾਲਜ ਨਜਦੀਕ ਸਥਿਤ ਕੁਝ ਨੌਜਵਾਨ ਬਲੈਕ ਵਿਚ ਸਰਕਾਰੀ ਦਵਾਈ ਨੂੰ ਵੇਚ ਰਹੇ ਹਨ। ਉਨ੍ਹਾਂ ਵੱਲੋਂ ਕੁਝ ਦਿਨ ਪਹਿਲਾਂ ਅਜਿਹੇ ਨੌਜਵਾਨਾਂ ਦੀ ਵੀਡੀਓ ਬਣਾਈ ਗਈ ਸੀ ਅਤੇ ਅਧਿਕਾਰੀਆਂ ਨੂੰ ਸਿ਼ਕਾਇਤ ਵੀ ਕੀਤੀ ਗਈ ਸੀ ਪਰ ਅਫਸੋਸ ਦੀ ਗੱਲ ਹੈ ਕਿ ਅਧਿਕਾਰੀਆਂ ਵੱਲੋਂ ਇਸ ਬਾਬਤ ਕੋਈ ਕਾਰਵਾਈ ਨਹੀਂ ਕੀਤੀ ਗਈ, ਜਿਸ ਕਾਰਨ ਇਹ ਗੋਰਖ ਧੰਦਾ ਹੌਲੀ ਹੌਲੀ ਵਾਧਾ ਹੋਇਆ ਸਿਖਰਾਂ 'ਤੇ ਪਹੁੰਚ ਗਿਆ ਹੈ। ਪੰਜਾਬ ਸਰਕਾਰ ਨਸੇ ਦੀ ਖਾਤਮੇ ਦੀ ਗੱਲ ਕਰਦੀ ਹੈ ਪਰ ਜੇਕਰ ਅਜਿਹੇ ਹਾਲਾਤ ਰਹੇ ਤਾਂ ਅਧਿਕਾਰੀਆਂ ਦੀ ਲਾਪ੍ਰਵਾਹੀ ਕਾਰਨ ਨਸੇ ਦਾ ਛੇਵਾਂ ਦਰਿਆ ਹੋਰ ਵੱਧ ਜਾਵੇਗਾ। ਪੰਜਾਬ ਸਰਕਾਰ ਨੂੰ ਜਿ਼ੰਮੇਵਾਰ ਅਧਿਕਾਰੀਆਂ ਅਤੇ ਬਾਹਰ ਕਾਲਾ ਬਾਜਾਰੀ ਕਰ ਰਹੇ ਨਸੇ ਦੇ ਸੌਦਾਗਰਾਂ ਦੇ ਖਿ਼ਲਾਫ ਸਖਤ ਕਾਰਵਾਈ ਕਰਨੀ ਚਾਹੀਦੀ ਹੈ। ਨਸਾ ਵਿਰੋਧੀ ਲਹਿਰ ਦੇ ਮੁਖ ਸੰਸਥਾਪਕ ਅਤੇ ਉੱਘੇ ਸਮਾਜ ਸੇਵਕ ਪੂਰਨ ਸਿੰਘ ਸੰਧੂ ਰਣੀਕੇ ਨੇ ਦੱਸਿਆ ਕਿ ਜਿ਼ਲ੍ਹੇ ਵਿਚ 20 ਹਜਾਰ ਦੇ ਕਰੀਬ ਨਸਾ ਛੱਡਣ ਵਾਲੇ ਨੌਜਵਾਨ ਸਿਹਤ ਵਿਭਾਗ ਵੱਲੋਂ ਰਜਿਸਟਰ ਕੀਤੇ ਗਏ ਹਨ। ਇਹ ਨੌਜਵਾਨ ਉਹ ਹਨ ਜੋ ਓਟ ਸੈਂਟਰਾਂ ਵਿਚ ਦਵਾਈ ਦਾ ਸਹਾਰਾ ਲੈ ਕੇ ਨਸਾ ਛੱਡਣਾ ਚਾਹੁੰਦੇ ਹਨ ਪਰ ਇਨਾ ਵੱਡਾ ਅੰਕੜਾ ਪ੍ਰਸਾਸਨ ਦੀ ਕਾਰਗੁਜਾਰੀ 'ਤੇ ਪ੍ਰਸਨ ਖੜ੍ਹੇ ਕਰਦਾ ਹੈ। ਇਕ ਪਾਸੇ ਨਸੇ ਦੀ ਰੋਕਥਾਮ ਲਈ ਪੁਲਸ ਪ੍ਰਸਾਸਨ ਪੱਬਾਂ ਭਾਰ ਹੈ, ਦੂਸਰੇ ਪਾਸੇ ਨੌਜਵਾਨਾਂ ਦੀ ਗਿਣਤੀ ਚਾਹੇ ਉਹ ਨਸਾ ਛੱਡਣ ਵਾਲੇ ਹੋਣ ਵਧਣਾ ਖਤਰੇ ਦੀ ਘੰਟੀ ਹੈ। ਨਸਾ ਛਡਾਊ ਅਤੇ ਮੁੜ ਵਸੇਬਾ ਕੇਂਦਰ ਦੇ ਬਾਹਰ ਬਲੈਕ ਵਿਚ ਬੁਫਰੋਨੋਰਫਿਨ ਦੀਆਂ ਗੋਲੀਆਂ ਵੇਚਣ ਸਬੰਧੀ ਜਦੋਂ ਡਿਪਟੀ ਮੈਡੀਕਲ ਕਮਿਸਨਰ ਡਾਕਟਰ ਗੁਰਮੀਤ ਕੌਰ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਬਲੈਕ ਵਿਚ ਸਰਕਾਰੀ ਦਵਾਈ ਦੀ ਵਰਤੋਂ ਕਰਨ ਵਾਲਿਆਂ ਖਿ਼ਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਕੇਂਦਰ ਦੇ ਅੰਦਰ ਮੁਸਤੈਦੀ ਨਾਲ ਸਟਾਫ ਆਪਣੇ ਸਾਹਮਣੇ ਦਵਾਈ ਦਾ ਸੇਵਨ ਮਰੀਜਾਂ ਨੂੰ ਕਰਵਾਉਂਦਾ ਹੈ। ਜੇਕਰ ਕੋਈ ਗਲਤ ਢੰਗ ਨਾਲ ਦਵਾਈ ਅੰਦਰੋਂ ਲਿਜਾ ਕੇ ਬਾਹਰ ਵੇਚ ਰਿਹਾ ਹੈ ਤਾਂ ਉਹ ਨਿਯਮਾਂ ਦੇ ਉਲਟ ਹੈ। ਉਨ੍ਹਾਂ ਕਿਹਾ ਕਿ ਪੁਲਸ ਪ੍ਰਸਾਸਨ ਦੀ ਮਦਦ ਨਾਲ ਕੇਂਦਰ ਦੇ ਆਲੇ ਦੁਆਲੇ ਸਰਕਾਰੀ ਦਵਾਈ ਦੀ ਕਾਲਾ ਬਾਜਾਰੀ ਕਰਨ ਵਾਲਿਆਂ ਖਿ਼ਲਾਫ ਸਖਤ ਕਾਰਵਾਈ ਕੀਤੀ ਜਾਵੇਗੀ।

## ਬਜੁਰਗ ਨੂੰ ਝਾਂਸੇ 'ਚ ਲੈ ਕੇ ਔਰਤ ਨੇ ਪਹਿਲਾਂ ਖਿੱਚੀ ਅਸਲੀਲ ਫੋਟੋ, ਬਾਅਦ 'ਚ ਠੱਗੇ 5.86 ਲੱਖ ਰੁਪਏ

ਬਟਾਲਾ 31 ਮਈ। ਬਟਾਲਾ ਦੇ ਇਕ ਬਜੁਰਗ ਨੂੰ ਵਟਸਐਪ ਰਾਹੀਂ ਝਾਂਸੇ 'ਚ ਲੈ ਕੇ ਅਸਲੀਲ ਫੋਟੋ ਖਿੱਚ ਕੇ ਬਜੁਰਗ ਤੋਂ 5 ਲੱਖ 86 ਹਜਾਰ ਰੁਪਏ ਠੱਗਣ ਦੇ ਮਾਮਲੇ 'ਚ ਥਾਣਾ ਸਿਵਲ ਲਾਈਨ ਦੀ ਪੁਲਸ ਨੇ ਅਣਪਛਾਤੇ ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਐੱਸ. ਐੱਸ. ਪੀ. ਬਟਾਲਾ ਨੂੰ ਬੀਤੇ ਦਿਨੀਂ ਦਰਖਾਸਤ ਦੇ ਕੇ ਬਟਾਲਾ ਵਾਸੀ ਬਜੁਰਗ ਨੇ ਦੋਸੀਆਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਕਿ ਵਟਸਐਪ ਨੰਬਰ ਰਾਹੀਂ ਉਸ ਨੂੰ ਅਸਲੀਲ ਹਰਕਤਾਂ 'ਚ ਉਲਝਾ ਕੇ ਲੱਖਾਂ ਰੁਪਏ ਦੀ ਠੱਗੀ ਮਾਰੀ ਗਈ ਹੈ। ਪੁਲਸ ਨੂੰ ਲਿਖਾਈ ਸ਼ਿਕਾਇਤ 'ਚ ਬਜੁਰਗ ਨੇ




ਦੱਸਿਆ ਕਿ ਕੁਝ ਮਹੀਨੇ ਪਹਿਲਾਂ ਉਸਦੇ ਨੰਬਰ 'ਤੇ ਵਟਸਐਪ ਕਾਲ ਰਾਹੀਂ ਇਕ ਔਰਤ ਨੇ ਅਸਲੀਲ ਹਰਕਤਾਂ ਕਰਦਿਆਂ ਉਸ ਨੂੰ ਆਪਣੇ ਝਾਂਸੇ 'ਚ ਲੈ ਲਿਆ ਸੀ ਅਤੇ ਉਸਦੀ ਇਕ ਨਗਨ ਤਸਵੀਰ ਦਾ ਸਕਰੀਨ ਸਾਟ ਲੈ ਕੇ ਉਸ ਨੂੰ ਸੋਸਲ ਮੀਡੀਆ 'ਤੇ ਵਾਇਰਲ ਕੀਤੇ ਜਾਣ ਬਾਰੇ ਪਤਾ ਲੱਗਾ। ਇਸ ਤੋਂ ਬਾਅਦ ਇਕ ਹੋਰ ਨੰਬਰ ਰਾਹੀਂ ਇਕ ਅਣਪਛਾਤੇ ਵਿਅਕਤੀ ਦੀ ਕਾਲ ਆਈ ਕਿ ਮੈਂ ਸੀ. ਬੀ. ਆਈ. ਡਾਇਰੈਕਟਰ ਦਿੱਲੀ ਤੋਂ ਬੋਲਦਾ ਹਾਂ, ਜੋ ਤੁਹਾਡੀ ਪੋਸਟ ਸੋਸਲ ਮੀਡੀਆ 'ਤੇ ਵਾਇਰਲ ਹੋਈ ਹੈ, ਉਹ ਜੁਰਮ ਹੈ, ਜਿਸ ਨੇ ਇਕ ਹੋਰ ਨੰਬਰ ਦਿੱਤਾ ਤਾਂ ਉਸ ਨੇ ਉਸ ਨੰਬਰ 'ਤੇ ਗੱਲ ਕੀਤੀ ਅਤੇ ਕਿਹਾ ਕਿ ਇਹ ਸਕਰੀਨ ਸ਼ਾਟ ਡਿਲੀਟ ਕਰ ਦਿਓ ਤਾਂ ਅਣਪਛਾਤੇ ਵਿਅਕਤੀ ਨੇ ਕਿਹਾ ਕਿ ਮੇਰੇ ਖਾਤੇ ਵਿਚ 20,500 ਰੁਪਏ ਭੇਜੋ ਅਤੇ ਪੈਸੇ ਭੇਜਣ ਤੋਂ ਬਾਅਦ ਉਸਦੀ ਡਿਮਾਂਡ ਵਧਦੀ ਗਈ ਅਤੇ ਇਸ ਤਰ੍ਹਾਂ ਉਸ ਨਾਲ ਅਣਪਛਾਤੇ ਵਿਅਕਤੀਆਂ ਨੇ 5 ਲੱਖ 86 ਹਜਾਰ ਰੁਪਏ ਦੀ ਠੱਗੀ ਮਾਰੀ ਹੈ। ਉਕਤ ਮਾਮਲੇ ਦੇ ਸਬੰਧ 'ਚ ਥਾਣਾ ਸਿਵਲ ਲਾਈਨ ਦੇ ਸਬ ਇੰਸਪੈਕਟਰ ਗੁਰਮੀਤ ਸਿੰਘ ਨੇ ਦੱਸਿਆ ਕਿ ਐੱਸ. ਐੱਸ. ਪੀ. ਬਟਾਲਾ ਦੇ ਹੁਕਮਾਂ 'ਤੇ ਜਾਂਚ ਤੋਂ ਬਾਅਦ ਬਜੁਰਗ ਦੀ ਸਿ਼ਕਾਇਤ 'ਤੇ ਅਣਪਛਾਤੇ ਵਿਅਕਤੀਆਂ ਵਿਰੁੱਧ ਉਪਰੋਕਤ ਥਾਣੇ ਵਿਚ ਧਾਰਾ 420 ਆਈ.ਪੀ.ਸੀ.ਤਹਿਤ ਦਰਜ ਕਰ ਦਿੱਤਾ ਗਿਆ ਹੈ।

## ਬਾਬਾ ਲਾਲ ਦਿਆਲ ਜੀ ਦੇ ਮੰਦਰ ਦੀ ਗੋਲਕ 'ਚੋਂ ਚੋਰਾਂ ਨੇ ਉਡਾਏ ਹਜਾਰਾਂ ਰੁਪਏ

ਦੀਨਾਨਗਰ 31 ਮਈ। ਪੁਲਸ ਸਟੇਸਨ ਦੀਨਾਨਗਰ ਅਧੀਨ ਆਉਂਦੇ ਇਲਾਕੇ ਅੰਦਰ ਲਗਾਤਾਰ ਚੋਰੀ ਦੀਆਂ ਘਟਨਾ ਵਿਚ ਵਾਧਾ ਹੋਣ ਕਾਰਨ ਲੋਕਾਂ ਦੇ ਮਨਾਂ ਵਿੱਚ ਚੋਰਾਂ ਦੀ ਦਹਿਸਤ ਵਾਲਾ ਮਾਹੌਲ ਵੇਖਿਆ ਜਾ ਰਿਹਾ ਹੈ। ਜਿਸ ਦੀ ਮਿਸਾਲ ਬੀਤੀ ਰਾਤ ਚੋਰਾਂ ਵੱਲੋਂ ਦੀਨਾਨਗਰ ਦੇ ਨੇੜੇ ਪੈਂਦੇ ਕ੍ਰਿਸਨਾ ਨਗਰ ਕੈਂਪ ਵਿੱਚ ਬਾਬਾ ਲਾਲ ਦਿਆਲ ਜੀ ਦੇ ਮੰਦਰ ਦੀ ਰਾਤ ਨੂੰ ਚੋਰਾਂ ਨੇ ਗੋਲਕ ਤੋੜ ਕੇ ਕਰੀਬ 25 ਤੋਂ 30 ਹਜਾਰ ਦੀ ਰਾਸੀ ਚੋਰੀ ਕਰਨ ਦੀ ਖਬਰ ਮਿਲੀ ਹੈ। ਇਸ ਮੌਕੇ ਮੰਦਰ ਦੇ ਪੁਜਾਰੀ ਨੇ ਦੱਸਿਆ ਕਿ ਸਵੇਰੇ 5 ਵਜੇ ਦੇ ਕਰੀਬ ਮੰਦਰ ਆਇਆ ਤਾਂ ਗੇਟ ਦਾ ਤਾਲਾ ਟੁੱਟਿਆ ਹੋਇਆ ਸੀ। ਚੋਰਾਂ ਵੱਲੋਂ ਗੋਲਕ ਦਾ ਤਾਲਾ ਤੋੜ ਕੇ ਵਿੱਚੋਂ ਸਾਰੀ ਨਕਦੀ ਚੋਰੀ ਕਰ ਲਈ ਗਈ ਸੀ। ਇਸ ਦੀ ਸੂਚਨਾ ਦੀਨਾਨਗਰ ਪੁਲਸ ਨੂੰ ਦੇ ਦਿੱਤੀ ਗਈ ਹੈ। ਪੁਲਸ ਨੇ ਮੌਕੇ 'ਤੇ ਪਹੁੰਚ ਨੇੜਲੇ ਘਰ ਵਿੱਚ ਲੱਗੇ ਸੀਸੀਟੀਵੀ ਕੈਮਰੇ ਨੂੰ ਖੰਗਾਲਿਆ ਹੈ। ਦੂਜੇ ਪਾਸੇ ਇਲਾਕਾ ਵਾਸੀਆਂ ਦਾ ਕਹਿਣਾ ਹੈ ਕਿ ਦੀਨਾਨਗਰ ਤੇ ਇਲਾਕੇ ਅੰਦਰ ਲਗਾਤਾਰ ਹੀ ਚੋਰੀ ਦੀਆਂ ਘਟਨਾ ਵਾਪਰ ਰਹੀਆਂ ਹਨ, ਜਿਸ ਕਾਰਨ ਪੁਲਸ ਪ੍ਰਸਾਸਨ ਨੂੰ ਇਲਾਕੇ ਅੰਦਰ ਗਸਤ ਤੇਜ ਕਰਨ ਦੀ ਮੰਗ ਕੀਤੀ ਜਾਂਦੀ ਹੈ ਤਾਂ ਕਿ ਇਲਾਕੇ ਅੰਦਰ ਹੋ ਰਹੇ ਨਿਤ ਦਿਨ ਚੋਰੀ ਦੀਆਂ ਘਟਨਾ ਨੂੰ ਨੱਥ ਪਾਈ ਜਾ ਸਕੇ।

## ਪਿਤਾ ਦੇ ਸਸਕਾਰ ਤੋਂ ਪਰਤ ਰਹੀ ਧੀ ਸਣੇ 5 ਸਾਲਾ ਬੱਚੀ ਦੀ ਹਾਦਸੇ 'ਚ ਮੌਤ

ਮਲੋਟ 31 ਮਈ। ਕੱਲ ਗੁਰੂਹਰਸਹਾਏ ਨੇੜੇ ਵਾਪਰੇ ਦਰਦਨਾਕ ਸੜਕ ਹਾਦਸੇ ਵਿਚ ਮਲੋਟ ਵਾਸੀ ਇਕ 35 ਸਾਲਾ ਮਹਿਲਾ ਅਤੇ ਉਸਦੀ 5 ਸਾਲਾ ਬੱਚੀ ਦੀ ਦਰਦਨਾਕ ਮੌਤ ਹੋ ਗਈ, ਜਦਕਿ ਇਸ ਹਾਦਸੇ ਵਿਚ ਮਹਿਲਾ ਦਾ ਪਤੀ ਅਤੇ ਸੱਸ ਗੰਭੀਰ ਫੱਟੜ ਹੋ ਗਏ ਹਨ। ਮਿਲੀ ਜਾਣਕਾਰੀ ਅਨੁਸਾਰ ਮਲੋਟ ਦੇ ਦਵਿੰਦਰਾ ਰੋਡ ਵਾਸੀ ਸੁਖਮੀਤ ਕੌਰ ਆਪਣੇ ਪਤੀ ਗੁਰਜੀਤ ਸਿੰਘ, ਸੱਸ ਤੇ ਪੰਜ ਸਾਲਾ ਧੀ ਨਾਲ ਗੁਰੂਹਰਸਹਾਏ ਵਿਖੇ ਆਪਣੇ ਪਿਤਾ ਦੇ ਸਸਕਾਰ ਉਪਰੰਤ ਕਾਰ 'ਤੇ ਸਵਾਰ ਹੋ ਕੇ ਵਾਪਸ ਮਲੋਟ ਆ ਰਹੀ ਸੀ ਅਤੇ ਗੁਰੂਹਰਸਹਾਏ ਨੇੜੇ ਪਿੰਡ ਝੰਡੂ ਵਾਲਾ ਦੇ ਕੋਲ ਉਨ੍ਹਾਂ ਦੀ ਇਕ ਹੋਰ ਕਾਰ ਨਾਲ ਜੋਰਦਾਰ ਟੱਕਰ ਹੋ ਗਈ। ਇਸ ਹਾਦਸੇ ਵਿਚ ਸੁਖਮੀਤ ਕੌਰ ਅਤੇ ਉਸ ਦੀ ਬੱਚੀ ਨਿਮਰਤ ਕੌਰ ਦੀ ਦਰਦਨਾਕ ਮੌਤ ਹੋ ਗਈ, ਜਦਕਿ ਗੁਰਜੀਤ ਸਿੰਘ ਅਤੇ ਉਸਦੇ ਮਾਤਾ ਗੰਭੀਰ ਰੂਪ ਨਾਲ ਜਖਮੀ ਹੋ ਗਏ। ਨਿਮਰਤ ਕੌਰ ਜੀ. ਟੀ. ਬੀ. ਐਲੀਮੈਂਟਰ ਸਕੂਲ ਦੀ ਵਿਦਿਆਰਥਣ ਸੀ। ਇਸ ਹਾਦਸੇ ਤੋਂ ਬਾਅਦ ਇਲਾਕੇ ਵਿਚ ਸੋਗ ਦੀ ਲਹਿਰ ਦੌੜ ਗਈ ਹੈ।

## ਬਿਜਲੀ ਚੋਰਾਂ ਦੇ ਹੌਸਲੇ ਬੁਲੰਦ, ਮੀਟਰ ਟੈਂਪਰ ਕਰਵਾ ਕੇ ਕਰ ਰਹੇ ਬਿਜਲੀ ਚੋਰੀ

ਅੰਮ੍ਰਿਤਸਰ 31 ਮਈ। ਪੰਜਾਬ 'ਚ ਭਾਵੇਂ ਸਰਕਾਰ ਨੇ ਘਰੇਲੂ 600 ਯੂਨਿਟ ਬਿਜਲੀ ਲੋਕਾਂ ਨੂੰ ਫ੍ਰੀ ਦਿੱਤੀ ਹੈ ਪਰ ਉਸ ਦੇ ਬਾਵਜੂਦ ਲੋਕਾਂ ਦੇ ਬਿਜਲੀ ਚੋਰੀ ਕਰਨ ਲਈ ਹੌਸਲੇ ਬੁਲੰਦ ਹਨ। ਬਾਰਡਰ ਜੋਨ ਇਲਾਕੇ 'ਚ ਜਦੋਂ ਵੀ ਪਾਵਰਕਾਮ ਦੀਆਂ ਟੈਕਨੀਕਲ ਟੀਮਾਂ ਬਿਜਲੀ ਚੋਰੀ ਨੂੰ ਲੈ ਕੇ ਛਾਪੇਮਾਰੀ ਕਰਦੀਆਂ ਹਨ ਤਾਂ ਕਈ ਮੀਟਰ ਟੈਂਪਰ ਹੋਏ ਫੜੇ ਜਾਂਦੇ ਹਨ। ਪਾਵਰਕਾਮ ਨੇ ਅੱਜ ਦਿਨ ਤੱਕ ਜਿੰਨੇ ਯਤਨ ਬਿਜਲੀ ਚੋਰੀ ਰੋਕਣ ਨੂੰ ਲੈ ਕੇ ਕੀਤੇ ਹਨ ਤਾਂ ਬਿਜਲੀ ਚੋਰਾਂ ਨੇ ਉਨ੍ਹਾਂ ਤੋਂ ਦੋ ਕਦਮ ਅੱਗੇ ਚੱਲ ਕੇ ਨਵੇਂ-ਨਵੇਂ ਤਰੀਕੇ ਬਿਜਲੀ ਚੋਰੀ ਦੇ ਕੱਢੇ ਹਨ। ਉੱਥੇ ਹੀ ਹੁਣ ਪ੍ਰੀ-ਪੇਡ ਮੀਟਰ ਲਗਾਉਣ ਦੀ ਤਿਆਰੀਆਂ ਚੱਲ ਰਹੀਆਂ ਹਨ। ਪੰਜਾਬ ਸਰਕਾਰ ਨੇ ਜੋ 600 ਯੂਨਿਟ ਬਿਜਲੀ ਲੋਕਾਂ ਨੂੰ ਫ੍ਰੀ ਕੀਤੀ ਹੈ। ਉਸ ਦਾ ਫਾਇਦਾ ਪਾਵਰਕਾਮ ਨੂੰ ਵੀ ਹੋਣ ਲੱਗਾ ਹੈ। ਪਿਛਲੇ ਇਕ ਸਾਲ ਦੀ ਗੱਲ ਕਰੀਏ ਤਾਂ ਪਾਵਰਕਾਮ ਨੇ ਬਾਰਡਰ ਜੋਨ 'ਚ ਬਿਜਲੀ ਚੋਰੀ ਦੇ ਸ਼ੱਕ 'ਚ ਸੈਂਕੜੇ ਮੀਟਰ ਜਬਤ ਕੀਤੇ ਹਨ, ਜਿਨ੍ਹਾਂ ਵਿਚੋਂ 75 ਫੀਸਦੀ ਮੀਟਰ ਟੈਂਪਰ ਹੀ ਪਾਏ ਜਾਂਦੇ ਹਨ, ਜਿਸ ਨਾਲ ਲੋਕਾਂ ਨੂੰ ਲੱਖਾਂ ਰੁਪਏ ਜੁਰਮਾਨਾ ਪਿਆ ਹੈ। ਪਾਵਰ ਕਾਮ ਦੇ ਅਧਿਕਾਰੀਆਂ ਦੁਆਰਾ ਜਦੋਂ ਦੇਖਿਆ ਜਾਂਦਾ ਹੈ ਕਿ ਘਰ 'ਚ ਏ. ਸੀ., ਗੀਜਰ ਲੱਗੇ ਹਨ ਅਤੇ ਗਰਮੀਆਂ ਸਰਦੀਆਂ 'ਚ ਜੀਰੋ ਲੋਡ ਨੂੰ ਚੈੱਕ ਕੀਤਾ ਜਾਂਦਾ ਹੈ ਤੇ ਉਸ ਦੇ ਤਹਿਤ ਹੀ ਜੁਰਮਾਨਾ ਪਾਇਆ ਜਾਂਦਾ ਹੈ। ਜਿੰਨਾ ਲੋਕਾਂ ਦੇ ਘਰਾਂ ਦਾ ਬਿੱਲ ਸਾਰੇ ਸਾਲ 'ਚ ਨਹੀਂ ਆਉਣਾ ਹੁੰਦਾ ਓਨਾ ਇਕ ਵਾਰ 'ਚ ਜੁਰਮਾਨੇ ਦੇ ਰੂਪ 'ਚ ਪੈ



ਜਾਂਦਾ ਹੈ। ਲੋਕਾਂ ਦਾ ਜਦੋਂ ਬਿਜਲੀ ਬਿੱਲ ਹੀ ਆ ਰਿਹਾ ਹੈ ਤੇ 600 ਯੂਨਿਟ ਤੋਂ ਵੀ ਘੱਟ ਬਿਜਲੀ ਖਪਤ ਹੋ ਰਹੀ ਹੈ ਤਾਂ ਉਨ੍ਹਾਂ ਦੇ ਮੀਟਰ ਨੂੰ ਜਬਤ ਕਰ ਕੇ ਐੱਮ.ਈ. ਲੈਬ 'ਚ ਭੇਜਿਆ ਜਾਂਦਾ ਹੈ ਅਤੇ ਉੱਥੇ ਬੋਰਡ ਦੀ ਨਿਗਰਾਨੀ 'ਚ ਉਸ ਨੂੰ ਚੈੱਕ ਕੀਤਾ ਜਾਂਦਾ ਹੈ ਉੱਥੇ ਮੀਟਰ ਟੈਂਪਰ ਪਾਇਆ ਜਾਂਦਾ ਹੈ। ਉੱਥੇ ਹੀ ਵਿਭਾਗ ਦੁਆਰਾ ਉਕਤ ਖਪਤਕਾਰਾਂ ਦੇ ਘਰ 'ਚ ਸਾਰੇ ਸਵਿਚ, ਫ੍ਰੀਜ, ਏ. ਸੀ., ਟੀ.ਵੀ., ਮੋਟਰ ਆਦਿ ਦੇ ਜਾਂਦਾ ਹੈ। ਲੋਕਾਂ ਦਾ ਜਦੋਂ ਬਿਜਲੀ ਬਿੱਲ ਥੋੜ੍ਹਾ ਜਿ਼ਆਦਾ ਆਉਣਾ ਸ਼ੁਰੂ ਹੋ ਜਾਂਦਾ ਹੈ ਤਾਂ ਆਪਣੇ ਘਰ ਦੀ ਬਿਜਲੀ ਵੱਲ ਇਲੈਕਟ੍ਰਾਨਿਕ ਚੀਜਾਂ 'ਤੇ ਧਿਆਨ ਨਾ ਦੇ ਕੇ ਲੋਕਾਂ ਦੀਆਂ ਗੱਲਾਂ 'ਚ ਆ ਜਾਂਦੇ ਹਨ ਤੇ ਮੀਟਰ ਟੈਂਪਰ ਕਰਵਾ ਲੈਂਦੇ ਹਨ। ਜਦੋਂ ਕਦੇ ਪਾਵਰਕਾਮ ਦੀਆਂ ਟੀਮਾਂ ਫੀਲਡ 'ਚ ਚੈਕਿੰਗ ਲਈ ਆਉਂਦੀਆਂ ਹਨ ਤਾਂ ਉਹ ਫੜੇ ਜਾਂਦੇ ਹਨ ਤੇ ਭਾਰੀ ਜੁਰਮਾਨਾ ਪੈਂਦਾ ਹੈ।

## 66 ਫੁੱਟੀ ਰੋਡ ਦੇ ਆਲੇ-ਦੁਆਲੇ ਅਲੀਪੁਰ ਸਣੇ ਕਈ ਇਲਾਕਿਆਂ 'ਚ ਆਇਆ ਨਾਜਾਇਜ ਉਸਾਰੀਆਂ ਦਾ ਹੜ੍ਹ

ਜਲੰਧਰ 31 ਮਈ। ਇਨ੍ਹੀਂ ਦਿਨੀਂ 66 ਫੁੱਟੀ ਰੋਡ ਦੇ ਆਲੇ-ਦੁਆਲੇ ਨਵਾਂ ਜਲੰਧਰ ਡਿਵੈੱਲਪ ਹੋਣ ਦੇ ਦਾਅਵੇ ਤਾਂ ਕੀਤੇ ਜਾ ਰਹੇ ਹਨ ਪਰ ਉਨ੍ਹਾਂ ਦਾਅਵਿਆਂ ਵਿਚ ਕਿੰਨੀ ਸੱਚਾਈ ਹੈ, ਇਸ ਦਾ ਅੰਦਾਜਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਇਨ੍ਹੀਂ ਦਿਨੀਂ ਅਲੀਪੁਰ ਅਤੇ ਮਿੱਠਾਪੁਰ ਆਦਿ



ਇਲਾਕਿਆਂ ਵਿਚ ਨਾਜਾਇਜ ਉਸਾਰੀਆਂ ਦਾ ਹੜ੍ਹ ਜਿਹਾ ਆਇਆ ਹੋਇਆ ਹੈ। ਬਿਨਾਂ ਪਲਾਨਿੰਗ ਦੇ ਹੋ ਰਹੀਆਂ ਅਜਿਹੀਆਂ ਉਸਾਰੀਆਂ ਕਾਰਨ ਪੂਰੇ ਇਲਾਕੇ ਦੀ ਸ਼ਕਲ ਵਿਗੜ ਰਹੀ ਹੈ ਅਤੇ ਨਾਗਰਿਕ ਸਹੂਲਤਾਂ ਵਿਚ ਕਮੀ ਆਉਣ ਦੀ ਸੰਭਾਵਨਾ ਹੈ ਪਰ ਸਰਕਾਰੀ ਤੰਤਰ ਦਾ ਇਸ ਪਾਸੇ ਬਿਲਕੁਲ ਵੀ ਧਿਆਨ ਨਹੀਂ ਹੈ। 'ਆਪ' ਸਰਕਾਰ ਇਸ ਮਾਮਲੇ ਵਿਚ ਸਖਤੀ ਨਾਲ ਪੇਸ਼ ਨਹੀਂ ਆ ਰਹੀ। ਇਨ੍ਹੀਂ ਦਿਨੀਂ ਨਗਰ ਨਿਗਮ ਦੇ ਬਿਲਡਿੰਗ ਵਿਭਾਗ ਦੀ ਟੀਮ ਨੇ 66 ਫੁੱਟੀ ਰੋਡ 'ਤੇ ਨਾਜਾਇਜ ਉਸਾਰੀਆਂ ਨੂੰ ਰੋਕਣ ਦੀ ਕਾਰਵਾਈ ਸੁਰੂ ਕੀਤੀ ਹੋਈ ਹੈ ਪਰ ਇਸ ਮਾਮਲੇ ਵਿਚ ਨਿਗਮ 'ਤੇ ਵੀ ਨਾਜਾਇਜ ਦਬਾਅ ਪਾਇਆ ਜਾ ਰਿਹਾ ਹੈ। ਅੱਜ ਛੁੱਟੀ ਹੋਣ ਦੇ ਬਾਵਜੂਦ ਨਿਗਮ ਦੀ ਟੀਮ ਨੇ ਮਿੱਠਾਪੁਰ, ਅਲੀਪੁਰ ਇਲਾਕੇ ਵਿਚ ਜਾ ਕੇ ਚੱਲ ਰਹੀਆਂ ਨਾਜਾਇਜ ਉਸਾਰੀਆਂ ਨੂੰ ਠੱਲ੍ਹ ਪਾਈ। ਜਿ਼ਕਰਯੋਗ ਹੈ ਕਿ ਇਨ੍ਹਾਂ ਨਾਜਾਇਜ ਉਸਾਰੀਆਂ ਕਾਰਨ ਸਰਕਾਰੀ ਮਾਲੀਏ ਨੂੰ ਵੀ ਲੱਖਾਂ-ਕਰੋੜਾਂ ਰੁਪਏ ਦਾ ਨੁਕਸਾਨ ਹੋ ਰਿਹਾ ਹੈ ਪਰ ਫਿਰ ਵੀ ਜਿ਼ੰਮੇਵਾਰ ਅਧਿਕਾਰੀਆਂ ਖਿ਼ਲਾਫ ਕੋਈ ਕਾਰਵਾਈ ਨਹੀਂ ਹੋ ਰਹੀ। 66 ਫੁੱਟੀ ਰੋਡ ਇਲਾਕੇ ਨੇੜੇ ਗੁਰੂ ਨਾਨਕ ਮਿਸਨ ਸੰਸਥਾ ਵੱਲੋਂ ਨਵਾਂ ਹਸਪਤਾਲ ਬਣਾਇਆ ਗਿਆ ਹੈ, ਜਿਸ ਦੇ ਪਿੱਛੇ ਵੱਡੇ ਇਲਾਕੇ ਵਿਚ ਨਾਜਾਇਜ ਉਸਾਰੀਆਂ ਦਾ ਸਿਲਸਿਲਾ ਸੁਰੂ ਹੋ ਗਿਆ ਹੈ। ਉੱਥੇ ਅਚਾਨਕ ਕਈ ਅਜਿਹੇ ਡੀਲਰ ਸਰਗਰਮ ਹੋ ਗਏ ਹਨ, ਜਿਨ੍ਹਾਂ ਨੇ ਸਸਤੇ ਭਾਅ 'ਤੇ ਪਲਾਟ ਲੈ ਕੇ ਨਾਜਾਇਜ ਉਸਾਰੀਆਂ ਸੁਰੂ ਕਰ ਦਿੱਤੀਆਂ ਹਨ ਅਤੇ ਉਨ੍ਹਾਂ ਨੂੰ ਬਹੁਤ ਮਹਿੰਗੇ ਭਾਅ 'ਤੇ ਵੇਚਿਆ ਜਾ ਰਿਹਾ ਹੈ। ਨਗਰ ਨਿਗਮ ਦੀ ਟੀਮ ਨੇ ਅੱਜ ਸੁਖਦੇਵ ਵਸਿ਼ਸਟ, ਨਰਿੰਦਰ ਇੰਸਪੈਕਟਰ, ਕਮਲ ਭਾਨ, ਹਨੀ ਥਾਪਰ ਅਤੇ ਵਿਕਾਸ ਆਦਿ ਦੀ ਅਗਵਾਈ ਵਿਚ ਉਥੇ ਜਾ ਕੇ ਕਾਰਵਾਈ ਕੀਤੀ ਤੇ ਲਗਭਗ ਅੱਧੀ ਦਰਜਨ ਨਾਜਾਇਜ ਉਸਾਰੀਆਂ ਦਾ ਕੰਮ ਰੋਕਿਆ। ਜਿ਼ਕਰਯੋਗ ਹੈ ਕਿ ਇਨ੍ਹਾਂ ਉਸਾਰੀਆਂ ਨੂੰ ਪਹਿਲਾਂ ਵੀ ਨੋਟਿਸ ਜਾਰੀ ਕੀਤੇ ਗਏ ਸਨ ਪਰ ਫਿਰ ਵੀ ਕੋਠੀਆਂ ਆਦਿ ਬਣਾ ਰਹੇ ਡੀਲਰਾਂ ਨੇ ਉਨ੍ਹਾਂ ਨੋਟਿਸਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ, ਜਿਸ ਤੋਂ ਸਪੱਸ਼ਟ ਹੈ ਕਿ ਲੋਕਾਂ ਦੇ ਮਨਾਂ ਵਿਚੋਂ ਨਿਗਮ ਦਾ ਡਰ ਖਤਮ ਹੁੰਦਾ ਜਾ ਰਿਹਾ ਹੈ। 66 ਫੁੱਟੀ ਰੋਡ ਨੇੜੇ ਅਲੀਪੁਰ ਵਿਚ ਕਦੀ ਭੱਟੀ ਕੋਲਡ ਸਟੋਰ ਹੁੰਦਾ ਸੀ ਜੋ ਕਿ ਏਕੜ ਵਿਚ ਫੈਲਿਆ ਹੋਇਆ ਸੀ। ਹੁਣ ਉਸ ਕੋਲਡ ਸਟੋਰ ਨੂੰ ਢਾਹ ਕੇ ਉਥੇ ਕਾਲੋਨੀ ਕੱਟਣ ਦੀ ਤਿਆਰੀ ਹੈ। ਪਤਾ ਲੱਗਾ ਹੈ ਕਿ ਨਿਗਮ ਤੋਂ ਸੀ. ਐੱਲ. ਯੂ. ਤਾਂ ਪਾਸ ਕਰਵਾ ਲਿਆ ਗਿਆ ਹੈ ਪਰ ਅਜੇ ਤੱਕ ਕਾਲੋਨੀ ਦਾ ਲਾਇਸੈਂਸ ਆਦਿ ਜਾਰੀ ਨਹੀਂ ਹੋਇਆ ਹੈ ਅਤੇ ਨਾ ਹੀ ਪੂਰੀਆਂ ਫੀਸਾਂ ਅਦਾ ਕੀਤੀਆਂ ਗਈਆਂ ਹਨ। ਇਸ ਦੇ ਬਾਵਜੂਦ ਉਥੇ ਸੜਕਾਂ ਬਣਾਉਣ ਅਤੇ ਪਲਾਟਿੰਗ ਦਾ ਕੰਮ ਚੱਲ ਰਿਹਾ ਸੀ, ਜਿਸ ਨੂੰ ਅੱਜ ਨਿਗਮ ਦੀ ਟੀਮ ਨੇ ਜਾ ਕੇ ਰੋਕ ਦਿੱਤਾ। ਨਿਗਮ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਬਿਨਾਂ ਲਾਇਸੈਂਸ ਦੇ ਇਥੇ ਕਾਲੋਨੀ ਨਹੀਂ ਕੱਟਣ ਦਿੱਤੀ ਜਾਵੇਗੀ।

## ਅਮੀਰ ਹੋਣ ਦੇ ਚੱਕਰ 'ਚ ਮਜਦੂਰੀ ਛੱਡ ਕਰਨ ਲੱਗੇ ਨਸ਼ਾ ਤਸਕਰੀ, ਹੈਰੋਇਨ ਸਣੇ 3 ਦੋਸਤ ਕੀਤੇ ਕਾਬੂ

ਜਲੰਧਰ 31 ਮਈ। ਮਜਦੂਰੀ ਛੱਡ ਕੇ ਸੌਖੇ ਤਰੀਕੇ ਨਾਲ ਪੈਸੇ ਕਮਾਉਣ ਲਈ ਨਸਾ ਤਸਕਰ ਬਣਨ ਵਾਲੇ 3 ਦੋਸਤਾਂ ਨੂੰ ਸਪੈਸਲ ਟਾਸਕ ਫੋਰਸ (ਐੱਸ.ਟੀ.ਐੱਫ.) ਜਲੰਧਰ ਰੇਂਜ ਦੀ ਟੀਮ ਨੇ 500 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਹੈ। ਐੱਸ.ਟੀ.ਐੱਫ. ਦੇ ਏ.ਆਈ.ਜੀ. ਜਗਜੀਤ ਸਿੰਘ ਸਰੋਆ ਨੇ ਦੱਸਿਆ ਕਿ ਡੀ.ਐੱਸ.ਪੀ. ਯੋਗੇਸ ਕੁਮਾਰ ਦੀ ਅਗਵਾਈ ਹੇਠ ਐੱਸ.ਆਈ. ਸੰਜੀਵ ਕੁਮਾਰ ਵੱਲੋਂ ਵਿਸੇਸ ਨਾਕਾਬੰਦੀ ਦੌਰਾਨ ਕਾਬੂ ਕੀਤੇ ਉਕਤ ਹੈਰੋਇਨ ਸਮੱਗਲਰਾਂ ਦੀ ਪਛਾਣ ਪ੍ਰਿੰਸਪਾਲ ਸਿੰਘ ਪੁੱਤਰ ਬਲਵਿੰਦਰ ਸਿੰਘ, ਯੁਵਰਾਜ ਸਿੰਘ ਪੁੱਤਰ ਰੇਸਮ ਸਿੰਘ ਤੇ ਹਰਦੀਪ ਸਿੰਘ ਪੁੱਤਰ ਮੇਜਰ ਸਿੰਘ ਤਿੰਨੋਂ ਵਾਸੀ ਵਾਰਡ ਨੰ.7 ਜੰਡਿਆਲਾ ਗੁਰੂ, ਅੰਮ੍ਰਿਤਸਰ ਵਜੋਂ ਹੋਈ ਹੈ। ਤਿੰਨਾਂ ਖਿ਼ਲਾਫ ਐੱਸ.ਟੀ.ਐੱਫ. ਥਾਣਾ ਮੋਹਾਲੀ 'ਚ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾਂ ਨੂੰ ਹੋਰ ਪੁੱਛਗਿੱਛ ਲਈ ਮਾਣਯੋਗ ਅਦਾਲਤ 'ਚ ਪੇਸ ਕਰ ਕੇ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ। ਏ.ਆਈ.ਜੀ. ਸਰੋਆ ਨੇ ਦੱਸਿਆ ਕਿ ਤਿੰਨਾਂ ਦੇ ਪੁਰਾਣੇ ਅਪਰਾਧਿਕ ਰਿਕਾਰਡ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਨਸੇ ਦੇ



ਕਾਰੋਬਾਰ 'ਚ ਆਉਣ ਤੋਂ ਪਹਿਲਾਂ 7ਵੀਂ ਜਮਾਤ ਤੱਕ ਪੜ੍ਹਿਆ ਪ੍ਰਿੰਸਪਾਲ ਇਕ ਦਰੀਆਂ ਬਣਾਉਣ ਵਾਲੀ ਫੈਕਟਰੀ 'ਚ ਕੰਮ ਕਰਦਾ ਸੀ। ਉਸ ਨੇ ਦੱਸਿਆ ਕਿ ਉਸ ਦੀ ਵਿਜੇ ਨਾਂ ਦੇ ਵਿਅਕਤੀ ਨਾਲ ਪਛਾਣ ਹੋਈ ਸੀ ਪਰ ਉਸ ਦਾ ਪਤਾ ਉਸ ਨੂੰ ਪਤਾ ਨਹੀਂ ਸੀ। ਦੂਜੇ ਮੁਲਜਮ ਯੁਵਰਾਜ ਸਿੰਘ ਨੇ ਸਿਰਫ 4 ਜਮਾਤਾਂ ਹੀ ਪੜ੍ਹੀਆਂ ਹਨ। ਉਹ ਪਹਿਲਾਂ ਨਿਊਟਰੀ ਕੁਲਚੇ ਦੀ ਦੁਕਾਨ 'ਤੇ ਕੰਮ ਕਰਦਾ ਸੀ। ਫਿਰ ਉਸ ਦੀ ਪ੍ਰਿੰਸਪਾਲ ਨਾਲ ਦੋਸਤੀ ਹੋ ਗਈ। ਤੀਜਾ ਮੁਲਜਮ ਹਰਦੀਪ ਸਿੰਘ 12ਵੀਂ ਜਮਾਤ ਤੱਕ ਪੜ੍ਹਿਆ ਹੈ। ਪਹਿਲਾਂ ਉਹ ਆਪਣੇ ਪਿਤਾ ਨਾਲ ਮੰਡੀ 'ਚ ਪੱਲੇਦਾਰੀ ਦਾ ਕੰਮ ਕਰਦਾ ਸੀ। ਉਹ ਮਾੜੀ ਸੰਗਤ ਦਾ ਸਿ਼ਕਾਰ ਹੋ ਗਿਆ ਤੇ ਨਸੇ ਕਰਨ ਲੱਗਾ। ਇਸ ਦੌਰਾਨ ਉਹ ਪ੍ਰਿੰਸਪਾਲ ਦੇ ਸੰਪਰਕ 'ਚ ਆਇਆ, ਜੋ ਉਸ ਨੂੰ 2 ਵਾਰ ਨਸਾ ਕਰਨ ਦਿੰਦਾ ਸੀ, ਫਿਰ ਉਸ ਨੇ ਪ੍ਰਿੰਸ ਨਾਲ ਮਿਲ ਕੇ ਹੈਰੋਇਨ ਦੀ ਸਪਲਾਈ ਸੁਰੂ ਕਰ ਦਿੱਤੀ।


**NAME CHANGE**
I,Pruthviraj son of no-2809615A Nk Rupnur Kashinath Bharmu R/O vill-Khanderajuri POST- Khanderajuri TEH - Miraj DIST - Sangli Maharashtra PIN CODE -416410 have changed my name from Pruthviraj to Pruthviraj kashinath rupnur For allfuture purposes vide Affidavit dated 31/01 /2024 before Notary public, Delhi

**NAME CHANGE**
I, ZULFIQAR AHMAD S/O KHALID SAIFULLAH residing at E-100 2ND FLOOR ABDUL FAZAL ENCLAVE HARI KHOTI ROAD NEW FRIENDS COLONY DELHI-110025 have changed my name to ZULFIQUAR AHMAD for all future purpose.

**NAME CHANGE**
I hitherto known as NIBOO LAL S/O KHILADI YADAV R/O 53 SAPERA BASTI, GHAROLI, EAST DELHI-110096 have changed my name and shall hereafter be known as NEEMBU LAL.

**नाम परिवर्तन**
मैं,संगीता गुप्ता पुत्री स्वर्गीय श्री राम किशोर गुप्ता पत्नी श्री एम.एन. राव निवासी 41-बी, सेक्टर-11, धवन गिरी अपार्टमेंट, नोएडा, उत्तर प्रदेश, 201301। मैंने श्री एम.एन. राव से शादी के बाद भविष्य के सभी उद्देश्यों के लिए मेरा नाम बदलकर *संगीता राव* कर दिया है।

**NAME CHANGE**
I, Mohd Zeeshan s/o Hassin Uddin R/o at H.NO.1208/B, Street No.39/4, Nr. Khajoor Wali Masjid, Jafrabad, Delhi-110053, have changed my name to Zeeshan permanently

**NAME CHANGE**
I, FARAH JAVED W/o ISHRAT ZAFAR residing at K-46, GROUND FLOOR, BATLA HOUSE, OKHLA, DELHI-110025 have changed my name to FARHA JAVED for all future purpose

**NAME CHANGE**
I, hitherto known as I, SAQIB Son of mohammad hashim residing at h no-2523, kucha baqaullah, tiraha behram khan, darya ganj, delhi-110002 have changed my name and shall hereafter be known as saqib khan.

**NAME CHANGE**
I, VINOD KUMAR S/O BHRAHMANAND residing at 158-A, DDA FLATS,, HARI NAGAR, ASHRAM, DELHI-110014 have changed my name to VINOD GUPTA permanently.

**NAME CHANGE**
I hitherto known as SHANTI BHATNAGAR VERMA W/o PRANAYA VERMA, R/o House No.78, Anukampa Chitra Vihar, Behind, Swasthya Vihar, Vikas Marg, Delhi-110092, have changed my name and shall hereafter be known as SHURUTI BHATNAGAR

**NAME CHANGE**
I, MAHDUBAI M/O 2801279k Hav thanage milind chhabu Vill-hiware bazar Post-daithane gunjal Tel- ahmednagar District -ahmednagar State Maharashtra Pin 414103 Have changed name from MAHDUBAI to MANDABAI CHHABU THANGE for all future purpose vide affidavit Date 31 Jan 2024 before Notary Public Delhi

**NAME CHANGE**
It is for general information that I,SUKHDEV SINGH NEGI S/o Late Shri. B.S Negi, R/o H.No.B-86, Phase-1, Aya Nagar, New Delhi-110047, declare that name of mine has been wrongly written as SUKHDEV SINGH in my service record. The actual name of mine is SUKHDEV SINGH NEGI , which may be amended accordingly.

**NAME CHANGE**
I, Manjushri W/O No jc-462465w Nb/sub- Bhoite abhaysinh daulat Vill - kinhai Post- kinhai Tah - koregaon Dist - satara Maharashtra Pin code-415021 Have changed name from manjushri to manjushri abhaysinh bhoite for all future purpose vide Affidavit Date 31 Jan 2024 before Notary Public Delhi

**NAME CHANGE**
I VARSHA YADAV, W/O MRINAL KHURANA, R/O H. NO.-184 ,First Floor, Sector -5 wavecity ,NH-24, Ghaziabad, Uttar Pradesh -201002 have changed the name of my minor son YUVIN MRINAL KHURANA aged 7 years and he shall hereafter be known as YUVIN YADAV.

**NAME CHANGE**
I, KALINDI TIWARI Mother of No. 17005685M Rank-NK Name- SHATRUGHAN TIWARI R/o VILL-BHIMPUR, PO & DIST-DEORIA, UTTAR PRADESH-274001, have changed my name from KALINDI TIWARI to KALINDA for all future purposes vide affidavit dated 31/01/2024 before Notary Public, Delhi.

**NAME CHANGE**
I, ARTI KUMARI wife of No. 15781099Y Rank-HAV Name-SHIORAJ PANDIT presently residing at BIMARI, BHOJPUR ARA, CHAUGHARA, BHOJPUR, BIHAR-802154purposes vide Affidavit Dated 31/01/2024 before Notary Public, Delhi.

**NAME CHANGE**
I,Raviraj son of no-2809615A Nk Rupnur Kashinath Bharmu R/O vill-Khanderajuri POST- Khanderajuri TEH - Miraj DIST - Sangli Maharashtra PIN CODE -416410 have changed my name from Raviraj to Raviraj kashinath rupnur For allfuture purposes vide Affidavit dated 31/01 /2024 before Notary public, Delhi

**NAME CHANGE**
I, ABRAR AHMAD S/O MOHAMMAD NAEEM R/O A-17, MURADI ROAD, BATLA HOUSE, OKHLA, NEW DELHI-110025, mistakenly entered my father name NAEEM AHMAD in my passport whereas the correct name of my father's is "MOHAMMAD NAEEM" and to be known as "MOHAMMAD NAEEM" for all purpose in future

**NAME CHANGE**
I, PUNAMPUNEET KAUR Daughter of JC-501163H Rank-HONY LT, Name-BALJIT SINGH presently residing at VPO-POOHLI, TEH-NATHANA, DISTRICT-BATHINDA, PUNJAB-151102 have changed my name from PUNAMPUNEET KAUR to POONAMPNEET KAUR for all future purposes vide affidavit dated 31/01/2024 before Notary Public, Delhi.

**ਉੱਤਰ ਰੇਲਵੇ**
ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

**ਖੁਲੀ ਈ-ਟੈਂਡਰ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀਅਰ ਮੰਡਲ ਇੰਜੀਨੀਅਰ-ਚੋਥੀ, ਉੱਤਰ ਰੇਲਵੇ, ਨਵੀਂ ਦਿੱਲੀ ਦੁਵਾਰਾ ਹੇਠਾ ਕੰਮ ਦੇ ਲਈ ਈ-ਟੈਂਡਰ ਦੇ ਦੁਵਾਰਾ ਤੋਂ ਟੈਂਡਰ ਮੰਗ ਕੀਤੀ ਜਾਂਦੀ ਹੈ ।

| | |
|---|---|
| ਕੰਮ ਦਾ ਨਾਮ | 1. ਸੀਨੀਅਰ ਸੈਕਸ਼ਨ ਇੰਜੀਨੀਅਰ/ਕੰਮ/ਜੀਂਦ ਦੇ ਅਧੀਨ ਦਿੱਲੀ-ਬਠਿੰਡਾ ਖੰਡ ਵਿਚ ਸਲਾਨਾ ਜੋਨ ਕੰਮ ਸਟਾਫ ਕਵਾਟਰ ਅਤੇ ਸਰਵਿਸ ਬਿਲਡਿੰਗ ਦੇ ਰੱਖ-ਰੱਖਾਵ ਦੇ ਲਈ 30.06.2025 ਨੂੰ ਸਮਾਪਤ ਹੋਣ ਵਾਲੀ ਅਵੱਧੀ ਲਈ ਕੰਮ । (ਟੈਂਡਰ ਨੰਬਰ 25-W-IV-24-25)<br>2. ਸੀਨੀਅਰ ਸੈਕਸ਼ਨ ਇੰਜੀਨੀਅਰ/ਕੰਮ/ਜਾਖਲ ਦੇ ਅਧੀਨ ਦਿੱਲੀ-ਬਠਿੰਡਾ ਖੰਡ ਵਿਚ ਸਲਾਨਾ ਜੋਨ ਕੰਮ ਸਟਾਫ ਕਵਾਟਰ ਅਤੇ ਸਰਵਿਸ ਬਿਲਡਿੰਗ ਦੇ ਰੱਖ-ਰੱਖਾਵ ਦੇ ਲਈ 30.06.2025 ਨੂੰ ਸਮਾਪਤ ਹੋਣ ਵਾਲੀ ਅਵੱਧੀ ਲਈ ਕੰਮ । (ਟੈਂਡਰ ਨੰਬਰ 26-W-IV-24-25)<br>3. ਸੀਨੀਅਰ ਸੈਕਸ਼ਨ ਇੰਜੀਨੀਅਰ/ਕੰਮ/ਜੀਂਦ ਦੇ ਅਧੀਨ ਸੋਨੀਪਤ ਖੰਡ ਵਿਚ ਸਲਾਨਾ ਜੋਨ ਕੰਮ ਸਟਾਫ ਕਵਾਟਰ ਅਤੇ ਸਰਵਿਸ ਬਿਲਡਿੰਗ ਦੇ ਰੱਖ-ਰੱਖਾਵ ਦੇ ਲਈ 30.06.2025 ਨੂੰ ਸਮਾਪਤ ਹੋਣ ਵਾਲੀ ਅਵੱਧੀ ਲਈ ਕੰਮ । (ਟੈਂਡਰ ਨੰਬਰ 27-W-IV-24-25)<br>4. ਸੀਨੀਅਰ ਸੈਕਸ਼ਨ ਇੰਜੀਨੀਅਰ/ਕੰਮ/ਬਹਾਦੁਰਗੜ੍ਹ ਦੇ ਅਧੀਨ ਦਿੱਲੀ-ਬਠਿੰਡਾ ਖੰਡ ਵਿਚ ਸਲਾਨਾ ਜੋਨ ਕੰਮ ਸਟਾਫ ਕਵਾਟਰ ਅਤੇ ਸਰਵਿਸ ਬਿਲਡਿੰਗ ਦੇ ਰੱਖ-ਰੱਖਾਵ ਦੇ ਲਈ 30.06.2025 ਨੂੰ ਸਮਾਪਤ ਹੋਣ ਵਾਲੀ ਅਵੱਧੀ ਲਈ ਕੰਮ । (ਟੈਂਡਰ ਨੰਬਰ 28-W-IV-24-25)<br>5. ਸੀਨੀਅਰ ਸੈਕਸ਼ਨ ਇੰਜੀਨੀਅਰ/ਕੰਮ/ਰੋਹਤਕ ਦੇ ਅਧੀਨ ਦਿੱਲੀ-ਬਠਿੰਡਾ ਖੰਡ ਵਿਚ ਸਲਾਨਾ ਜੋਨ ਕੰਮ ਸਟਾਫ ਕਵਾਟਰ ਅਤੇ ਸਰਵਿਸ ਬਿਲਡਿੰਗ ਦੇ ਰੱਖ-ਰੱਖਾਵ ਦੇ ਲਈ 30.06.2025 ਨੂੰ ਸਮਾਪਤ ਹੋਣ ਵਾਲੀ ਅਵੱਧੀ ਲਈ ਕੰਮ । (ਟੈਂਡਰ ਨੰਬਰ 29-W-IV-24-25)<br>6. ਸੀਨੀਅਰ ਸੈਕਸ਼ਨ ਇੰਜੀਨੀਅਰ/ਕੰਮ/ਰੋਹਤਕ ਦੇ ਅਧੀਨ ਰੋਹਤਕ-ਪਾਨੀਪਤ ਅਤੇ ਅਸਥਲ ਬੋਹਰ-ਰੇਵਾੜੀ ਖੰਡ ਵਿਚ ਸਲਾਨਾ ਜੋਨ ਕੰਮ ਸਟਾਫ ਕਵਾਟਰ ਅਤੇ ਸਰਵਿਸ ਬਿਲਡਿੰਗ ਦੇ ਰੱਖ-ਰੱਖਾਵ ਦੇ ਲਈ 30.06.2025 ਨੂੰ ਸਮਾਪਤ ਹੋਣ ਵਾਲੀ ਅਵੱਧੀ ਲਈ ਕੰਮ । (ਟੈਂਡਰ ਨੰਬਰ 30-W-IV-24-25)<br>7. ਸੀਨੀਅਰ ਸੈਕਸ਼ਨ ਇੰਜੀਨੀਅਰ/ਕੰਮ/ਰੋਹਤਕ ਦੇ ਅਧੀਨ ਡੋਭ-ਮਹਮ-ਹਾਂਸੀ ਲਾਇਨ ਖੰਡ ਵਿਚ ਸਲਾਨਾ ਜੋਨ ਕੰਮ ਸਟਾਫ ਕਵਾਟਰ ਅਤੇ ਸਰਵਿਸ ਬਿਲਡਿੰਗ ਦੇ ਰੱਖ-ਰੱਖਾਵ ਦੇ ਲਈ 30.06.2025 ਨੂੰ ਸਮਾਪਤ ਹੋਣ ਵਾਲੀ ਅਵੱਧੀ ਲਈ ਕੰਮ । (ਟੈਂਡਰ ਨੰਬਰ 31-W-IV-24-25) |
| ਅਨੁਮਾਨਿਤ ਲਾਗਤ | (1) Rs.16499684.41 (2) Rs.16499876.82 (3) Rs.4999943.75 (4) Rs. 8999989.66 (5) Rs.8999810.13 (6) Rs.8999978.46 (7) 3999810.38 |
| ਬਿਆਨਾ ਰਾਸ਼ੀ | (1) Rs.232500.00 (2) Rs.232500.00 (3) Rs.100000.00 (4) Rs.180000.00 (5) Rs.180000.00 (6) Rs.180000.00 (7) 80000.00 |
| ਈ-ਟੈਂਡਰ ਖੁਲਣ ਅਤੇ ਪੇਸ਼ ਕਰਨ ਦੇ ਲਈ ਮਿਤੀ ਅਤੇ ਸਮਾਂ | ਈ-ਟੈਂਡਰ ਭਰਨ ਦਾ ਸਮਾਂ ਕੰਮ 07.05.2024 ਨੂੰ 15.00 ਵਜੇ ਤਕ ਪੇਸ਼ ਕਰਨਾ ਅਤੇ ਟੈਂਡਰ ਖੁਲਣ ਦਾ ਸਮਾਂ ਮਿਤੀ 21.06.2024 ਨੂੰ 15.30 ਵਜੇ |
| ਟੈਂਡਰ ਦੀ ਵੇਬਸਾਈਟ ਜਿਥੋ ਟੈਂਡਰ ਪ੍ਰਪੱਤਰ ਖਰੀਦੀ ਜਾਂ ਸਕਦੀ ਹੈ | www.ireps.gov.in ਉਤੇ ਉਪਲਬਧ ਹੈ |

ਪੱਤਰ ਨੰਬਰ 128-ਡਬਲਯੂ/260/ਟੈਂਡਰ ਸੂਚਨਾ/ NIT 25,26,27,28,29,30&31-ਡਬਲਯੂ-4-24-25 ਮਿਤੀ : 30.05.2024 1636/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

**PUBLIC NOTICE**
This is to inform general public at large that our client, Mr. Mohd Sabir Malik & Mrs. Basrat Malik who have approached Indo Star Home Finance Pvt. Ltd. for the purchasing of Built-Up Ground Floor without Roof/Terrace Rights, Built on West/Back Side Portion of Plot/Property Bearing No. WZ-14 - A, Plot No. 33, area measuring 50 Sq. Yds., Part of Rect No. 32, Killa No. 2, (Khasra No. 32/12), Situated in the area of Village Khyala Delhi, State Delhi Colony Known as Ravi Nagar, New Delhi - 110018. Mrs. Sayara Begam Purchased this property from Mrs. Sagufta Ansari and became owner vide Sale Deed regd. as Doc. No. 3955, Vol. No. 24255, Pages 63-71, Book No.1, dated 09.04.2019, SR-II Basai Darapur. It is to mention that the Original Sale Deed Dated 15.05.2018 Executed by Mr. Asrar Hussain S/o. Mr. Riyaz Hussain in favour of Mrs. Sagufta Ansari W/o. Mr. Mohd Afzal Ansari in respect of Ground Floor Without Roof/Terrace Rights, Built - Up West/Back Side Portion of Plot/Property Bearing No. WZ-14 - A, Plot No. 33, area measuring 50 Sq.Yds. (41.8 Sq.Mtrs), Part of Rect No. 32, Killa No. 12, (Khasra No. 32/12), Situated in the area of Village Khyala Delhi, State Delhi Colony Known as Ravi Nagar, New Delhi - 110018. (Regd. as Doc. No. 5644, Vol. No. 23722, Pages 148-156, SR-II) is lost by the Customer. And the said property is going to be mortgaged in Indo Star Home Finance Pvt. Ltd., Netaji Subhash Place Branch, Pitampura, New Delhi. All persons, if any, including bank, financial institutions, or any party/ies having any claim (Objection to Khasra Number), demand, right, interest in respect of or against the said property or any part thereof by way of inheritance, assignment, mortgage, charge, possession, lien or otherwise, are hereby required to make the same known in writing within 7 days with the documentary evidence from the date of publication, falling which the said claim of the person/s, if any will be considered waived and settled.

Ms. Rani Shilpee (Advocate)
Office Add: H. No. T/181, UGF, Shukar Bazaar, Uttam Nagar, New Delhi-110059

# ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨੇ ਵੋਟਿੰਗ ਪ੍ਰਤੀਸ਼ਤ ਵਧਾਉਣ ਵਾਲੇ ਬੀ.ਐਲ.ਓਜ਼ ਲਈ 5000 ਰੁਪਏ ਦੀ ਇਨਾਮੀ ਰਾਸ਼ੀ ਦਾ ਕੀਤਾ ਐਲਾਨ



**ਪਟਿਆਲਾ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਵੀਪ (ਸਿਸਟੇਮੈਟਿਕ ਵੋਟਰ ਐਜੂਕੇਸ਼ਨ ਐਂਡ ਇਲੈਕਟੋਰਲ ਪਾਰਟੀਸੀਪੇਸ਼ਨ) ਟੀਮਾਂ ਅਤੇ ਸੋਸ਼ਲ ਮੀਡੀਆ ਦੇ ਜ਼ਿਲ੍ਹਾ ਨੋਡਲ ਅਫਸਰਾਂ ਨਾਲ ਮੀਟਿੰਗ ਦੌਰਾਨ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਐਲਾਨ ਕੀਤਾ ਹੈ ਕਿ ਜਿਹੜੇ ਬੂਥ ਲੈਵਲ ਅਫਸਰ (ਬੀ.ਐਲ.ਓਜ਼) ਆਪੋ-ਆਪਣੇ ਬੂਥਾਂ 'ਤੇ ਵੋਟਿੰਗ ਪ੍ਰਤੀਸ਼ਤ ਵਧਾਉਣਗੇ, ਉਨ੍ਹਾਂ ਨੂੰ ਦਫ਼ਤਰ ਵੱਲੋਂ ਇਨਾਮੀ ਰਾਸ਼ੀ ਦੇਣ ਦੀ ਯੋਜਨਾ ਬਣਾਈ ਜਾ ਰਹੀ ਹੈ।

ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ 2019 ਦੇ ਮੁਕਾਬਲੇ 10 ਫ਼ੀਸਦੀ ਜਾਂ ਇਸ ਤੋਂ ਵੱਧ ਵੋਟਰ ਪ੍ਰਤੀਸ਼ਤਤਾ ਵਿੱਚ ਵਾਧਾ ਕਰਨ ਵਾਲੇ ਬੀ.ਐਲ.ਓਜ਼ ਨੂੰ 5000 ਰੁਪਏ ਦਾ ਨਕਦ ਇਨਾਮ ਅਤੇ ਸੂਬਾ ਪੱਧਰੀ ਸਮਾਰੋਹ ਵਿੱਚ ਸਨਮਾਨਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਜਿਹੜੇ ਬੂਥਾਂ ਉੱਤੇ ਵੋਟਿੰਗ ਪ੍ਰਤੀਸ਼ਤ 75 ਫ਼ੀਸਦੀ ਤੋਂ ਵੱਧ ਹੋਵੇਗੀ, ਉੱਥੋਂ ਦੇ ਬੀ.ਐਲ.ਓਜ਼ ਨੂੰ ਵੀ 5000 ਰੁਪਏ ਦੀ ਇਨਾਮੀ ਰਾਸ਼ੀ ਦਿੱਤੀ ਜਾਵੇਗੀ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਬੀ.ਐਲ.ਓਜ਼ ਵੋਟਰ ਸਲਿੱਪਾਂ ਅਤੇ 'ਵੋਟਿੰਗ ਸੱਦਾ ਪੱਤਰ' ਘਰ-ਘਰ ਜਾ ਕੇ ਖੁਦ ਵੰਡਣ ਅਤੇ ਇਹ ਜ਼ਿੰਮੇਵਾਰੀ ਕਿਸੇ ਹੋਰ ਨੂੰ ਨਾ ਸੌਂਪੀ ਜਾਵੇ। ਇਸ ਮੌਕੇ ਉਨ੍ਹਾਂ ਬੀ.ਐਲ.ਓਜ਼ ਅਤੇ ਸਵੀਪ ਟੀਮਾਂ ਦੀ ਹੁਣ ਤੱਕ ਕੀਤੀ ਸ਼ਾਨਦਾਰ ਕਾਰਗੁਜ਼ਾਰੀ ਦੀ ਸ਼ਲਾਘਾ ਕੀਤੀ ਅਤੇ ਅਪੀਲ ਕੀਤੀ ਕਿ ਸਾਰੇ ਜ਼ਿਲ੍ਹੇ ÷ਇਸ ਵਾਰ 70 ਪਾਰ÷ ਦੇ ਟੀਚੇ ਦੀ ਪ੍ਰਾਪਤੀ ਲਈ ਵੋਟਾਂ ਪੈਣ ਤੱਕ ਆਪਣੀਆਂ ਗਤੀਵਿਧੀਆਂ ਜ਼ੋਰ-ਸ਼ੋਰ ਨਾਲ ਜਾਰੀ ਰੱਖਣ।

ਮੀਟਿੰਗ ਦੌਰਾਨ ਵਧੀਕ ਮੁੱਖ ਚੋਣ ਅਧਿਕਾਰੀ ਹਰੀਸ਼ ਨਈਅਰ ਨੇ ਕਿਹਾ ਕਿ ਜ਼ਿਲ੍ਹਾ ਸਵੀਪ ਅਤੇ ਸੋਸ਼ਲ ਮੀਡੀਆ ਟੀਮਾਂ ਪੋਲਿੰਗ ਸਟੇਸ਼ਨਾਂ ਤੇ ਮਾਡਲ ਬੂਥਾਂ ਉੱਤੇ ਮੁਹੱਈਆ ਕਰਵਾਈਆਂ ਗਈਆਂ ਸਹੂਲਤਾਂ ਬਾਬਤ ਅਤੇ ਔਰਤਾਂ ਤੇ ਦਿਵਿਆਂਗ ਵਿਅਕਤੀਆਂ ਵੱਲੋਂ ਚਲਾਏ ਜਾਣ ਵਾਲੇ ਬੂਥਾਂ ਅਤੇ ਹੋਰ ਪਹਿਲਕਦਮੀਆਂ ਦੀ ਫੋਟੋਗ੍ਰਾਫੀ/ਵੀਡੀਓਗ੍ਰਾਫੀ ਕਰਨ। ਉਨ੍ਹਾਂ ਇਹ ਵੀ ਕਿਹਾ ਕਿ ਵੋਟਰਾਂ ਦੇ ਅਨੁਭਵ ਤੇ ਪ੍ਰਤੀਕਿਰਿਆਵਾਂ ਵੀ ਰਿਕਾਰਡ ਕੀਤੀਆਂ ਜਾਣ। ਵਧੀਕ ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਜ਼ਿਲ੍ਹਿਆਂ ਵੱਲੋਂ ਭੇਜੀਆਂ ਬਿਹਤਰੀਨ ਫੋਟੋਆਂ/ਵੀਡੀਓਜ਼ ਚੋਣ ਕਮਿਸ਼ਨ ਨੂੰ ਭੇਜੀਆਂ ਜਾਣਗੀਆਂ।

# ਰਾਜਨੇਤਾਵਾਂ ਦੇ ਪਿੱਛੇ ਲੱਗ ਕੇ ਆਪਸੀ ਰਿਸ਼ਤੇ ਖਰਾਬ ਨਾ ਕੀਤੇ ਜਾਣ : ਰੋਟੇਰੀਅਨ ਰਾਸ਼ਿਦ ਸ਼ੇਖ

**ਮਲੇਰਕੋਟਲਾ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਵਿੱਚ ਚੋਣਾਂ ਦਾ ਦੰਗਲ ਪੂਰੀ ਤਰ੍ਹਾਂ ਭੱਖ ਚੁੱਕਿਆ ਹੈ । ਲੋਕ ਸਭਾ ਦੀਆਂ ਬਹੁਤੀਆਂ ਸੀਟਾਂ ਤੇ ਵੋਟਾਂ ਪੈ ਚੁੱਕੀਆਂ ਹਨ ਪਰ ਪੰਜਾਬ ਵਿੱਚ ਵੋਟਾਂ ਆਖਰੀ ਗੇੜ ਵਿੱਚ ਹੋਣ ਕਰਕੇ ਚੋਣ ਪ੍ਰਚਾਰ ਜੋਰ ਫੜ ਗਿਆ ਹੈ । ਰਾਜਨੀਤਿਕ ਪਾਰਟੀਆਂ ਇੱਕ ਦੂਜੇ ਤੇ ਦੂਸ਼ਣਬਾਜ਼ੀ ਕਰ ਰਹੀਆਂ ਹਨ । ਜਨਤਕ ਥਾਵਾਂ ਤੇ ਜਿੱਧਰ ਵੀ ਨਜ਼ਰ ਮਾਰੋ ਆਮ ਜਨਤਾ ਵਿੱਚ ਵੋਟਾਂ ਦੀ ਚਰਚਾ ਹੋ ਰਹੀ ਹੈ। ਲੋਕ ਆਪਣੇ ਰਾਜਨੇਤਾਵਾਂ ਨੂੰ ਚੋਣ ਮੈਦਾਨ ਵਿੱਚ ਸਹੀ ਅਤੇ ਭਾਰੂ ਸਾਬਿਤ ਕਰਨ ਲਈ ਹਰ ਤਰ੍ਹਾਂ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਕਈ ਵਾਰ ਚੋਣ ਪ੍ਰਚਾਰ ਵਿੱਚ ਵਰਤੇ ਜਾਣ ਵਾਲੇ ਵਿੰਗੇ ਟੇਢੇ ਢੰਗ ਆਪਸੀ ਸਦਭਾਵਨਾ ਦੇ ਲਈ ਮਾਰੂ ਸਾਬਿਤ ਹੁੰਦੇ ਹਨ।

ਇਸੇ ਵਿਸ਼ੇ ਨੂੰ ਲੈ ਕੇ ਰੋਟਰੀ ਕਲੱਬ ਮਲੇਰ ਕੋਟਲਾ ਦੇ ਸਾਬਕਾ ਪ੍ਰਧਾਨ ਸ੍ਰੀ ਰਾਸ਼ਿਦ ਸ਼ੇਖ ਨੇ ਪ੍ਰੈਸ ਦੇ ਨਾਂ ਇੱਕ ਬਿਆਨ ਜਾਰੀ ਕਰਦੇ ਹੋਏ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਰਾਜਨੀਤਿਕ ਪਾਰਟੀਆਂ ਦੇ ਪਿੱਛੇ ਲੱਗ ਕੇ ਇਸ ਹੱਦ ਤੱਕ ਭਾਵੁਕ ਨਾ ਹੋਣ ਜਿਸ ਨਾਲ ਸਾਡੇ ਭਾਈਚਾਰਕ ਰਿਸ਼ਤੇ ਖਰਾਬ ਹੋ ਜਾਣ । ਉਹਨਾ ਕਿਹਾ ਕਿ ਸਾਨੂੰ ਚੋਣ ਪ੍ਰਚਾਰ ਜਰੂਰ ਕਰਨਾ ਚਾਹੀਦਾ ਹੈ ਪਰ ਆਪਣੀ ਗੱਲ ਮਨਵਾਉਣ ਦੇ ਲਈ ਆਪਣੇ ਰਿਸ਼ਤੇਦਾਰਾਂ, ਗੁਆਂਢੀਆਂ ਅਤੇ ਦੋਸਤਾਂ ਮਿੱਤਰਾਂ ਤੇ ਗੈਰ ਜਰੂਰੀ ਦਬਾਓ ਨਹੀਂ ਪਾਉਣਾ ਚਾਹੀਦਾ । ਸ੍ਰੀ ਸ਼ੇਖ ਨੇ ਕਿਹਾ ਕਿ ਰਾਜਨੀਤਿਕ ਪਾਰਟੀਆਂ ਆਪਣਾ ਮਤਲਬ ਕੱਢ ਕੇ ਚਲੀਆਂ ਜਾਂਦੀਆਂ ਹਨ ਪਰ ਲੋਕ ਆਪਣੇ ਸਮਾਜਿਕ ਰਿਸ਼ਤੇ ਆਉਣ ਵਾਲੇ ਲੰਮੇ ਸਮੇਂ ਲਈ ਖਰਾਬ ਕਰ ਬੈਠਦੇ ਹਨ । ਸੰਵਿਧਾਨ ਨੇ ਸਭ ਨਾਗਰਿਕਾਂ ਨੂੰ ਵੋਟ ਦਾ ਬਰਾਬਰ ਅਧਿਕਾਰ ਦਿੱਤਾ ਹੈ ਇਸ ਲਈ ਵੋਟ ਪਾਉਣ ਦੇ ਅਧਿਕਾਰ ਦੀ ਵਰਤੋਂ ਬਿਨਾਂ ਕਿਸੇ ਦਬਾਓ ਜਾਂ ਲਾਲਚ ਦੇ ਆਪਣੀ ਮਰਜ਼ੀ ਨਾਲ ਕੀਤੀ ਜਾਵੇ। ਉਨਾਂ ਆਮ ਜਨਤਾ ਨੂੰ ਬੇਨਤੀ ਕਰਦਿਆਂ ਕਿਹਾ ਕਿ ਪੰਜ ਸਾਲ ਲੀਡਰਾਂ ਨੂੰ ਬੁਰਾ ਭਲਾ ਬੋਲਣ ਦੀ ਬਜਾਏ ਹੁਣ ਆਪਣੀ ਵੋਟ ਦੀ ਵਰਤੋਂ ਸੋਚ ਸਮਝ ਕੇ ਅਤੇ ਜਰੂਰ ਕੀਤੀ ਜਾਵੇ।

# ਪ੍ਰਨੀਤ ਕੌਰ ਨੇ ਆਡੀਓ ਬ੍ਰਿਜ ਰਾਹੀਂ 8 ਹਜ਼ਾਰ ਵਰਕਰਾਂ ਨਾਲ ਇੱਕੋ ਸਮੇਂ ਕੀਤੀ ਗੱਲਬਾਤ

## ਗਰਮੀ ਦੇ ਬਾਵਜੂਦ ਚੋਣ ਪ੍ਰਚਾਰ ਵਿਚ ਰੁੱਝੇ ਭਾਜਪਾ ਵਰਕਰਾਂ ਦਾ ਕੀਤਾ ਧੰਨਵਾਦ

**ਪਟਿਆਲਾ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਲੋਕ ਸਭਾ ਸੀਟ ਤੋਂ ਭਾਰਤ ਜਨਤਾ ਪਾਰਟੀ ਦੀ ਉਮੀਦਵਾਰ ਪ੍ਰਨੀਤ ਕੌਰ ਨੇ ਸੋਮਵਾਰ ਦੀ ਸਵੇਰ ਆਡੀਓ ਬ੍ਰਿਜ ਰਾਹੀਂ 8 ਹਜ਼ਾਰ ਭਾਜਪਾ ਵਰਕਰਾਂ ਨਾਲ ਇੱਕੋ ਸਮੇਂ ਗੱਲਬਾਤ ਕੀਤੀ। ਵਰਕਰਾਂ ਨਾਲ ਗੱਲਬਾਤ ਕਰਦਿਆਂ ਉਨਾਂ ਸਭ ਤੋਂ ਪਹਿਲਾਂ ਪਟਿਆਲਾ ਦੀ ਫਤਿਹ ਰੈਲੀ ਨੂੰ ਸਫਲ ਬਣਾਉਣ ਲਈ ਕੀਤੇ ਯਤਨਾ ਲਈ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਗਰਮੀ ਵਧਣ ਦੇ ਬਾਵਜੂਦ ਭਾਜਪਾ ਦੇ ਵਰਕਰ ਚੋਣ ਪ੍ਰਚਾਰ ਲਈ ਲਗਾਤਾਰ ਕੰਮ ਕਰ ਰਹੇ ਹਨ, ਜਿਸ ਦਾ ਉਹ ਤਹਿ ਦਿਲੋਂ ਧੰਨਵਾਦ ਕਰਦੇ ਹਨ। ਉਹਨਾਂ ਕਿਹਾ ਕਿ ਫਤਿਹ ਰੈਲੀ ਨੇ ਲੋਕ ਸਭਾ ਚੋਣਾਂ ਨੂੰ ਪਟਿਆਲਾ ਤੋਂ ਫਤਿਹ ਕਰਕੇ ਦਿਖਾ ਦਿੱਤਾ ਹੈ। ਹੁਣ 31 ਮਈ ਨੂੰ ਭਾਜਪਾ ਦੇ ਕਮਲ ਦੇ ਫੁੱਲ ਨੂੰ ਵੋਟ ਪਾ ਕੇ ਪਟਿਆਲਾ ਦੇ ਸੁਨਹਿਰੀ ਭਵਿੱਖ ਦੀ ਨੀਂਹ ਮਜਬੂਤ ਕਰੀਏ। ਉਹਨਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਹਿਲਾਂ ਪਟਿਆਲਾ ਅਤੇ ਫਿਰ ਪੂਰੇ ਪੰਜਾਬ ਦੇ ਨਾਲ-ਨਾਲ ਭਾਰਤ ਨੂੰ ਵਿਕਸਿਤ ਦੇਸ਼ਾਂ ਵਿੱਚ ਸ਼ਾਮਿਲ ਕਰਨ ਦਾ ਜੋ ਸੰਕਲਪ ਲਿਆ ਹੈ, ਉਸ ਨੂੰ ਅਸੀਂ ਵੋਟ ਰਾਹੀਂ ਪੂਰਾ ਕਰ ਸਕਦੇ ਹਾਂ।



ਆਡੀਓ ਬ੍ਰਿਜ ਰਾਹੀਂ ਲੋਕਾਂ ਨਾਲ ਗੱਲਬਾਤ ਕਰਦੇ ਹੋਏ ਪ੍ਰਨੀਤ ਕੌਰ।

ਜ਼ੀਰਕਪੁਰ ਦੀ ਇੱਕ ਮਹਿਲਾ ਸਿਮਰਨ ਕੌਰ ਨੇ ਪਰਨੀਤ ਕੌਰ ਨਾਲ ਗੱਲਬਾਤ ਕਰਦਿਆਂ ਮੰਗ ਕੀਤੀ ਕਿ ਉਸ ਦੇ ਘਰ ਦੀ ਛੱਤ ਡਿੱਗਣ ਵਾਲੀ ਹੈ ਅਤੇ ਉਸਦੀ ਘਰ ਦੀ ਹਾਲਤ ਠੀਕ ਨਹੀਂ ਹੈ। ਜਿਸ ਨੂੰ ਸੁਣਨ ਮਗਰੋਂ ਮਹਾਰਾਣੀ ਪਰਨੀਤ ਕੌਰ ਨੇ ਉਸ ਨੂੰ ਭਰੋਸਾ ਦਿੱਤਾ ਕਿ ਚੋਣਾਂ ਤੋਂ ਤੁਰੰਤ ਬਾਅਦ ਉਸ ਦੇ ਘਰ ਦੀ ਛੱਤ ਬਦਲਵਾਉਣ ਦੇ ਨਾਲ-ਨਾਲ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਅਨੁਸਾਰ ਉਸਨੂੰ ਬਣਦਾ ਲਾਭ ਦਬਾਇਆ ਜਾਵੇਗਾ। ਪਰਨੀਤ ਕੌਰ ਨੇ ਕਿਹਾ ਕਿ ਲੋਕ ਸਭਾ ਚੋਣਾਂ ਵਿੱਚ ਹੁਣ ਸਿਰਫ ਚਾਰ ਦਿਨ ਬਚੇ ਹਨ ਅਤੇ ਇਹਨਾਂ ਚਾਰ ਦਿਨਾਂ ਵਿੱਚ ਆਪਾਂ ਸਾਰੇ ਰਲ ਕੇ ਪ੍ਰਧਾਨ ਮੰਤਰੀ ਮੋਦੀ ਦੇ ਸੁਪਨੇ ਨੂੰ ਸੱਚ ਬਣਾਉਣ ਲਈ ਭਾਜਪਾ ਨੂੰ ਮਜਬੂਤ ਕਰੀਏ। ਉਹਨਾਂ ਕਿਹਾ ਕਿ ਝਾੜੂ ਵਾਲੀ ਸਰਕਾਰ ਜਾਂ ਉਸ ਦੀ ਬੀ ਟੀਮ ਕਾਂਗਰਸ ਪਟਿਆਲਾ ਦੇ ਲੋਕਾਂ ਨਾਲ ਜੋ ਵੀ ਵਾਅਦੇ ਕਰ ਰਹੀ ਹੈ ਉਹਨਾਂ ਕੋਲੋਂ ਪਹਿਲਾਂ ਕੀਤੇ ਵਾਅਦਿਆਂ ਨੂੰ ਪੂਰਾ ਨਾ ਕਰਨ ਦਾ ਕਾਰਨ ਜਰੂਰ ਪੁੱਛਿਆ ਜਾਵੇ। ਉਹਨਾਂ ਕਿਹਾ ਕਿ ਮਹਿਲਾਵਾਂ ਨੂੰ ਹਰੇਕ ਮਹੀਨੇ ਇਕ ਹਜਾਰ ਰੁਪਏ ਦੇਣ ਦਾ ਵਾਅਦਾ ਕਰਨ ਵਾਲੀ ਝਾੜੂ ਵਾਲੀ ਪਾਰਟੀ ਹੁਣ ਲੋਕਾਂ ਦਾ ਬਕਾਇਆ ਦੇਣ ਮਗਰੋਂ ਹੀ ਆਪਣੇ ਨਵੇਂ ਵਾਅਦੇ ਲੋਕਾਂ ਅੱਗੇ ਰੱਖੇ। ਉਨ੍ਹਾਂ ਅੱਗੇ ਕਿਹਾ ਕਿ ਪਟਿਆਲਾ ਜਿਲੇ ਦੇ ਲੋਕਾਂ ਦਾ ਜੋ ਭਰੋਸਾ ਉਹਨਾਂ ਨੂੰ ਪਿਛਲੇ 25 ਸਾਲਾਂ ਵਿੱਚ ਮਿਲਿਆ ਹੈ ਉਸ ਦੀ ਤਾਕਤ ਨਾਲ ਇਸ ਵਾਰ ਉਹ ਪ੍ਰਧਾਨ ਮੰਤਰੀ ਮੋਦੀ ਦੇ ਖਾਤੇ ਵਿੱਚ ਪਟਿਆਲਾ ਲੋਕ ਸਭਾ ਦੀ ਸੀਟ ਜਰੂਰ ਪਾਉਣਗੇ ਤਾਂ ਜੋ ਅਸੀਂ ਜਿਲੇ ਦੇ ਸਾਰੇ ਜਰੂਰੀ ਵਿਕਾਸ ਕਾਰਜਾਂ ਲਈ ਵੱਡੇ ਫੰਡ ਲਿਆ ਸਕੀਏ।

# ਸੀਨੀਅਰ ਸਿਟੀਜ਼ਨ ਵੋਟਰਾਂ ਨੂੰ ਕੀਤਾ ਗਿਆ ਜਾਗਰੂਕ



**ਅੰਮ੍ਰਿਤਸਰ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਚੋਣ ਅਫ਼ਸਰ ਸ੍ਰੀ ਘਨਸ਼ਾਮ ਥੋਰੀ ਦੀ ਯੋਗ ਅਗੁਵਾਈ ਅਤੇ ਚੇਅਰਪਰਸਨ ਸਵੀਪ-ਕਮ-ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਸ੍ਰੀ ਨਿਕਾਸ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤੇ ਅਗਾਮੀ ਲੋਕਸਭਾ ਚੋਣਾਂ-2024 ਵਿੱਚ ਆਮ ਲੋਕਾਂ ਨੂੰ ਵੋਟਾਂ ਪ੍ਰਤੀ ਉਤਸ਼ਾਹਿਤ ਕਰਨ ਲਈ ਸੀਨੀਅਰ ਸਿਟੀਜਨ ਵੋਟਰਾਂ ਲਈ ਡੋਰ-ਟੂ-ਡੋਰ ਜਾਗਰੂਕਤਾ ਮੁਹਿੰਮ ਚਲਾਈ ਗਈ।ਇਸ ਬਾਰੇ ਜਾਣਕਾਰੀ ਦਿੰਦੇ ਹੋਏ ਜਿਲ੍ਹਾ ਪ੍ਰੋ ?ਗਰਾਮ ਅਫ਼ਸਰ ਸ੍ਰੀਮਤੀ ਹਰਦੀਪ ਕੌਰ ਨੇ ਦੱਸਿਆ ਕਿ ਜਿਲ੍ਹਾ ਪ੍ਰਸ਼ਾਸਨ ਵਲੋਂ ਵੋਟਰਾਂ ਨੂੰ ਜਾਗਰੂਕ ਕਰਨ ਲਈ ਵੱਡੀ ਪੱਧਰ ਤੇ ਸਵੀਪ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ।ਉਹਨਾਂ ਕਿਹਾ ਕਿ ਚੋਣ ਕਮਿਸ਼ਨ ਵਲੋਂ ਪ੍ਰਾਪਤ ਹਦਾਇਤਾਂ ਅਨੁਸਾਰ ਸਮਾਜ ਦੇ ਹਨ ਵਰਗ ਨੂੰ ਅਗਾਮੀ ਲੋਕਸਭਾ ਚੋਣਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।ਇਸੇ ਲੜੀ ਵਜੋਂ ਅੱਜ ਸ਼ਹਿਰ ਦੇ ਕਈ ਖੇਤਰਾਂ ਵਿੱਚ ਸੀਨੀਅਰ ਸਿਟੀਜਨ ਵੋਟਰਾਂ ਨੂੰ ਉਹਨਾਂ ਦੇ ਘਰਾਂ ਵਿੱਚ ਪਹੁੰਚ ਕਰ ਕੇ ਆਪਣੇ ਵੋਟ ਦੇ ਅਧਿਕਾਰ ਦੀ ਸੂਝ-ਬੂਝ ਨਾਲ ਵਰਤੋਂ ਕਰਨ ਲਈ ਉਤਸ਼ਾਹਿਤ ਕੀਤਾ ਗਿਆ।ਉਹਨਾਂ ਕਿਹਾ ਕਿ ਇਸੇ ਤਰ੍ਹਾਂ ਦੀ ਜਾਗਰੂਕਤਾ ਮੁਹਿੰਮ ਅਗਲੇ ਵੋਟਿੰਗ ਲਈ ਬਚੇ ਦਿਨਾਂ ਵਿੱਚ ਵੀ ਇਸੇ ਤਰ੍ਹਾਂ ਜਾਰੀ ਰਹੇਗੀ।ਉਹਨਾਂ ਦੱਸਿਆ ਕਿ ਚੋਣ ਕਮਿਸ਼ਨ ਵਲੋਂ ਇਸ ਵਾਰ 'ਅਬ ਕੀ ਬਾਰ ਸੱਤਰ ਪਾਰ' ਦਾ ਨਾਅਰਾ ਦਿੱਤਾ ਗਿਆ ਹੈ,ਇਸ ਲਈ ਲੋਕਾਂ ਨੂੰ ਵੱਧ ਚੜ੍ਹ ਕੇ ਵੋਟਾਂ ਵਿੱਚ ਭਾਗ ਲੈਣਾ ਚਾਹੀਦਾ ਹੈ।ਉਹਨਾਂ ਕਿਹਾ ਕਿ ਸਾਰੇ ਸੀਨੀਅਰ ਸਿਟੀਜਨ ਵੋਟਰ 31 ਮਈ ਨੂੰ ਹੋਣ ਵਾਲੀਆਂ ਲੋਕਸਭਾ ਚੋਣਾਂ ਦੀ ਪੋਲਿੰਗ ਵਿੱਚ ਜ਼ਰੂਰ ਆਪਣੇ ਵੋਟ ਪਾਉਣ ਦੇ ਸੰਵਿਧਾਨਿਕ ਹੱਕ ਦੀ ਵਰਤੋਂ ਕਰਨ।

# ਮਾਂ ਦੇ ਹਸਪਤਾਲ 'ਚੋਂ ਫ਼ਰਾਰ ਹੋਣ ਮਗਰੋਂ ਨਵਜੰਮੇ ਬੱਚੇ ਦੀ ਮੌਤ

**ਪਟਿਆਲਾ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਸਰਕਾਰੀ ਰਾਜਿੰਦਰਾ ਹਸਪਤਾਲ 'ਚ ਇੱਕ ਨਵਜੰਮੇ ਬੱਚੇ ਦੀ ਉਸ ਵਕਤ ਮੌਤ ਹੋ ਗਈ, ਜਦੋਂ ਜਨਮ ਤੋਂ ਕੁਝ ਸਮੇਂ ਬਾਅਦ ਉਸ ਦੀ ਮਾਂ ਉਸ ਨੂੰ ਹਸਪਤਾਲ 'ਚ ਹੀ ਛੱਡ ਕੇ ਚਲੀ ਗਈ। ਉਧਰ ਬੱਚੇ ਦੀ ਮੌਤ ਮਗਰੋਂ ਸਥਾਨਕ ਪੁਲੀਸ ਨੇ ਇਸ ਮਹਿਲਾ ਦੇ ਖਿਲਾਫ਼ ਧਾਰਾ 317 ਤਹਿਤ ਕੇਸ ਦਰਜ ਕਰ ਲਿਆ ਹੈ। ਜਾਣਕਾਰੀ ਅਨੁਸਾਰ ਪਿਛਲੇ ਦਿਨੀਂ ਇੱਕ ਮਹਿਲਾ ਇੱਥੋਂ ਦੇ ਸਰਕਾਰੀ ਰਾਜਿੰਦਰਾ ਹਸਪਤਾਲ ਵਿੱਚ ਦਾਖਲ ਹੋਈ ਸੀ ਜਿਸ ਨੇ ਇੱਕ ਲੜਕੇ ਨੂੰ ਜਨਮ ਦਿੱਤਾ ਪਰ ਇਸ ਤੋਂ ਜਲਦੀ ਬਾਅਦ ਉਸ ਨੇ ਡਾਕਟਰਾਂ ਨੂੰ ਕਿਹਾ ਕਿ ਉਸ ਨੂੰ ਛੁੱਟੀ ਦੇ ਦਿੱਤੀ ਜਾਵੇ, ਕਿਉਂਕਿ ਉਸ ਪਾਸ ਪੈਸੇ ਨਹੀਂ ਹਨ ਪਰ ਡਾਕਟਰਾਂ ਦਾ ਕਹਿਣਾ ਸੀ ਕਿ ਅਜੇ ਉਸ ਨੂੰ ਡਾਕਟਰਾਂ ਦੀ ਨਿਗਰਾਨੀ 'ਚ ਰਹਿਣ ਦੀ ਲੋੜ ਹੈ। ਇਸ ਕਰਕੇ ਛੁੱਟੀ ਨਹੀਂ ਮਿਲ ਸਕਦੀ।

# ਨੌਜਵਾਨ ਪੀੜੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਸਮਾਜ ਸੇਵੀ ਸੰਸਥਾਵਾਂ ਇੱਕਜੁੱਟ ਹੋਣ: ਪਰਮਿੰਦਰ ਕੌਰ ਮਨਚੰਦਾ




ਰੈਡ ਕਰਾਸ ਨਸਾ ਛਡਾਊ ਕੇਂਦਰ ਸਾਕੇਤ ਹਸਪਤਾਲ ਵਿਖੇ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਸੋਹ ਚੁਕਾਉਂਦੇ ਹੋਏ ਪ੍ਰੋਜੈਕਟ ਡਾਇਰੈਕਟਰ ਪਰਮਿੰਦਰ ਕੌਰ ਮਨਚੰਦਾ, ਪਰਮਿੰਦਰ ਭਲਵਾਨ, ਜਤਵਿੰਦਰ ਗਰੇਵਾਲ ਅਤੇ ਹੋਰ ਮੈਬਰ।

**ਪਟਿਆਲਾ, 31 ਮਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰੈਡ ਕਰਾਸ ਨਸਾ ਮੁਕਤੀ ਕੇਂਦਰ ਅਤੇ ਪੁਨਰਵਾਸ ਸਾਕੇਤ ਹਸਪਤਾਲ ਪਟਿਆਲਾ ਵਲੋਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ,ਪਾਵਰ ਹਾਊਸ ਯੂਥ ਕਲੱਬ, ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ ਦੇ ਸਹਿਯੋਗ ਅਤੇ ਇੰਡੀਅਨ ਰੈਡ ਕਰਾਸ ਸੁਸਾਇਟੀ ਪੰਜਾਬ ਸਟੇਟ ਬ੍ਰਾਂਚ ਚੰਡੀਗੜ੍ਹ ਦੇ ਸਕੱਤਰ ਸ਼ਿਵਦੁਲਾਰ ਸਿੰਘ ਢਿੱਲੋਂ ਦੀ ਸਰਪ੍ਰਸਤੀ ਅਤੇ ਸਾਕੇਤ ਹਸਪਤਾਲ ਪਟਿਆਲਾ ਦੇ ਪ੍ਰੋਜੈਕਟ ਡਾਇਰੈਕਟਰ ਪਰਮਿੰਦਰ ਕੌਰ ਮਨਚੰਦਾ ਦੀ ਅਗਵਾਈ ਹੇਠ ਸਾਕੇਤ ਹਸਪਤਾਲ ਵਿਖੇ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਮੁੱਖ ਮਹਿਮਾਨ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਬਰ ਨਸਾ ਮੁਕਤ ਭਾਰਤ ਅਭਿਆਨ , ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਜ਼ਿਲ੍ਹਾ ਯੁਵਾ ਸਾਂਝ ਕਮੇਟੀ ਪਟਿਆਲਾ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਬਰ ਨਸਾ ਮੁਕਤ ਭਾਰਤ ਅਭਿਆਨ ਨੇ ਕੀਤੀ, ਵਿਸ਼ੇਸ਼ ਤੌਰ ਤੇ ਉਪਕਾਰ ਸਿੰਘ, ਸਟੇਟ ਐਵਾਰਡੀ ਰੁਪਿੰਦਰ ਕੌਰ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਲੱਕੀ ਹਰਦਾਸਪੁਰ ਤੋਂ ਇਲਾਵਾ ਨਸਾ ਮੁਕਤ ਕੇਂਦਰ ਦੇ ਸਟਾਫ ਮੈਂਬਰਾਂ ਚਾਰੂ ਗੋਤਮ ਫਿਊਜੋਥੈਪਰ,ਕੋਸਲਰ ਪਰਮਿੰਦਰ ਕੌਰ ਵਰਮਾ, ਕੋਸਲਰ ਰਣਜੀਤ ਕੌਰ,ਕੋਸਲਰ ਜਸਪ੍ਰੀਤ ਸਿੰਘ,ਮਹੁੰਮਦ ਅਕਰਮ,ਅਮਨ ਕੁਮਾਰ, ਮੋਹਨਜੀਤ ਕੌਰ,ਅਨਸਾਰੀ ਨੋਸਲਾ, ਜਸਪ੍ਰੀਤ ਕੌਰ, ਕਰਮਜੀਤ, ਸਿਮਰਨਜੀਤ ਕੌਰ, ਅਮਨਦੀਪ ਕੌਰ,ਰਜਨੀ ਰਾਣਾ, ਸੁਲਿੰਦਰ ਕੁਮਾਰ, ਅਮਨਪ੍ਰੀਤ ਕੌਰ, ਸਤਨਾਮ ਸਿੰਘ, ਜਗਸੀਰ ਸਿੰਘ, ਸੁਖਪ੍ਰੀਤ ਸਿੰਘ, ਮਨਦੀਪ ਸਿੰਘ, ਨੇ ਭਰਪੂਰ ਸਹਿਯੋਗ ਦਿੱਤਾ।

ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਨਸਾ ਛਡਾਊ ਅਤੇ ਪੁਨਰਵਾਸ ਕੇਂਦਰ ਦੇ ਪ੍ਰੋਜੈਕਟ ਡਾਇਰੈਕਟਰ ਪਰਮਿੰਦਰ ਕੌਰ ਮਨਚੰਦਾ ਨੇ ਕਿਹਾ ਕਿ ਨਸੇ ਸਾਡੇ ਸਮਾਜ ਨੂੰ ਘੁਣ ਵਾਂਗ ਖਾ ਰਹੇ ਹਨ ਛੋਟੇ ਛੋਟੇ ਬੱਚੇ ਵੀ ਨਸ਼ਿਆਂ ਦੇ ਆਦੀ ਹੋ ਚੁੱਕੇ ਹਨ ਜੋ ਕਿ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ ਉਹਨਾਂ ਕਿਹਾ ਕਿ ਨੋਜਵਾਨਾਂ ਨੂੰ ਨਸ਼ਿਆਂ ਨੂੰ ਛੱਡ ਕੇ ਸਮਾਜ ਸੇਵਾ ਦੇ ਖੇਤਰ ਵਿਚ ਅੱਗੇ ਆ ਕੇ ਸੇਵਾ ਕਰਨੀ ਚਾਹੀਦੀ ਹੈ ਅਤੇ ਖੇਡਾਂ ਵੱਲ ਰੁਚੀ ਲੈਣੀ ਚਾਹੀਦੀ ਹੈ, ਉਹਨਾਂ ਕਿਹਾ ਕਿ ਹੋਰਨਾਂ ਸਮਾਜ ਸੇਵੀ ਸੰਸਥਾਵਾਂ ਨੂੰ ਵੀ ਨਸ਼ਿਆਂ ਵਿਰੁੱਧ ਇੱਕਜੁੱਟ ਹੋ ਕੇ ਲੜਾਈ ਲੜਨੀ ਪਵੇਗੀ ਤਾਂ ਹੀ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਸ਼ਿਆਂ ਤੋਂ ਬਚਾ ਸਕਾਂਗੇ। ਇਸ ਮੌਕੇ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਸੋਹ ਵੀ ਚੁਕਾਈ ਗਈ।

# 'ਗਰੀਨ-ਇਲੈਕਸ਼ਨ' ਚੋਣ ਕਮਿਸ਼ਨ ਦਾ ਸ਼ਲਾਘਾਯੋਗ ਉਪਰਾਲਾ : ਮਾਸਟਰ ਸੰਜੀਵ ਧਰਮਾਣੀ

**ਸ੍ਰੀ ਅਨੰਦਪੁਰ ਸਾਹਿਬ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾ ਜ ਸੇਵਾ, ਵਾਤਾਵਰਣ ਦੀ ਸਾਂਭ ਸੰਭਾਲ ਅਤੇ ਲੋਕ ਭਲਾਈ ਦੇ ਕੰਮਾਂ ਲਈ ਇਲਾਕੇ ਵਿੱਚ ਜਾਣੀ ਜਾਂਦੀ ਮਸ਼ਹੂਰ ਸੰਸਥਾ ਆਸਰਾ ਫਾਊਂਡੇਸ਼ਨ (ਰਜਿ.) ਸ੍ਰੀ ਆਨੰਦਪੁਰ ਸਾਹਿਬ ਦੇ ਪ੍ਰਧਾਨ ਮਾਸਟਰ ਸੰਜੀਵ ਧਰਮਾਣੀ ਅਤੇ ਸੰਸਥਾ ਦੇ ਸਮੁੱਚੇ ਮੈਂਬਰਾਂ ਨੇ ਚੋਣ ਕਮਿਸ਼ਨ ਦੇ ਗਰੀਨ ਇਲੈਕਸ਼ਨ ਕਰਵਾਉਣ ਦੇ ਫੈਸਲੇ ਦੀ ਭਰਪੂਰ ਸ਼ਲਾਘਾ ਕੀਤੀ ਹੈ।

ਉਹਨਾਂ ਦੱਸਿਆ ਕਿ ਜਿੱਥੇ ਸਾਡੀ ਸੰਸਥਾ ਪਿਛਲੇ ਕਈ ਸਾਲਾਂ ਤੋਂ ਵਾਤਾਵਰਣ ਸੰਭਾਲ ਦੇ ਲਈ ਸਮੇਂ - ਸਮੇਂ 'ਤੇ ਨਿਰੰਤਰ ਪੌਦੇ ਲਗਾ ਰਹੀ ਹੈ ਅਤੇ ਹੋਰ ਲੋਕ ਭਲਾਈ ਦੇ ਕੰਮ ਤੇ ਉਪਰਾਲੇ ਕਰ ਰਹੀ ਹੈ, ਉੱਥੇ ਹੀ ਇਲੈਕਸ਼ਨ ਕਮਿਸ਼ਨ ਵੱਲੋਂ ਗਰੀਨ ਇਲੈਕਸ਼ਨ/ ਈਕੋ ਫਰੈਂਡਲੀ ਇਲੈਕਸ਼ਨ ਕਰਵਾਉਣ ਦਾ ਜੋ ਮਹੱਤਵਪੂਰਨ ਅਤੇ ਸਮੇਂ ਅਨੁਸਾਰ ਢੁਕਵਾਂ ਫੈਸਲਾ ਲਿਆ ਹੈ ਇਹ ਬਹੁਤ ਹੀ ਜਿਆਦਾ ਸਹੀ, ਦੂਰਗਾਮੀ ਸੋਚ ਅਤੇ ਚੰਗੇ ਪ੍ਰਭਾਵ ਪਾਉਣ ਵਾਲਾ ਹੈ।

ਆਸਰਾ ਫਾਊਂਡੇਸ਼ਨ ਦੇ ਪ੍ਰਧਾਨ ਮਾਸਟਰ ਸੰਜੀਵ ਧਰਮਾਣੀ ਨੇ ਦੱਸਿਆ ਕਿ ਜਿਵੇਂ - ਜਿਵੇਂ ਵਾਤਾਵਰਣ ਨਾਲ਼ ਖਿਲਵਾੜ ਹੋ ਰਿਹਾ ਹੈ ਇਸ ਦਾ ਸਿੱਧਾ ਸੰਬੰਧ ਅਤੇ ਬੁਰਾ ਪ੍ਰਭਾਵ ਸਾਡੀ ਸਮੁੱਚੀ ਮਾਨਵ ਜਾਤੀ, ਪੰਛੀ - ਪਰਿੰਦਿਆਂ ਦੀ ਸਿਹਤ 'ਤੇ ਪੈ ਰਿਹਾ ਹੈ ਤੇ ਇਸਦੇ ਨਾਲ਼ ਹੀ ਵੱਖ - ਵੱਖ ਤਰ੍ਹਾਂ ਦੀਆਂ ਬਿਮਾਰੀਆਂ ਦੀ ਲਪੇਟ ਵਿੱਚ ਵੀ ਮਨੁੱਖ ਆਉਣ ਲੱਗ ਪਿਆ ਹੈ।



ਵਾਤਾਵਰਨ ਦੇ ਦੂਸ਼ਿਤ ਹੋਣ ਨਾਲ ਗਰਮੀ /ਤਪਸ਼ ਨਿਰੰਤਰ ਵੱਧਦੀ ਜਾ ਰਹੀ ਹੈ, ਗਲੇਸ਼ੀਅਰ ਪਿਘਲਦੇ ਜਾ ਰਹੇ ਹਨ, ਫਸਲਾਂ 'ਤੇ ਇਸ ਦਾ ਬੁਰਾ ਪ੍ਰਭਾਵ ਪੈ ਰਿਹਾ ਹੈ। ਉਹਨਾਂ ਨੇ ਕਿਹਾ ਕਿ ਸਾਨੂੰ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ ਅਤੇ ਉਹਨਾਂ ਲਗਾਏ ਪੌਦਿਆਂ ਦੀ ਸੰਭਾਲ ਵੀ ਕਰਨੀ ਚਾਹੀਦੀ ਹੈ। ਇਹ ਕੇਵਲ ਇੱਕ ਵਿਅਕਤੀ ਜਾਂ ਇੱਕ ਸੰਸਥਾ ਦੇ ਉਪਰਾਲੇ ਨਾਲ਼ ਹੀ ਨਹੀਂ ਹੋਵੇਗਾ, ਸਗੋਂ ਸਾਨੂੰ ਸਮੁੱਚੀ ਮਾਨਵਤਾ ਨੂੰ ਇਸ ਦੇ ਲਈ ਅੱਗੇ ਆਉਣਾ ਪਵੇਗਾ ਅਤੇ ਪਲਾਸਟਿਕ ਦੀ ਵਰਤੋਂ ਨੂੰ ਕਾਫੀ ਹੱਦ ਤੱਕ ਘਟਾਉਣ ਦੀ ਵੀ ਅੱਜ ਸਮੇਂ ਦੀ ਜਰੂਰਤ ਹੈ। ਉਹਨਾਂ ਨੇ ਕਿਹਾ ਕਿ ਜੇਕਰ ਸਾਡੇ ਅੰਦਰ ਸਵੈ - ਇੱਛਾ ਹੋਵੇ ਤਾਂ ਕੁਝ ਵੀ ਅਸੰਭਵ ਨਹੀਂ। ਆਖਿਰ ਉਹਨਾਂ ਨੇ ਚੋਣ ਕਮਿਸ਼ਨ ਦੇ ਈਕੋ ਫਰੈਂਡਲੀ/ ਗਰੀਨ ਇਲੈਕਸ਼ਨ ਦੀ ਭਰਪੂਰ ਸ਼ਬਦਾਂ ਵਿੱਚ ਸ਼ਲਾਘਾ ਕੀਤੀ। ਇਸ ਮੌਕੇ ਉਹਨਾਂ ਨਾਲ ਚੇਅਰਮੈਨ ਨਵੀਨ ਕੁਮਾਰ, ਸਕੱਤਰ ਅੰਕੁਸ਼ ਕੁਮਾਰ, ਮੀਤ ਪ੍ਰਧਾਨ ਦਵਿੰਦਰਪਾਲ ਸਿੰਘ, ਅਜੇ ਕੁਮਾਰ, ਸਤਿੰਦਰਪਾਲ ਸਿੰਘ ਆਦਿ ਵੀ ਹਾਜ਼ਰ ਸਨ।

# ਰਾਜਸਥਾਨ ਦੇ ਸੀਐਮ ਭਜਨ ਲਾਲ ਪਹੁੰਚੇ ਅਬੋਹਰ, ਕਿਸਾਨਾਂ ਨੇ ਕੀਤਾ ਜ਼ੋਰਦਾਰ ਪ੍ਰਦਰਸ਼ਨ, ਦਿਖਾਈਆਂ ਕਾਲੀਆਂ ਝੰਡੀਆਂ

**ਫਾਜ਼ਿਲਕਾ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਫ਼ਿਰੋਜ਼ਪੁਰ ਹਲਕੇ ਦੇ ਉਮੀਦਵਾਰ ਗੁਰਮੀਤ ਸਿੰਘ ਰਾਣਾ ਸੋਢੀ ਦੇ ਹੱਕ 'ਚ ਬਹਾਵਵਾਲਾ 'ਚ ਚੋਣ ਪ੍ਰਚਾਰ ਕਰਨ ਪਹੁੰਚੇ ਰਾਜਸਥਾਨ ਦੇ ਸੀ.ਐਮ ਭਜਨ ਲਾਲ ਦੇ ਪਹੁੰਚਣ ਤੋਂ ਪਹਿਲਾਂ ਹੀ ਅਬੋਹਰ 'ਚ ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਸੈਂਕੜੇ ਕਿਸਾਨਾਂ ਨੇ ਇਕੱਠੇ ਹੋ ਕੇ ਕਿਸਾਨ ਯੂਨੀਅਨ ਦੇ ਆਗੂਆਂ ਦਾ ਜ਼ੋਰਦਾਰ ਵਿਰੋਧ ਕੀਤਾ ਅਤੇ ਪ੍ਰਧਾਨ ਦਾ ਵਿਰੋਧ ਕੀਤਾ। ਇਸ ਦੌਰਾਨ ਭਾਰੀ ਪੁਲਿਸ ਬਲ ਤਾਇਨਾਤ ਕੀਤਾ ਗਿਆ ਸੀ। ਜਿਵੇਂ ਸਾਰਾ ਪਿੰਡ ਛਾਉਣੀ ਵਿੱਚ ਤਬਦੀਲ ਹੋ ਗਿਆ ਹੋਵੇ।

ਮੁੱਖ ਮੰਤਰੀ ਭਜਨ ਲਾਲ ਦੇ ਬਹਾਵਵਲਾ ਪੁੱਜਣ ਤੋਂ ਪਹਿਲਾਂ ਹੀ ਕਿਸਾਨ ਯੂਨੀਅਨਾਂ ਦੇ ਆਗੂਆਂ ਨੇ ਕਾਲੇ ਝੰਡੇ ਲਹਿਰਾਏ ਅਤੇ ਕਿਸਾਨ ਯੂਨੀਅਨਾਂ ਦੇ ਝੰਡੇ ਚੁੱਕ ਕੇ ਭਾਜਪਾ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।

**ਅੱਤਿਆਚਾਰ ਦਾ ਹਿਸਾਬ ਮੰਗ ਰਹੇ ਕਿਸਾਨ**

ਹਾਲਾਂਕਿ ਇਸ ਦੌਰਾਨ ਭਾਰੀ ਪੁਲਿਸ ਬਲ ਨੇ ਮੁੱਖ ਮੰਤਰੀ ਨੂੰ ਰੈਲੀ ਵਾਲੀ ਥਾਂ ਅੱਗੇ ਬੈਰੀਕੇਡ ਲਗਾ ਕੇ ਰੋਕ ਲਿਆ। ਕਿਸਾਨ ਯੂਨੀਅਨ ਦੇ ਆਗੂਆਂ ਨੇ ਹਰਿਆਣਾ ਦੀ ਸਰਹੱਦ 'ਤੇ ਕਿਸਾਨਾਂ 'ਤੇ ਹੋ ਰਹੇ ਅੱਤਿਆਚਾਰਾਂ ਦਾ ਹਿਸਾਬ ਮੰਗਦਿਆਂ ਕਿਹਾ ਕਿ ਉਹ ਹੁਣ ਪੰਜਾਬ ਦੇ ਲੋਕਾਂ ਤੋਂ ਕਿਸੇ ਨਾ ਕਿਸੇ ਆਧਾਰ 'ਤੇ ਵੋਟਾਂ ਮੰਗ ਰਹੇ ਹਨ।



ਇਸ ਮੌਕੇ ਹਾਜ਼ਰ ਕਿਸਾਨ ਆਗੂਆਂ ਜਗਤਾਰ ਸਿੰਘ, ਸੁਖਮੰਦਰ ਸਿੰਘ, ਨਿਰਮਲ ਸਿੰਘ, ਜਗਜੀਤ ਸਿੰਘ, ਵਿਨੋਦ ਭਾਗਸਰ ਅਤੇ ਸੁਭਾਸ਼ ਗੋਦਾਰਾ ਨੇ ਕਿਹਾ ਕਿ ਭਾਜਪਾ ਦੀ ਮੋਦੀ ਸਰਕਾਰ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਤੋਂ ਪਿੱਛੇ ਹਟ ਰਹੀ ਹੈ ਜਦਕਿ ਇਸ ਦਾ ਸਭ ਤੋਂ ਵੱਧ ਫਾਇਦਾ ਵੱਡੇ ਘਰਾਣਿਆਂ ਨੂੰ ਹੋਇਆ ਹੈ। ਭਾਜਪਾ ਸਰਕਾਰ ਪੂਰੀ ਤਰ੍ਹਾਂ ਕਿਸਾਨ ਵਿਰੋਧੀ ਹੈ।

ਉਨ੍ਹਾਂ ਕਿਹਾ ਕਿ ਚੋਣਾਂ ਵਿੱਚ ਜਿੱਥੇ ਵੀ ਭਾਜਪਾ ਉਮੀਦਵਾਰ ਨਜ਼ਰ ਆਉਣਗੇ, ਉਨ੍ਹਾਂ ਦਾ ਸਖ਼ਤ ਵਿਰੋਧ ਕੀਤਾ ਜਾਵੇਗਾ।

# ਰਾਜਾ ਗਿੱਲ ਨੇ ਕੀਤੀਆਂ ਪਿੰਡ ਖੇੜਾ ਤੇ ਚੱਲਦੀ ਮੰਗਾ ਵਿੱਚ ਨੁੱਕੜ ਮੀਟਿੰਗਾਂ

**ਮਾਛੀਵਾੜਾ ਸਾਹਿਬ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਚੱਕਲੀ ਮੰਗਾ ਵਿਖੇ ਇਕੱਠ ਨੂੰ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਕਿਹਾ ਕਿ ਸਾਨੂੰ ਹਮੇਸ਼ਾ ਚੱਕਲੀ ਮੰਗਾਂ ਪਿੰਡ ਤੇ ਮਾਣ ਹੈ ਕਿਉਂਕਿ ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਅੱਜ ਤੱਕ ਇਥੋਂ ਕਾਂਗਰਸ ਕਦੇ ਵੀ ਹਾਰੀ ਨਹੀਂ ਹੈ।

ਪਿੰਡ ਵਾਸੀਆਂ ਨੇ ਹਮੇਸ਼ਾ ਕਾਂਗਰਸ ਪਾਰਟੀ ਦਾ ਝੰਡਾ ਬੁਲੰਦ ਰੱਖਿਆ ਹੈ। ਉਹਨਾਂ ਕਿਹਾ ਕਿ ਔਖੇ ਸਮਿਆਂ ਵਿੱਚ ਵੀ ਪਿੰਡ ਵਾਸੀਆਂ ਨੇ ਕਾਂਗਰਸ ਪਾਰਟੀ ਦਾ ਸਾਥ ਨਹੀਂ ਛੱਡਿਆ ,ਜਿਸ ਨਾਲ ਕਾਂਗਰਸ ਪਾਰਟੀ ਨੂੰ ਅਜਿਹੇ ਪਿੰਡਾਂ ਤੋਂ ਹੋਰ ਹੌਸਲਾ ਅਫਜ਼ਾਈ ਮਿਲਦੀ ਹੈ। ਉਹਨਾਂ ਕਾਂਗਰਸ ਪਾਰਟੀ ਵੇਲੇ ਪਿੰਡ ਦੇ ਹੋਏ ਵਿਕਾਸ ਕਾਰਜਾਂ ਦਾ ਵੀ ਜ਼ਿਕਰ ਕੀਤਾ।

# ਸਾਬਕਾ ਪ੍ਰਧਾਨ ਸੁਰਿੰਦਰ ਕੁੰਦਰਾ ਨੇ ਕੀਤੀ ਡਾਕਟਰ ਅਮਰ ਸਿੰਘ ਨਾਲ ਮੁਲਾਕਾਤ



**ਮਾਛੀਵਾੜਾ ਸਾਹਿਬ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਕੌਂਸਲ ਮਾਛੀਵਾੜਾ ਦੇ ਸਾਬਕਾ ਪ੍ਰਧਾਨ ਅਤੇ ਲਗਭਗ 40 ਸਾਲਾਂ ਤੋਂ ਵੱਧ ਸਮੇਂ ਤੋਂ ਕਾਂਗਰਸ ਪਾਰਟੀ ਨਾਲ ਜੁੜੇ ਹੋਏ ਕਾਂਗਰਸੀ ਆਗੂ ਸੁਰਿੰਦਰ ਕੁੰਦਰਾ ਨੇ ਅੱਜ ਲੋਕ ਸਭਾ ਹਲਕਾ ਫਤਿਹਗੜ੍ਹ ਤੋਂ ਕਾਂਗਰਸੀ ਉਮੀਦਵਾਰ ਡਾਕਟਰ ਅਮਰ ਸਿੰਘ ਨਾਲ ਮੁਲਾਕਾਤ ਕਰ ਗਿਲੇ ਸ਼ਿਕਵੇ ਭੁਲਾਉਂਦਿਆਂ ਚੋਣ ਮੁਹਿੰਮ ਵਿੱਚ ਸਾਥ ਦੇਣ ਦਾ ਕੀਤਾ ਵਾਅਦਾ।

ਇਸ ਮੁਲਾਕਾਤ ਬਾਰੇ ਗੱਲ ਕਰਦਿਆਂ ਸਾਬਕਾ ਪ੍ਰਧਾਨ ਸੁਰਿੰਦਰ ਕੁੰਦਰਾ ਨੇ ਦੱਸਿਆ ਕਿ ਕਾਂਗਰਸੀ ਉਮੀਦਵਾਰ ਡਾਕਟਰ ਅਮਰ ਸਿੰਘ ਦਾ ਫੋਨ ਆਉਣ ਤੇ ਉਹ ਮੁਲਾਕਾਤ ਲਈ ਗਏ ਜਿੱਥੇ ਉਹਨਾਂ ਕਾਂਗਰਸ ਪਾਰਟੀ ਵੱਲੋਂ ਅਣਗੌਲਿਆ ਕੀਤੇ ਜਾਣ ਤੇ ਨਾਰਾਜ਼ਗੀ ਜਤਾਈ। ਡਾਕਟਰ ਅਮਰ ਸਿੰਘ ਨਾਲ ਮੁਲਾਕਾਤ ਤੋਂ ਬਾਅਦ ਉਹਨਾਂ ਆਪਣੇ ਸਭ ਗਿਲੇ ਸ਼ਿਕਵੇ ਭੁਲਾਉਂਦਿਆਂ ,ਉਹਨਾਂ ਦੀ ਚੋਣ ਮੁਹਿੰਮ ਦਾ ਹਿੱਸਾ ਬਣਨ ਦਾ ਐਲਾਨ ਕੀਤਾ ਅਤੇ ਕਿਹਾ ਕਿ ਉਹ ਪੁਰਾਣੇ ਕਾਂਗਰਸੀ ਪਰਿਵਾਰ ਦੇ ਮੈਂਬਰ ਹਨ ਤੇ ਹਮੇਸ਼ਾ ਰਹਿਣਗੇ ।

ਉਨ੍ਹਾਂ ਕਿਹਾ ਕਿ ਇਸ ਵੇਲੇ ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਤੋਂ ਕਾਂਗਰਸੀ ਉਮੀਦਵਾਰ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਜਿਤਾਉਣਗੇ। ਜ਼ਿਕਰਯੋਗ ਹੈ ਕਿ ਪਿਛਲੇ ਲਗਭਗ ਦੋ ਮਹੀਨਿਆਂ ਤੋਂ ਚੱਲ ਰਹੀਆਂ ਚੋਣ ਮੀਟਿੰਗਾਂ ਜਾਂ ਚੋਣ ਰੈਲੀਆਂ ਵਿੱਚ ਸੁਰਿੰਦਰ ਕੁੰਦਰਾ ਹੋਰਾਂ ਕੋਈ ਸ਼ਮੂਲੀਅਤ ਨਹੀਂ ਕੀਤੀ ਬਲਕਿ ਚੰਡੀਗੜ੍ਹ ਤੋਂ ਉਮੀਦਵਾਰ ਮਨੀਸ਼ ਕੁਮਾਰ ਦੀ ਚੋਣ ਮੁਹਿੰਮ ਦਾ ਹਿੱਸਾ ਜਰੂਰ ਬਣੇ। ਮਾਛੀਵਾੜਾ ਸਾਹਿਬ ਤੋਂ ਉਹਨਾਂ ਦਾ ਕਾਂਗਰਸੀ ਉਮੀਦਵਾਰ ਡਾਕਟਰ ਅਮਰ ਸਿੰਘ ਲਈ ਤੁਰਨਾ ਲਾਹੇਵੰਦ ਸਿੱਧ ਹੋਵੇਗਾ।

# ਪੀਰ ਬਾਬਾ ਬੇਦੀ ਸ਼ਾਹ ਜੀ ਦਾ ਸਲਾਨਾ ਮੇਲਾ ਤੇ ਭੰਡਾਰਾ ਅਮਿੱਟ ਯਾਦਾਂ ਛੱਡਦਾ ਹੋਇਆ ਸਮਾਪਤ



**ਮਾਛੀਵਾੜਾ ਸਾਹਿਬ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸਮਰਾਲਾ ਰੋਡ 'ਤੇ ਥਾਣਾ ਵਿਚ ਸਥਿਤ ਪੀਰ ਬਾਬਾ ਬੇਦੀ ਸ਼ਾਹ ਜੀ ਦਾ ਸਲਾਨਾ ਮੇਲਾ ਤੇ ਭੰਡਾਰਾ ਬਡ ?ੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ ਜਿਸ ਵਿਚ ਇਲਾਕੇ ਦੇ ਲੋਕਾਂ ਨੇ ਪੀਰ ਬਾਬਾ ਦੀ ਮਜ਼ਾਰ 'ਤੇ ਸਿਜਦਾ ਕੀਤਾ। ਮੇਲੇ ਦੇ ਦੂਸਰੇ ਦਿਨ ਕੱਵਾਲ ਪ੍ਰਦੀਪ ਮਾਨ, ਗਿੱਲ ਸਿਸਟਰ, ਮਨਜੀਤ ਭੱਟੀ ਨੇ ਮੇਲੀਆਂ ਨੂੰ ਮੰਤਰ-ਮੁਗਧ ਕੀਤਾ। ਮੇਲੇ 'ਚ ਉਚੇਚੇ ਤੌਰ 'ਤੇ ਪੁੱਜੇ ਪ੍ਰਸਿੱਧ ਗਾਇਕ ਪੰਮਾ ਡੂੰਮੇਵਾਲੀਆ ਨੇ ਆਪਣੇ ਸਾਥੀਆਂ ਨਾਲ ਮਿਲ ਕੇ 'ਏਥੇ ਠੇਕੇ 'ਤੇ ਸ਼ਰਾਬ ਜਿੰਨੀ ਵਿਕਦੀ ਓਨਾ ਨੀ ਫਰੂਟ ਵਿਕਦਾ', 'ਮਹਿਲਾਂ ਵਾਲੇ ਖਾਣ ਗੋਲੀਆਂ ਨੀਂਦ ਦੀਆਂ, ਕੁੱਲੀਆਂ ਵਾਲੇ ਬਿਨ੍ਹਾਂ ਬਿਸਤਰੇ ਸੁੱਤੇ ਦੇਖੇ ਮੈਂ', 'ਲੋਰੀਆਂ ਮੋਬਾਇਲ 'ਤੇ ਸੁਣਾਉਣ ਵਾਲੀਆਂ ਭੁੱਲ ਜਾਣ ਮਾਵਾਂ ਉਹ ਸ਼ੇਰ ਹੋਣਗੇ', 'ਮੋੜੀ ਵੇ ਮੋੜੀ ਬਾਬਾ ਚੱਕਵੀਂ ਮੰਡੀਰ ਨੂੰ, ਪੀ-ਪੀ ਸਮੈਕਾਂ ਸਾਡੀ ਜਾਂਦੇ ਨੇ ਸਰੀਰ ਨੂੰ', 'ਮਰਿਆ ਸ਼ਿਕਾਰ ਖਾਵੇ ਜੋ ਉਹ ਸ਼ੇਰ ਨਹੀਂ ਹੁੰਦਾ', 'ਲਹਿੰਦਾ ਸਿਰ ਬੇਸ਼ੱਕ ਲਹਿਜੇ ਥੁੱਕ ਕੇ ਨਹੀਂ ਚੱਟੀਦਾ' ਅਤੇ 'ਬਾਬਾ ਬੰਦਾ ਸਿੰਘ ਬਹਾਦਰ ਦੀ ਵਾਰ' ਗਾ ਕੇ ਮੇਲੀਆਂ ਨੂੰ ਕੀਲ ਕੇ ਰੱਖ ਦਿੱਤਾ। ਜਿਸ ਵਿਚ ਮੇਲਾ ਪ੍ਰਬੰਧਕ ਕਮੇਟੀ ਅਤੇ ਦਰਸ਼ਕਾਂ ਵਲੋਂ ਨੋਟਾਂ ਦੀ ਵਰਖਾ ਕਰਕੇ ਗਾਇਕ ਦਾ ਸਤਿਕਾਰ ਕੀਤਾ। ਮੇਲੇ ਵਿਚ ਪੁੱਜੇ ਕਲਾਕਾਰਾਂ ਨੂੰ ਸਨਮਾਨਿਤ ਕਰਨ ਦੀ ਰਸਮ ਥਾਣਾ ਮੁਖੀ ਇੰਸਪੈਕਟਰ ਭਿੰਦਰ ਸਿੰਘ ਖੰਗੂੜਾ, ਮੁੱਖ ਮੁਨਸ਼ੀ ਕਰਨਦੀਪ ਸਿੰਘ, ਕਰਨੈਲ ਸਿੰਘ, ਸੰਜੀਵ ਕੁਮਾਰ, ਸੁਰਿੰਦਰ ਸਿੰਘ (ਦੋਵੇਂ ਸਹਾਇਕ ਥਾਣੇਦਾਰ), ਰਾਜ ਕੌਰ ਤੇ ਪਰਮਜੀਤ ਸਿੰਘ (ਦੋਵੇਂ ਹੌਲਦਾਰ), ਬਬਲੀ ਮਹੰਤ, ਸੇਵਾਦਾਰ ਗੁਰਦਾਸ ਰਾਮ, ਡਾਇਰੈਕਟਰ ਗੁਰਮੁਖ ਦੀਪ, ਮਾ. ਜਗਦੀਪ ਸਿੰਘ, ਸੁਰਜੀਤ ਸਿੰਘ, ਗੁਰਪ੍ਰੀਤ ਮਾਨ, ਯਾਦਵਿੰਦਰ ਸਿੰਘ, ਜਰਨੈਲ ਸਿੰਘ, ਡਾਕਟਰ ਮਨਪ੍ਰੀਤ ਸਿੰਘ, ਬਲਵੀਰ ਸਿੰਘ ਵੀ ਮੌਜੂਦ ਸਨ। ਸੰਗਤਾਂ ਲਈ ਠੰਢੇ ਮਿੱਠੇ ਜਲ ਦੀ ਛਬੀਲ ਅਤੇ ਅਤੁੱਟ ਲੰਗਰ ਵਰਤਾਏ ਗਏ। ਕੁੱਲ ਮਿਲਾ ਕੇ ਪੀਰ ਬਾਬਾ ਬੇਦੀ ਸ਼ਾਹ ਜੀ ਦਾ ਮੇਲਾ ਤੇ ਭੰਡਾਰਾ ਯਾਦਗਾਰੀ ਹੋ ਨਿੱਬੜਿਆ। ਮੇਲੇ ਦਾ ਮੰਚ ਸੰਚਾਲਨ ਅਵਤਾਰ ਸਿੰਘ ਸੋਹੀ ਨੇ ਕੀਤਾ।

# ਵੋਟਰਾਂ ਨੂੰ ਵੰਡੇ ਗਏ 'ਹੱਥ ਲਿਖਤ ਸੱਦਾ ਪੱਤਰ'

ਅੰਮ੍ਰਿਤਸਰ 31 ਮਈ (ਕੌਮੀ ਪੱਤ੍ਰਿਕਾ ਬਿਊਰੋ)- ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਚੋਣ ਅਫ਼ਸਰ ਸ੍ਰੀ ਘਨਸ਼ਾਮ ਥੋਰੀ ਦੀ ਦੇ ਦਿਸ਼ਾ ਨਿਦਰੇਸ਼ਾਂ ਤੇ ਅਗਾਮੀ ਲੋਕਸਭਾ ਚੋਣਾਂ-2024 ਵਿੱਚ ਆਮ ਲੋਕਾਂ ਨੂੰ ਵੋਟ ਪਾਉਣ ਲਈ ਉਤਸ਼ਾਹਿਤ ਕਰਨ ਲਈ ਜ਼ਿਲ੍ਹੇ ਦੇ ਕਈ ਸਕੂਲਾਂ ਦੇ ਵਿਦਿਆਰਥੀਆਂ ਵਲੋਂ ਤਿਆਰ ਕੀਤੇ ਗਏ ਹੱਥ ਲਿਖਤ ਵੋਟਰ ਸੱਦਾ ਪੱਤਰ ਵੋਟਰਾਂ ਨੂੰ ਵੰਡੇ ਗਏ।ਇਸ ਬਾਰੇ ਜਾਣਕਾਰੀ ਦਿੰਦੇ ਹੋਏ ਅਟਾਰੀ ਵਿਧਾਨਸਭਾ ਹਲਕੇ ਦੇ ਨੋਡਲ ਅਫ਼ਸਰ ਪੀ ਡਬਲਿਊ ਡੀ ਸ਼੍ਰੀਮਤੀ ਸੰਤੋਸ਼ ਕੁਮਾਰੀ ਨੇ ਦੱਸਿਆ ਕਿ ਇਸ ਗਤੀਵਿਧੀ ਦਾ ਮੁੱਖ ਟੀਚਾ ਬੱਚਿਆਂ ਰਾਹੀਂ ਸਮਾਜ ਵਿੱਚ ਚੋਣ ਜਾਗਰੂਕਤਾ ਫ਼ੈਲਾਉਣਾ ਹੈ।ਉਹਨਾਂ ਕਿਹਾ ਕਿ ਵਿਦਿਆਰਥੀਆਂ ਵਲੋਂ ਆਪਣੀ ਉਸਾਰੂ ਸੋਚ ਦਾ ਉਪਯੋਗ ਕਰਦੇ ਹੋਏ ਬਹੁਤ ਹੀ ਵਧੀਆ ਕਾਰਡ ਤਿਆਰ ਕੀਤੇ ਗਏ ਸਨ ਅਤੇ ਹੁਣ ਇਹ ਕਾਰਡ ਅੱਜ ਵੋਟਰਾਂ ਵਿੱਚ ਵੰਡੇ ਗਏ ਹਨ। ਉਹਨਾਂ ਕਿਹਾ ਕਿ ਭਾਰਤ ਦੁਨੀਆਂ ਦਾ ਸੱਭ ਤੋਂ ਵੱਡਾ ਲੋਕਤੰਤਰ ਹੈ ਅਤੇ ਸਾਨੂੰ ਸੱਭ ਨੂੰ ਇਸ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ।ਉਹਨਾਂ ਕਿਹਾ ਕਿ ਚੋਣ ਕਮਿਸ਼ਨ ਵਲੋਂ ਇਸ ਬਾਰ ਦੇਸ਼ ਵਿੱਚ ਚੋਣਾਂ ਨੂੰ ਇੱਕ ਤਿਉਹਾਰ ਦੀ ਤਰ੍ਹਾਂ ਮਨਾਉਣ ਦਾ ਐਲਾਨ ਕੀਤਾ ਗਿਆ ਹੈ,ਇਸ ਲਈ ਹੁਣ ਸਾਡਾ ਫ਼ਰਜ ਬਣਦਾ ਹੈ ਕਿ ਅਸੀਂ ਚੋਣਾਂ ਦੇ ਇਸ ਤਿਉਹਾਰ ਵਿੱਚ ਵੱਧ ਚੜ੍ਹ ਕੇ ਭਾਗ ਲਈਏ।ਉਹਨਾਂ ਕਿਹਾ ਕਿ ਮੌਜੂਦਾ ਯੁਗ ਸੋਸ਼ਲ ਮੀਡੀਆ ਦਾ ਯੁਗ ਹੈ।

# ਕਾਂਗਰਸ ਦੇ ਉਮੀਦਵਾਰ ਡਾਕਟਰ ਅਮਰ ਸਿੰਘ ਦੀ ਚੋਣ ਮੁਹਿੰਮ ਨੂੰ ਭਰਵਾਂ ਹੁੰਗਾਰਾ



**ਮਾਛੀਵਾੜਾ ਸਾਹਿਬ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਡਾਕਟਰ ਅਮਰ ਸਿੰਘ ਦੀ ਚੋਣ ਮੁਹਿੰਮ ਨੂੰ ਉਸ ਵੇਲੇ ਹੋਰ ਮਜਬੂਤੀ ਮਿਲੀ ਜਦੋਂ ਸੀਪੀਆਈ (ਐਮ) ਇਕਾਈ ਸਮਰਾਲਾ ਦੇ ਪ੍ਰਧਾਨ ਨਿੱਕਾ ਸਿੰਘ ਕਾਮਰੇਡ ਨੇ ਆਪਣੇ ਸਾਥੀਆਂ ਸਮੇਤ ਕਾਂਗਰਸ ਪਾਰਟੀ ਦੇ ਉਮੀਦਵਾਰ ਡਾਕਟਰ ਅਮਰ ਸਿੰਘ ਨੂੰ ਸਮਰਥਨ ਦਾ ਐਲਾਨ ਕੀਤਾ।

ਪਿੰਡ ਖੇੜਾ ਵਿਖੇ ਰੱਖੀ ਗਈ ਨੁੱਕੜ ਮੀਟਿੰਗ ਵਿੱਚ ਪ੍ਰਧਾਨ ਨਿੱਕਾ ਸਿੰਘ ਅਤੇ ਉਸਦੇ ਸਾਥੀਆਂ ਨੇ ਕਾਂਗਰਸ ਪਾਰਟੀ ਵਿੱਚ ਸ਼ਮੂਲੀਅਤ ਕਰਦਿਆਂ ਕਾਂਗਰਸੀ ਉਮੀਦਵਾਰ ਡਾਕਟਰ ਅਮਰ ਸਿੰਘ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਜਿਤਾਉਣ ਦਾ ਵਾਅਦਾ ਕੀਤਾ। ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਪ੍ਰਧਾਨ ਨਿੱਕਾ ਸਿੰਘ ਖੇੜਾ ਅਤੇ ਸਾਥੀਆਂ ਦਾ ਸਮਰਥਨ ਦੇਣ ਲਈ ਤਹਿ ਦਿਲੋਂ ਧੰਨਵਾਦ ਪ੍ਰਗਟ ਕਰਦਿਆਂ ਵਾਅਦਾ ਕੀਤਾ ਕਿ ਉਨਾਂ ਦਾ ਬਣਦਾ ਮਾਣ ਸਤਿਕਾਰ ਉਹਨਾਂ ਨੂੰ ਜਰੂਰ ਦਿੱਤਾ ਜਾਵੇਗਾ। ਰਾਜਾ ਗਿੱਲ ਨੇ ਕਾਂਗਰਸ ਪਾਰਟੀ ਉਮੀਦਵਾਰ ਡਾਕਟਰ ਅਮਰ ਸਿੰਘ ਦੀਆਂ ਪ੍ਰਾਪਤੀਆਂ ਅਤੇ ਕੇਂਦਰ ਸਰਕਾਰ ਵਿੱਚ ਮਨਮੋਹਨ ਸਿੰਘ ਦੀ ਸਰਕਾਰ ਵੇਲੇ ਦਿੱਤੇ ਗਏ ਡਾਕਟਰ ਅਮਰ ਸਿੰਘ ਵੱਲੋਂ ਯੋਗਦਾਨ ਬਾਰੇ ਜ਼ਿਕਰ ਕਰਦਿਆਂ ਕਿਹਾ ਕਿ ਮਨਰੇਗਾ ਦੀ ਸਕੀਮ ਤਿਆਰ ਕਰਨ ਵਾਲੇ ਡਾਕਟਰ ਅਮਰ ਸਿੰਘ ਜੀ ਹਨ ਜਦਕਿ ਆਟਾ ਦਾਲ ਸਕੀਮ ਅਤੇ ਹੋਰ ਨਾਲ ਲੋਕ ਭਲਾਈ ਦੀਆਂ ਸਕੀਮਾਂ ਦੇ ਖਰੜੇ ਤਿਆਰ ਕਰਨ ਦਾ ਜਿੰਮਾ ਵੀ ਡਾਕਟਰ ਅਮਰ ਸਿੰਘ ਨੇ ਹੀ ਨਿਵਾਇਆ ਹੈ। ਉਹਨਾਂ ਕਿਹਾ ਕਿ ਅਸੀਂ ਡਾਕਟਰ ਅਮਰ ਸਿੰਘ ਜੀ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਜਿਤਾਈਏ ਤਾਂ ਜੋ ਉਹ ਪਾਰਲੀਮੈਂਟ ਵਿੱਚ ਜਾ ਕੇ ਲੋਕ ਭਲਾਈ ਦੀਆਂ ਹੋਰ ਸਕੀਮਾਂ ਤਿਆਰ ਕਰ ਲਈ ਸਰਕਾਰ ਦਾ ਸਹਿਯੋਗ ਕਰਨ। ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ ਨੇ ਕਿਹਾ ਕਿ ਕਾਮਰੇਡ ਨਿੱਕਾ ਸਿੰਘ ਸਮੇਤ ਵੱਖ-ਵੱਖ ਪਿੰਡਾਂ ਤੋਂ ਸੀਪੀਆਈ ਐਮ ਦੇ ਕਾਰਕੁੰਨਾ ਵੱਲੋਂ ਸਮਰਥਨ ਦੇਣ ਦੇ ਨਾਲ ਇਲਾਕੇ ਵਿੱਚ ਰਾਜਾ ਗਿੱਲ ਦੀ ਅਗਵਾਈ ਹੇਠ ਡਾਕਟਰ ਅਮਰ ਸਿੰਘ ਦੀ ਚੋਣ ਮੁਹਿੰਮ ਨੂੰ ਹੋਰ ਬੱਲ ਮਿਲਿਆ ਹੈ। ਪ੍ਰਧਾਨ ਨਿੱਕਾ ਸਿੰਘ ਨੇ ਪੁੱਜੇ ਸਾਰੇ ਸਾਥੀਆਂ , ਰੁਪਿੰਦਰ ਸਿੰਘ ਰਾਜਾ ਗਿੱਲ, ਪ੍ਰਧਾਨ ਪਰਮਿੰਦਰ ਤਿਵਾੜੀ ਅਤੇ ਨਾਲ ਆਏ ਕਾਂਗਰਸੀ ਆਗੂਆਂ ਦਾ ਤਹਿ ਦਿਲੋਂ ਧੰਨਵਾਦ ਪ੍ਰਗਟ ਕਰਦੇ ਕਿਹਾ ਕਿ ਉਹ ਹਮੇਸ਼ਾ ਉਹਨਾਂ ਦੇ ਨਾਲ ਖੜੇ ਹਨ। ਇਸ ਮੌਕੇ ਪ੍ਰਕਾਸ਼ ਸਿੰਘ, ਹਰਦੇਵ ਸਿੰਘ, ਬਾਬੂ ਸਿੰਘ, ਹਰਜੀਤ ਸਿੰਘ, ਬਲਵੀਰ ਸਿੰਘ, ਦਵਿੰਦਰ ਸਿੰਘ, ਰਣਜੀਤ ਸਿੰਘ, ਛਿੰਦਰਪਾਲ ਸਿੰਘ, ਸੁੱਚਾ ਸਿੰਘ, ਵਿਜੇ ਕੁਮਾਰ, ਬਲਜੀਤ ਸਿੰਘ, ਬਲਕਾਰ ਸਿੰਘ, ਅਵਤਾਰ ਸਿੰਘ, ਚੰਦਰਮੋਹਨ, ਮੋਹਣ ਲਾਲ, ਪਰਮਜੀਤ ਸਿੰਘ, ਚਤਰ ਸਿੰਘ, ਅਨਮੋਲ ਸਿੰਘ, ਅਸ਼ੋਕ ਖੇੜਾ, ਅਕਾਸ਼ ਸਿੰਘ, ਕਮਲਜੀਤ ਸਿੰਘ, ਸ਼ਾਮ ਸਿੰਘ ,ਗੁਰਦਿੱਤ ਸਿੰਘ , ਕ੍ਰਿਸ਼ਨ ਲਾਲ, ਬਲਵਿੰਦਰ ਸਿੰਘ, ਰਾਮ ਜੀ ਦਾ ਸਮੇਤ ਵੱਡੀ ਗਿਣਤੀ ਵਿੱਚ ਔਰਤਾਂ ਵੀ ਮੌਜੂਦ ਸਨ।

# ਫਾਜ਼ਿਲਕਾ ਦੇ ਨੌਜਵਾਨ ਵਕੀਲ ਦੀ ਮੌਤ: ਤੇਲ ਟੈਂਕਰ ਨਾਲ ਟੱਕਰ, 4 ਮਹੀਨੇ ਪਹਿਲਾਂ ਹੋਇਆ ਵਿਆਹ

**ਫਾਜ਼ਿਲਕਾ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਫਾਜ਼ਿਲਕਾ ਦੇ ਨੌਜਵਾਨ ਵਕੀਲ ਤੇ ਆਰਟੀਆਈ ਕਾਰਕੁਨ ਤਰੁਣ ਵਧਵਾ ਦੀ ਬੀਤੀ ਰਾਤ ਸੜਕ ਹਾਦਸੇ 'ਚ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਦੱਸਿਆ ਜਾ ਰਿਹਾ ਹੈ ਕਿ ਤਰੁਣ ਆਪਣੇ ਸਹੁਰੇ ਨਾਲ ਕਾਰ 'ਚ ਦੇਰ ਰਾਤ ਲੁਧਿਆਣਾ ਤੋਂ ਫਾਜ਼ਿਲਕਾ ਆ ਰਿਹਾ ਸੀ। ਇਸੇ ਦੌਰਾਨ ਜਲਾਲਾਬਾਦ ਦੇ ਪਿੰਡ ਬੱਗੇ ਕੋਲ ਇੱਕ ਤੇਲ ਟੈਂਕਰ ਨੇ ਉਸ ਨੂੰ ਟੱਕਰ ਮਾਰ ਦਿੱਤੀ। ਜਿਸ ਕਾਰਨ ਉਸ ਦੀ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਤਰੁਣ ਦਾ ਕਰੀਬ 4 ਮਹੀਨੇ ਪਹਿਲਾਂ ਵਿਆਹ ਹੋਇਆ ਸੀ। ਫਿਲਹਾਲ ਪਰਿਵਾਰਕ ਮੈਂਬਰ ਇਸ ਮਾਮਲੇ 'ਚ ਸਖਤ ਕਾਰਵਾਈ ਦੀ ਮੰਗ ਕਰ ਰਹੇ ਹਨ। ਤਰੁਣ ਦੀ ਲਾਸ਼ ਨੂੰ ਫਾਜ਼ਿਲਕਾ ਦੇ ਸਰਕਾਰੀ ਹਸਪਤਾਲ ਦੇ ਮੁਰਦਾਘਰ 'ਚ ਰਖਵਾਇਆ ਗਿਆ ਹੈ, ਉਥੇ ਪਹੁੰਚੇ ਆਰ.ਟੀ.ਆਈ ਕਾਰਕੁਨ ਰਾਜੇਸ਼ ਠਕਰਾਲ ਨੇ ਦੱਸਿਆ ਕਿ ਤਰੁਣ ਵਧਵਾ ਆਪਣੇ ਸਹੁਰੇ ਨਾਲ ਆਪਣੀ ਭਰਜਾਈ ਨੂੰ ਲੁਧਿਆਣਾ ਛੱਡਣ ਗਿਆ ਸੀ, ਜਦੋਂ ਉਹ ਆਪਣੀ ਕਾਰ 'ਚ ਸਵਾਰ ਹੋ ਕੇ ਵਾਪਸ ਆ ਰਹੇ ਸਨ, ਜਦੋਂ ਉਹ ਜਲਾਲਾਬਾਦ ਨੇੜੇ ਪਿੰਡ ਬੱਗੇ ਮੋੜ 'ਤੇ ਪਹੁੰਚੇ ਤਾਂ ਗਲਤ ਸਾਈਡ ਤੋਂ ਆ ਰਹੇ ਇਕ ਤੇਲ ਟੈਂਕਰ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ।

## ਸੰਪਾਦਕੀ

# ਲੋਕ ਸਭਾ ਚੋਣਾਂ ਅਤੇ ਪੰਜਾਬ ਦੇ ਵੋਟਰਾਂ ਦੀ ਦੁਚਿੱਤੀ

ਸਾਲ 2024 ਵਾਲੀਆਂ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਰਾਜ ਵਿੱਚ 2 ਕਰੋੜ ਤੋਂ ਵੀ ਵੱਧ ਵੋਟਰਾਂ ਕੋਲ ਇੰਡੀਅਨ ਨੈਸ਼ਨਲ ਕਾਂਗਰਸ, ਆਮ ਆਦਮੀ ਪਾਰਟੀ (ਆਪ), ਭਾਰਤੀ ਜਨਤਾ ਪਾਰਟੀ (ਭਾਜਪਾ), ਸ਼੍ਰੋਮਣੀ ਅਕਾਲੀ ਦਲ, ਬਹੁਜਨ ਸਮਾਜ ਪਾਰਟੀ (ਬਸਪਾ), ਭਾਰਤੀ ਕਮਿਊਨਿਸਟ ਪਾਰਟੀ (ਸੀਪੀਆਈ), ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) (ਸੀਪੀਆਈਐੱਮ) ਅਤੇ ਕਈ ਹੋਰ ਪਾਰਟੀਆਂ ਵਿੱਚੋਂ ਆਪਣੇ ਨੁਮਾਇੰਦਿਆਂ ਦੀ ਚੋਣ ਕਰਨ ਲਈ ਪਹਿਲਾਂ ਨਾਲੋਂ ਜਿ ?ਆਦਾ ਬਦਲ ਮੌਜੂਦ ਹਨ। ਫਿਰ ਵੀ ਉਨ੍ਹਾਂ ਅੰਦਰ 'ਕਿਸ ਨੂੰ ਵੋਟ ਪਾਉਣ ਜਾਂ ਕਿਸ ਨੂੰ ਨਾ ਪਾਉਣ' ਜਾਂ ਫਿਰ 'ਵੋਟ ਪਾਉਣ ਵੀ ਜਾਂ ਨਾ ਹੀ ਪਾਉਣ' ਦੇ ਮਸਲੇ ਸਬੰਧੀ ਕਦੇ ਪਹਿਲਾਂ ਨਾਲੋਂ ਵੱਧ ਉਦਾਸੀਨਤਾ ਅਤੇ ਨਿਰਾਸ਼ਾ ਹੈ। ਦੂਜੇ ਪਾਸੇ, ਹਰ ਰਾਜਨੀਤਕ ਪਾਰਟੀ ਜ਼ਾਹਿਰਾ ਤੌਰ 'ਤੇ ਆਪਣੇ ਆਪ ਨੂੰ ਵੋਟਰਾਂ ਦੀ ਚੋਣ ਲਈ ਸਭ ਤੋਂ ਵਧੀਆ ਉਮੀਦਵਾਰ ਹੋਣ ਦਾ ਡੰਕਾ ਵਜਾ ਰਹੀ ਹੈ ਪਰ ਅੰਦਰੋਂ ਵੋਟਰਾਂ ਦੇ ਹੁੰਗਾਰੇ ਬਾਰੇ ਬਹੁਤ ਬੇਯਕੀਨੀ, ਡਰ ਅਤੇ ਚਿੰਤਾ ਨਾਲ ਗ੍ਰਸਤ ਹੈ। ਵੋਟਰਾਂ ਵਿਚ 'ਪੱਥਰ ਵਰਗੀ ਚੁੱਪ' ਹੈ ਜਦੋਂ ਕਿ ਸਾਰੇ ਦਲ ਅਤੇ ਉਮੀਦਵਾਰ ਤੇਰਾਂ ਦੇ ਤੇਰਾਂ ਲੋਕ ਸਭਾ ਹਲਕਿਆਂ 'ਤੇ ਆਪੋ-ਆਪਣੀ ਦਾਅਵੇਦਾਰੀ ਲਈ ਲਲਕਾਰੇ ਮਾਰ ਰਹੇ ਹਨ। ਪਿਛਲੇ ਕੁਝ ਮਹੀਨਿਆਂ ਦੌਰਾਨ ਵੱਖ-ਵੱਖ ਨੇਤਾਵਾਂ ਅਤੇ ਵੱਖ-ਵੱਖ ਪਾਰਟੀਆਂ ਨੇ ਦਲ ਅਤੇ ਨੇਤਾ ਬਦਲੀ ਦੀ ਖੇਡ ਪੂਰੇ ਜਾਹੋ-ਜਲਾਲ ਨਾਲ ਖੇਡੀ ਹੈ। ਨੇਤਾ ਦੂਜੀ ਪਾਰਟੀ ਦੀ ਕਿਸ਼ਤੀ ਵਿੱਚ ਚੜ੍ਹ ਕੇ ਚੋਣ-ਸਮੁੰਦਰ ਪਾਰ ਲੰਘਣ ਦੀ ਤਾਕ ਵਿੱਚ ਹਨ। ਇਸ ਦੇ ਨਾਲ ਹੀ ਸਿਆਸੀ ਪਾਰਟੀਆਂ ਦੂਜੀ ਪਾਰਟੀ ਦੇ ਨੇਤਾ ਨੂੰ ਘੋੜਾ ਬਣਾ ਕੇ ਅਪਣੀ ਘੋੜਾ-ਗੱਡੀ ਨੂੰ ਚੋਣ-ਯੁੱਧ ਵਿੱਚੋਂ ਪਾਰ ਲੰਘਾਉਣ ਦੀ ਉਮੀਦ ਵਿੱਚ ਹਨ। ਇਹ ਬਿਲਕੁੱਲ ਅਸਪੱਸ਼ਟ ਹੈ ਕਿ ਨੇਤਾ ਦੀ ਸ਼ਨਾਖ਼ਤ ਉਸ ਦੀ ਪਾਰਟੀ ਤੋਂ ਕੀਤੀ ਜਾਵੇ ਜਾਂ ਪਾਰਟੀ ਦੀ ਸ਼ਨਾਖ਼ਤ ਸਬੰਧਿਤ ਨੇਤਾ ਤੋਂ। ਹੋਰ ਤਾਂ ਹੋਰ, ਇਸ ਤੋਂ ਵੀ ਵੱਧ ਇਹ ਅਸਪੱਸ਼ਟ ਹੈ ਕਿ ਜੋ ਕੁਝ ਇਹ ਨੇਤਾ ਜਾਂ ਪਾਰਟੀਆਂ ਕਹਿ ਰਹੇ ਹਨ, ਉਸ ਦਾ ਕੀ ਮਤਲਬ ਹੈ? ਅਜਿਹੇ ਹਾਲਾਤ ਸਿਆਸਤਦਾਨਾਂ ਦੀ ਜਮਹੂਰੀਅਤ ਬਾਰੇ 'ਨੁਕਸਦਾਰ' ਸਮਝ ਕਾਰਨ ਪੈਦਾ ਹੋਏ ਹਨ ਜਿਸ ਕਰ ਕੇ ਚੋਣ ਤੋਂ ਬਾਅਦ ਸਿਆਸਤਦਾਨ ਆਪਣੇ ਆਪ ਨੂੰ ਲੋਕਾਂ ਦੇ ਨੁਮਾਇੰਦੇ ਨਹੀਂ ਸਗੋਂ 'ਸ਼ਾਸਕ' ਅਤੇ 'ਨਾਗਰਿਕਾਂ' ਨੂੰ 'ਪਰਜਾ' ਸਮਝਣ ਲੱਗਦੇ ਹਨ। ਇਸੇ ਕਰ ਕੇ ਇਹ ਸਿਆਸਤਦਾਨ 'ਵਾਰੀ ਬਦਲਣ' ਦੀ ਖੇਡ ਖੇਡਦੇ ਹੋਏ ਲੋਕ ਹਿੱਤ ਦੀ ਥਾਂ ਸਵੈ-ਹਿੱਤ ਵਿੱਚ ਰੁਝੇ ਰਹਿਣ ਨੂੰ ਹੀ ਲੋਕਤੰਤਰ ਸਮਝਦੇ ਹਨ ਅਤੇ ਲੋਕਤੰਤਰ ਨੂੰ ਲੋਕਾਂ ਦੀ, ਲੋਕਾਂ ਦੁਆਰਾ ਪਰ 'ਲੋਕਾਂ ਲਈ ਨਹੀਂ' ਸਰਕਾਰ ਵਜੋਂ ਪਰਿਭਾਸਿ ?ਤ ਕਰਦੇ ਹਨ। ਚੋਣਾਂ ਤੋਂ ਬਾਅਦ ਸਿਆਸੀ ਜਮਾਤ ਵੱਲੋਂ ਲੋਕ ਪੱਖੀ ਨੀਤੀਆਂ ਦੀ ਬਜਾਇ ਕਾਰਪੋਰੇਟ ਅਤੇ ਉਨ੍ਹਾਂ ਦੇ ਸਾਥੀਆਂ ਦੇ ਹਿੱਤ ਵਾਲੀਆਂ ਨੀਤੀਆਂ 'ਤੇ ਚੱਲਣ ਕਾਰਨ ਦੇਸ਼ ਦੀ ਆਰਥਿਕਤਾ ਤਾਂ ਮਜ਼ਬੂਤ ਹੋ ਸਕਦੀ ਹੈ ਪਰ ਜਨਤਾ ਦੇ ਹਿੱਤ ਕਮਜ਼ੋਰ ਹੁੰਦੇ ਜਾਣ ਕਾਰਨ ਸਿਆਸੀ ਪਾਰਟੀਆਂ ਨੂੰ ਆਪਣੇ ਬਲਬੂਤੇ ਸਪੱਸ਼ਟ ਤੌਰ 'ਤੇ ਲੋਕਾਂ ਦਾ ਸਾਹਮਣਾ ਕਰਨ ਵਿੱਚ ਮੁਸ਼ਕਿਲ ਆ ਰਹੀ ਹੈ। ਅਸਲ ਵਿੱਚ 'ਵੋਟ ਪਾਉਣਾ ਹੈ ਜਾਂ ਨਹੀਂ ਪਾਉਣਾ', 'ਵੋਟ ਕਿਸ ਨੂੰ ਪਾਉਣਾ ਹੈ ਜਾਂ ਕਿਸ ਨੂੰ ਨਹੀਂ' ਦਾ ਫੈਸਲਾ ਕਰਨ ਦੇ ਸੰਕਟ ਵਿੱਚ ਫਸੇ ਵੋਟਰਾਂ ਨੇ ਦੜ ਵੱਟੀ ਹੋਈ ਹੈ। ਲੋਕਾਂ ਨੂੰ ਉਮੀਦਵਾਰ ਅਤੇ ਰਾਜਨੀਤਕ ਪਾਰਟੀਆਂ, ਉਨ੍ਹਾਂ ਦੀ ਦਿੱਖ ਅਤੇ ਕੱਦ-ਕਾਠ ਵਿੱਚ ਵੱਖਰੇ ਦਿਸਣ ਦੇ ਬਾਵਜੂਦ ਉਨ੍ਹਾਂ ਦੀਆਂ ਨੀਤੀਆਂ, ਨੀਯਤ ਅਤੇ ਕਾਰਵਾਈਆਂ ਕਾਰਨ ਇੱਕੋ ਜਿਹੇ ਦਿਖਾਈ ਦਿੰਦੇ ਹਨ ਜਿਸ ਕਰ ਕੇ ਚੋਣਾਂ ਦਾ ਰੰਗ ਫਿੱਕਾ ਅਤੇ ਬੇਅਰਥ ਜਾਪਦਾ ਹੈ। ਦਿੱਖ ਵਿਚ ਵੱਖੋ-ਵੱਖਰੇ ਪਰ ਕਾਰਵਾਈਆਂ ਵਿਚ ਇੱਕੋ ਜਿਹੇ ਹੋਣ ਦੀ ਉਲਝਣ ਨੇ ਵੋਟਰਾਂ ਨੂੰ ਹੋਣੀ ਅਤੇ ਹੋਂਦ ਦੇ ਦੋਰਾਹੇ 'ਤੇ ਲਿਆ ਖੜ੍ਹਾ ਕੀਤਾ ਹੈ। ਇਸ ਪ੍ਰਸੰਗ ਵਿੱਚ ਮਹੱਤਵਪੂਰਨ ਗੱਲ ਇਹ ਹੈ ਕਿ ਪੰਜਾਬ ਵਿੱਚ ਕਿਸੇ ਵੀ ਸਿਆਸੀ ਪਾਰਟੀ ਨੇ ਆਪਣੇ ਚੋਣ ਮਨੋਰਥ ਪੱਤਰਾਂ, ਭਾਸ਼ਣਾਂ ਅਤੇ ਨਾਅਰਿਆਂ ਵਿੱਚ ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕਿਆਂ, ਪਾਣੀਆਂ ਦੀ ਵੰਡ, ਰਾਜਾਂ ਨੂੰ ਵਧੇਰੇ ਅਧਿਕਾਰ ਆਦਿ ਵਰਗੇ ਰਵਾਇਤੀ ਮੁੱਦੇ ਸ਼ਾਮਲ ਨਹੀਂ ਕੀਤੇ ਹਨ। ਇਸ ਤੋਂ ਇਲਾਵਾ ਕੋਈ ਵੀ ਵੱਡੀ ਸਿਆਸੀ ਪਾਰਟੀ ਦ੍ਰਿੜਤਾ ਨਾਲ ਅਜਿਹੇ ਮੁੱਦੇ ਨਹੀਂ ਉਠਾ ਰਹੀ ਜੋ ਲੋਕਾਂ ਦੇ ਨਾਲ-ਨਾਲ ਰਾਜ ਦਾ ਮੂੰਹ ਚਿੜਾ ਰਹੇ ਹਨ: ਬੇਰੁਜ਼ਗਾਰੀ, ਮਾੜੀ ਸਿੱਖਿਆ, ਸਿਹਤ ਤੇ ਨਾਗਰਿਕ ਸਹੂਲਤਾਂ, ਵਿਦੇਸ਼ਾਂ ਵੱਲ ਪਰਵਾਸ, ਨਸ਼ਾ, ਖਣਨ (ਮਾਈਨਿੰਗ), ਭ੍ਰਿਸ਼ਟਾਚਾਰ, ਕਾਨੂੰਨ ਵਿਵਸਥਾ, ਸ਼ਹਿਰੀ ਵਿਕਾਸ ਆਦਿ। ਲੋਕਾਂ ਅੰਦਰ ਸਿਆਸਤਦਾਨਾਂ ਪ੍ਰਤੀ 'ਭਰੋਸੇ ਦੀ ਅਣਹੋਂਦ' ਅਤੇ ਸਿਆਸਤਦਾਨਾਂ ਦੀ ਆਪਣੇ ਅੰਦਰ 'ਆਤਮ-ਵਿਸ਼ਵਾਸ ਦੀ ਘਾਟ ਜਾਂ ਫਿਰ ਲੋੜੋਂ ਵੱਧ ਆਤਮ-ਵਿਸ਼ਵਾਸ ਹੋਣ ਕਾਰਨ ਪਿਛਲੇ ਕੁਝ ਮਹੀਨਿਆਂ ਤੋਂ ਸਿਆਸੀ ਜਮਾਤ ਲੋਕ ਹਿੱਤ ਸੋਚਣ ਦੀ ਬਜਾਇ 'ਪਾਰਟੀ ਪਲਟਾ' ਅਤੇ 'ਉਮੀਦਵਾਰ ਸਿ ?ਕਾਰ' ਵਾਲੀ ਖੇਡ ਵਿੱਚ ਹੀ ਰੁੱਝੀ ਰਹੀ ਹੈ। ਸਿਆਸੀ ਪਾਰਟੀਆਂ ਬਾਰੇ ਸਾਧਾਰਨ ਜਿਹਾ ਵਿਸ਼ਲੇਸ਼ਣ ਹੀ ਰਾਜਨੀਤਕ ਪਾਰਟੀਆਂ ਦਾ ਖਾਕਾ ਸਪੱਸ਼ਟ ਕਰ ਦਿੰਦਾ ਹੈ। ਉਦਾਹਰਨ ਵਜੋਂ ਭਾਜਪਾ ਨੂੰ ਚੁਸਤ ਸ਼ਾਸਨ, ਉੱਭਰਵੀਂ ਆਰਥਿਕਤਾ, ਰਾਸ਼ਟਰਵਾਦੀ, ਕੌਮਾਂਤਰੀ ਨੀਤੀ ਦਾ ਕਰੈਡਿਟ ਦਿੱਤਾ ਜਾ ਸਕਦਾ ਹੈ ਪਰ ਉੱਭਰਵੀਂ ਆਰਥਿਕਤਾ ਦੇ ਅਮੀਰ ਪੱਖੀ ਅਤੇ ਛੋਟੇ ਕਾਰੋਬਾਰ, ਕਿਸਾਨ, ਸ਼ਹਿਰੀ ਤੇ ਪੇਂਡੂ ਗਰੀਬ ਵਿਰੋਧੀ ਹੋਣ ਲਈ ਇਸ ਦੀ ਅਲੋਚਨਾ ਵੀ ਬਣਦੀ ਹੈ। ਇੱਕ ਪਾਸੇ ਦੇਸ਼ ਦੀ ਆਰਥਿਕਤਾ ਨੂੰ 'ਦੁਨੀਆ ਦੀ ਪੰਜਵੀਂ ਸਭ ਤੋਂ ਵੱਡੀ ਆਰਥਿਕਤਾ' ਕਿਹਾ ਜਾ ਰਿਹਾ ਹੈ; ਦੂਜੇ ਪਾਸੇ ਦੇਸ਼ ਦੇ ਲੋਕ ਪਹਿਲਾਂ ਨਾਲੋਂ ਵੱਧ ਗਰੀਬ ਹੋ ਗਏ ਹਨ ਅਤੇ ਬੇਰੁਜ਼ਗਾਰੀ ਤੇ ਮਹਿੰਗਾਈ ਵਿੱਚ ਤਿੱਖਾ ਵਾਧਾ ਹੋਇਆ ਹੈ। ਕਾਂਗਰਸ ਨੂੰ ਸਰਬ-ਸੰਮਲਿਤ ਅਤੇ ਧਰਮ ਨਿਰਪੱਖ ਰਾਜਨੀਤੀ ਅਤੇ ਐੱਮਐੱਸਪੀ ਦੇ ਕਿਸਾਨ ਪੱਖੀ ਵਾਅਦੇ ਲਈ ਸਿਹਰਾ ਦਿੱਤਾ ਜਾ ਸਕਦਾ ਹੈ ਪਰ ਇਸ ਦੇ ਆਪਸੀ ਕਲੇਸ਼/ਖਿੱਚੋਤਾਣ ਅਤੇ ਪਿਛਲੀ ਕਾਰਗੁਜਾਰੀ ਤੋਂ ਉਪਜੀ ਬੇਭਰੋਸਗੀ ਇਸ ਦੀਆਂ ਕਮਜ਼ੋਰੀਆਂ ਹਨ।

ਰਾਜ ਵਿੱਚ ਹਰ ਪਰਿਵਾਰ ਨੂੰ 300 ਯੂਨਿਟ ਮੁਫਤ ਬਿਜਲੀ, ਔਰਤਾਂ ਲਈ ਮੁਫ਼ਤ ਬੱਸ ਯਾਤਰਾ ਵਰਗੀਆਂ ਸਹੂਲਤਾਂ ਆਮ ਆਦਮੀ ਪਾਰਟੀ ਦਾ ਪੱਖ ਪੂਰਦੀਆਂ ਹਨ ਪਰ ਮਾੜੀ ਪ੍ਰਬੰਧਕੀ ਕਾਰਗੁਜ਼ਾਰੀ, ਦਿੱਲੀ 'ਤੇ ਲੋੜ ਤੋਂ ਵੱਧ ਨਿਰਭਰਤਾ, ਨਸ਼ਾ ਅਤੇ ਬੇਰੁਜ਼ਗਾਰੀ ਗਲੇ ਦੀ ਹੱਡੀ ਹਨ। ਸ਼੍ਰੋਮਣੀ ਅਕਾਲੀ ਦਲ ਨੂੰ ਇਸ ਦੇ ਇਤਿਹਾਸਕ ਰੋਲ ਅਤੇ ਰਾਜ ਪੱਖੀ ਹੋਣ ਦਾ ਸਿਹਰਾ ਬੱਝ ਸਕਦਾ ਹੈ ਪਰ ਪਾਰਟੀ ਉੱਤੇ ਪਰਿਵਾਰਕ ਕੰਟਰੋਲ ਅਤੇ ਥੋੜ੍ਹੇ ਸਮੇਂ ਤੋਂ ਇਸ ਦਾ ਕਾਰਪੋਰੇਟ ਪੱਖੀ ਝੁਕਾਅ ਇਸ ਦੀਆਂ ਕਮਜ਼ੋਰੀਆਂ ਹਨ। ਕਮਿਊਨਿਸਟਾਂ ਨੂੰ ਇਮਾਨਦਾਰੀ, ਵਚਨਬੱਧਤਾ, ਧਰਮ ਨਿਰਪੱਖਤਾ ਅਤੇ ਗਰੀਬ ਪੱਖੀ ਵਿਚਾਰਧਾਰਾ ਦਾ ਮਾਣ ਹਾਸਲ ਹੈ ਪਰ ਚੋਣਾਂ ਲੜਨ ਲਈ ਸਰੋਤਾਂ ਦੀ ਕਮੀ, ਜਿੱਤਣ ਵਿੱਚ ਅਸਮਰੱਥਾ ਅਤੇ ਸਰਕਾਰ ਵਿੱਚ ਭੂਮਿਕਾ ਨਾ ਹੋਣਾ ਇਨ੍ਹਾਂ ਦੀਆਂ ਸੀਮਾਵਾਂ ਹਨ।

ਵੋਟਰ ਭੰਬਲਭੂਸੇ ਵਿਚ ਹਨ ਕਿ ਜਿੱਤਣ ਤੋਂ ਬਾਅਦ ਉਮੀਦਵਾਰ ਉਸੇ ਪਾਰਟੀ ਨਾਲ ਰਹੇਗਾ ਜਿਸ ਨੂੰ ਉਹ ਵੋਟ ਪਾਉਣਗੇ ਜਾਂ ਉਸ ਨਾਲ ਜਿਸ ਦੀ ਸਰਕਾਰ ਬਣੇਗੀ। ਉਨ੍ਹਾਂ ਦੀ ਵੋਟ ਕਾਂਗਰਸ, ਭਾਜਪਾ, ਅਕਾਲੀ ਦਲ ਜਾਂ 'ਆਪ' ਜਿਸ ਨੂੰ ਉਨ੍ਹਾਂ ਚੁਣਿਆ ਹੈ, ਦੇ ਖਾਤੇ ਵਿੱਚ ਰਹੇਗੀ ਜਾਂ ਨਹੀਂ, ਇਸ ਦਾ ਉਨ੍ਹਾਂ ਨੂੰ ਯਕੀਨ ਨਹੀਂ ਬੱਝ ਰਿਹਾ।

ਉਹ ਇਸ ਲਈ ਵੀ ਉਲਝਣ ਵਿੱਚ ਹਨ ਕਿਉਂਕਿ ਉਨ੍ਹਾਂ ਨੂੰ ਯਕੀਨ ਨਹੀਂ ਹੈ ਕਿ ਪਾਰਟੀਆਂ ਅਤੇ ਨੇਤਾ ਉਹ ਕੁਝ ਕਰਨਗੇ ਵੀ ਜੋ ਕੁਝ ਉਹ ਹੁਣ ਕਹਿ ਰਹੇ ਹਨ। ਫਿਰ ਵੀ ਉਨ੍ਹਾਂ ਨੇ ਕਿਸੇ ਨੂੰ ਤਾਂ ਚੁਣਨਾ ਹੀ ਹੈ। ਇਹੋ ਉਨ੍ਹਾਂ ਦੀ ਹੋਣੀ ਅਤੇ ਤਰਾਸਦੀ ਹੈ। ਇਹ ਤਾਂ ਵੋਟਾਂ ਵਾਲੇ ਦਿਨ ਹੀ ਪਤਾ ਲੱਗੇਗਾ ਕਿ ਵੋਟਰ ਇਸ ਹਾਲਤ ਨਾਲ ਕਿਵੇਂ ਨਜਿੱਠਦੇ ਹਨ, ਹਾਲ ਦੀ ਘੜੀ ਤਾਂ ਹਾਲਾਤ ਸਿਆਸੀ ਪਾਰਟੀਆਂ ਦੇ ਚੋਣ ਮਨੋਰਥ ਪੱਤਰਾਂ ਵਾਂਗ ਧੁੰਦਲੇ ਅਤੇ ਅਸਪੱਸ਼ਟ ਹਨ।

# ਲੋਕ ਸਭਾ ਚੋਣਾਂ ਅਤੇ ਪੰਜਾਬ ਦੇ ਮੁੱਦੇ

**ਸੁੱਚਾ ਸਿੰਘ ਗਿੱਲ**



ਲੋਕ ਸਭਾ ਚੋਣਾਂ ਅਜਿਹੇ ਸਮੇਂ ਹੋ ਰਹੀਆਂ ਹਨ ਜਦੋਂ ਦੇਸ਼ ਦੇ ਧਰਮ ਨਿਰਪੱਖ ਅਤੇ ਜਮਹੂਰੀ ਗਣਤੰਤਰ ਵਾਲਾ ਸੰਵਿਧਾਨ ਬਦਲ ਕੇ ਤਾਨਾਸ਼ਾਹ ਹਿੰਦੂ ਰਾਸ਼ਟਰ ਬਣਾਉਣ ਦਾ ਖ਼ਦਸ਼ਾ ਜ਼ਾਹਰ ਕੀਤਾ ਜਾ ਰਿਹਾ ਹੈ। ਘੱਟ ਗਿਣਤੀਆਂ, ਦਲਿਤਾਂ, ਆਦਿਵਾਸੀਆਂ, ਕਿਸਾਨਾਂ, ਮਜ਼ਦੂਰਾਂ ਅਤੇ ਔਰਤਾਂ ਦੇ ਅਧਿਕਾਰਾਂ ਤੇ ਹਿੱਤਾਂ ਨੂੰ ਸ਼ਰੇਆਮ ਦਬਾਇਆ ਜਾ ਰਿਹਾ ਹੈ। ਹਾਕਮ ਪਾਰਟੀ ਦੇ ਲੀਡਰ ਕਾਰਪੋਰੇਟ ਘਰਾਣਿਆਂ ਦਾ ਖੁੱਲ੍ਹੇਆਮ ਪੱਖ ਪੂਰ ਰਹੇ ਅਤੇ ਨਫ਼ਰਤੀ ਭਾਸ਼ਣ ਦੇ ਰਹੇ ਹਨ। ਮੁੱਖ ਅਖ਼ਬਾਰ ਅਤੇ ਟੀਵੀ ਚੈਨਲ ਇਸ ਬਾਰੇ ਚੁੱਪ ਹਨ। ਚੋਣ ਕਮਿਸ਼ਨ ਦਾ ਰਵੱਈਆ ਪੱਖਪਾਤੀ ਨਜ਼ਰ ਆਉਂਦਾ ਹੈ। ਸੁਰੱਖਿਆ ਏਜੰਸੀਆਂ ਦੀ ਦੁਰਵਰਤੋਂ ਹੋ ਰਹੀ ਹੈ ਅਤੇ ਅਦਾਲਤਾਂ ਦਾ ਨਜ਼ਰੀਆ ਉਦਾਸੀਨ ਬਣ ਰਿਹਾ ਹੈ।

ਪੰਜਾਬੀਆਂ ਨੇ ਦੇਸ਼ ਦੀ ਆਜ਼ਾਦੀ ਵਿੱਚ ਅਹਿਮ ਰੋਲ ਨਿਭਾਇਆ ਅਤੇ ਦੇਸ਼ ਦੀ ਵੰਡ ਦੌਰਾਨ ਭਿਆਨਕ ਮਾਰ ਖਾਧੀ ਸੀ। ਇਸ ਤੋਂ ਬਾਅਦ ਸੂਬਾ ਵੰਡ ਦੀ ਮਾਰ ਤੋਂ ਸੰਭਲਿਆ। ਫਿਰ ਹਰੀ ਕ੍ਰਾਂਤੀ ਕਰ ਕੇ ਦੇਸ਼ ਨੂੰ ਅਨਾਜ ਵਿੱਚ ਆਤਮ-ਨਿਰਭਰ ਬਣਾਇਆ। 1975-77 ਦੌਰਾਨ ਐਮਰਜੈਂਸੀ ਲੱਗੀ ਤਾਂ ਇਸ ਖਿ ?ਲਾਫ਼ ਸ਼੍ਰੋਮਣੀ ਅਕਾਲੀ ਦਲ ਨੇ ਮੋਰਚਾ ਲਾਇਆ ਸੀ। ਕਿਸਾਨੀ ਸੰਕਟ ਦੇ ਹੱਲ ਵਾਸਤੇ 2020-21 'ਚ ਕਿਸਾਨ ਜਥੇਬੰਦੀਆਂ ਨੇ ਕਿਸਾਨ ਅੰਦੋਲਨ ਦੀ ਅਗਵਾਈ ਕੀਤੀ ਅਤੇ ਦੂਜੇ ਸੂਬਿਆਂ ਦੇ ਕਿਸਾਨਾਂ ਨਾਲ ਮਿਲ ਕੇ ਤਿੰਨ ਖੇਤੀ ਕਾਨੂੰਨ ਵਾਪਸ ਕਰਵਾਏ। ਹੁਣ ਵੀ ਪੰਜਾਬੀਆਂ ਦਾ ਫਰਜ਼ ਹੈ ਕਿ ਦੇਸ਼ ਨੂੰ ਮੁਸ਼ਕਿਲ ਸਮੇਂ ਬਣਦਾ ਰੋਲ ਨਿਭਾਉਣ।

ਚੋਣਾਂ ਦੌਰਾਨ ਸੂਬੇ ਦੇ ਮਸਲਿਆਂ ਦੀ ਨਿਸ਼ਾਨਦੇਹੀ ਕਰਨਾ ਅਤੇ ਦੇਸ਼ ਦੇ ਭਵਿੱਖ ਵਿੱਚ ਉਸਾਰੂ ਰੋਲ ਅਦਾ ਕਰਨਾ ਮਹੱਤਵਪੂਰਨ ਹੋ ਸਕਦਾ ਹੈ। ਕਿਸਾਨ ਜਥੇਬੰਦੀਆਂ ਉਮੀਦਵਾਰਾਂ ਨੂੰ ਕਿਸਾਨੀ ਮਸਲਿਆਂ ਬਾਰੇ ਸਵਾਲ ਕਰ ਰਹੀਆਂ ਹਨ। ਕੁਝ ਮੁਲਾਜ਼ਮ ਜਥੇਬੰਦੀਆਂ ਵੀ ਆਪਣੇ ਨਾਲ ਸਬੰਧਿਤ ਮੁੱਦੇ ਉਭਾਰ ਰਹੀਆਂ ਹਨ। ਜਮਹੂਰੀ ਅਧਿਕਾਰ ਸਭਾ ਪੰਜਾਬ ਨੇ ਜਮਹੂਰੀ ਹੱਕਾਂ ਦਾ ਸਵਾਲਨਾਮਾ ਤਿਆਰ ਕਰ ਕੇ ਵੰਡਿਆ ਹੈ। ਇਨ੍ਹਾਂ ਕੋਸਿ ?ਸ਼ਾਂ ਨੂੰ ਹੋਰ ਬਲ ਦੇਣ ਲਈ ਪੰਜਾਬ ਦੇ ਸਮੂਹਿਕ ਮਸਲਿਆਂ ਦੀ ਨਿਸ਼ਾਨਦੇਹੀ ਕੀਤੀ ਜਾ ਰਹੀ ਹੈ। ਇਹ ਇਸ ਕਰ ਕੇ ਜ਼ਰੂਰੀ ਹੈ ਤਾਂ ਕਿ ਚੋਣਾਂ ਵਿੱਚ ਖੜ੍ਹੇ ਉਮੀਦਵਾਰਾਂ ਨੂੰ ਇਨ੍ਹਾਂ ਮਸਲਿਆਂ ਦੀ ਜਾਣਕਾਰੀ ਹੋਵੇ ਅਤੇ ਉਹ ਇਨ੍ਹਾਂ ਬਾਰੇ ਆਪਣੀ ਰਾਇ ਬਣਾਉਣ ਜਾਂ ਜ਼ਾਹਿਰ ਕਰਨ, ਆਪਣੀ ਪ੍ਰਤੀਬੱਧਤਾ ਸਪੱਸ਼ਟ ਕਰਨ ਅਤੇ ਚੋਣਾਂ ਜਿੱਤਣ ਤੋਂ ਬਾਅਦ ਪਾਰਲੀਮੈਂਟ ਵਿੱਚ ਇਨ੍ਹਾਂ ਦੇ ਹੱਲ ਲਈ ਯੋਗਦਾਨ ਪਾਉਣ। ਲੇਖ ਵਿੱਚ ਕੁਝ ਮੁੱਦਿਆਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਕੁਝ ਮੁੱਦੇ ਪੰਜਾਬ ਦੇ ਪੁਨਰਗਠਨ ਨਾਲ ਪੈਦਾ ਹੋਏ ਹਨ, ਕੁਝ ਆਰਥਿਕ ਸਮਾਜਿਕ ਸੰਕਟ ਨੇ ਪੈਦਾ ਕੀਤੇ ਅਤੇ ਕੁਝ ਕੇਂਦਰ ਸਰਕਾਰ ਦੇ ਫੈਸਲਿਆਂ ਨੇ ਪੈਦਾ ਕੀਤੇ ਹਨ।

**ਪੁਨਰਗਠਨ ਨਾਲ ਸਬੰਧਿਤ ਮਸਲੇ**

*ਨਵੰਬਰ 1966 ਵਿੱਚ ਪੰਜਾਬ ਦੇ ਪੁਨਰਗਠਨ ਵੇਲੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾ ਦਿੱਤਾ ਗਿਆ। ਇਸ ਨੂੰ ਪੰਜਾਬ ਵਿੱਚ ਸ਼ਾਮਲ ਕਰਨ ਦਾ ਮਸਲਾ 58 ਸਾਲਾਂ ਤੋਂ ਲਟਕ ਰਿਹਾ ਹੈ।

*ਪੰਜਾਬੀ ਬੋਲਣ ਵਾਲੇ ਕੁਝ ਪਹਾੜੀ ਇਲਾਕੇ ਹਿਮਾਚਲ ਪ੍ਰਦੇਸ਼ ਨਾਲ ਮਿਲਾ ਦਿੱਤੇ ਅਤੇ ਕੁਝ ਮੈਦਾਨੀ ਇਲਾਕੇ ਹਰਿਆਣੇ ਵਿੱਚ ਸ਼ਾਮਲ ਕਰ ਦਿੱਤੇ। ਇਨ੍ਹਾਂ ਨੂੰ ਪੰਜਾਬ ਵਿੱਚ ਸ਼ਾਮਲ ਕਰਨਾ ਸਮੇਂ ਦੀ ਲੋੜ ਹੈ।

*ਹਰਿਆਣਾ ਨਾਲ ਪੰਜਾਬ ਦੇ ਪਾਣੀਆਂ ਦੀ ਵੰਡ ਦਾ ਮਸਲਾ ਪੈਦਾ ਹੋ ਗਿਆ। ਪਾਣੀਆਂ ਦੇ ਹੈੱਡਵਰਕਸ ਵਾਸਤੇ ਕੇਂਦਰ ਦੇ ਕੰਟਰੋਲ ਹੇਠ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਬਣਾ ਦਿੱਤਾ ਗਿਆ। ਦਰਿਆਵਾਂ ਦੇ ਪਾਣੀ ਦੀ ਸਿਧਾਂਤ ਅਨੁਸਾਰ ਵੰਡ ਕਰਨਾ ਅਤੇ ਇਨ੍ਹਾਂ ਦੇ ਹੈੱਡਵਰਕਸ ਦਾ ਕੰਟਰੋਲ ਪੰਜਾਬ ਨੂੰ ਦਿਵਾਉਣਾ ਇਨਸਾਫ਼ ਦਾ ਮਸਲਾ ਹੈ।

**ਆਰਥਿਕ, ਸਮਾਜਿਕ, ਸਿਆਸੀ ਸੰਕਟ ਦੇ ਮਸਲੇ**

ਪੰਜਾਬ 1980ਵਿਆਂ ਅਤੇ 90ਵਿਆਂ ਵਿੱਚ ਗਹਿਰੇ ਸਿਆਸੀ ਸੰਕਟ ਵਿਚੋਂ ਗੁਜ਼ਰਿਆ ਜਿਸ ਦੇ ਮੱਦੇਨਜ਼ਰ ਆਰਥਿਕ, ਸਮਾਜਿਕ ਅਤੇ ਸਿਆਸੀ ਮਸਲਿਆਂ ਨੇ ਜਨਮ ਲਿਆ:

*ਪੰਜਾਬ ਸਰਕਾਰ ਪੈਰਾਂ ਤੋਂ ਸਿਰ ਤੱਕ ਕਰਜ਼ੇ ਹੇਠ ਹੈ ਜੋ 3.42 ਲੱਖ ਕਰੋੜ ਰੁਪਏ ਤੱਕ ਪੁੱਜਾ ਹੈ। ਵਿਆਜ ਅਤੇ ਮੂਲ ਦੀਆਂ ਕਿਸ਼ਤਾਂ ਪੰਜਾਬ ਦੇ ਆਪਣੇ ਮਾਲੀਏ ਦਾ 1/3 ਹਿੱਸਾ ਖਾ ਜਾਂਦੀਆਂ ਹਨ। ਆਮ ਖਰਚੇ ਕਰਨ ਅਤੇ ਕਰਜ਼ਾ ਮੋੜਨ ਵਾਸਤੇ ਹੋਰ ਕਰਜ਼ਾ ਹਰ ਸਾਲ ਲੈਣਾ ਪੈ ਰਿਹਾ ਹੈ। ਇਹ ਕਰਜ਼ਾ ਹਰ ਸਾਲ ਵਧ ਰਿਹਾ ਹੈ ਜਿਸ ਕਰ ਕੇ ਸਰਕਾਰ ਕੋਲ ਪੂੰਜੀ ਨਿਵੇਸ਼ ਲਈ ਵਿਤੀ ਸਾਧਨਾਂ ਦੀ ਘਾਟ ਹੈ। ਇਸੇ ਲਈ ਕਰਜ਼ੇ ਨੂੰ ਰਿਟਾਇਰ ਕਰਨ ਦਾ ਪ੍ਰੋਗਰਾਮ ਬਣਾਉਣ ਦੀ ਲੋੜ ਹੈ।

*ਸੂਬਾ ਦੇਸ਼ ਵਿੱਚ 1991-92 ਤੱਕ ਸਾਰੇ ਵੱਡੇ ਸੂਬਿਆਂ ਤੋਂ ਪ੍ਰਤੀ ਵਿਅਕਤੀ ਆਮਦਨ ਵਿੱਚ ਪਹਿਲੇ ਸਥਾਨ 'ਤੇ ਸੀ। ਹੁਣ ਇਹ ਦਸਵੇਂ ਸਥਾਨ 'ਤੇ ਹੈ। ਇਸ ਦਾ ਮੁੱਖ ਕਾਰਨ ਪੂੰਜੀ ਨਿਵੇਸ਼ ਦੀ ਸਖ਼ਤ ਘਾਟ ਹੈ।

*ਖੇਤੀ ਖੇਤਰ ਗਹਿਰੇ ਸੰਕਟ ਵਿੱਚ ਹੈ। ਖੇਤ ਮਜ਼ਦੂਰ ਅਤੇ ਕਿਸਾਨ ਕਰਜ਼ੇ ਕਾਰਨ ਆਤਮ-ਹੱਤਿਆਵਾਂ ਕਰ ਰਹੇ ਹਨ ਪਰ ਸਰਕਾਰਾਂ ਚੁੱਪ ਹਨ। ਮਾਹਿਰਾਂ ਦੀ ਸਲਾਹ ਵੱਲ ਕੋਈ ਤਵੱਜੋ ਨਹੀਂ ਦਿੱਤੀ ਜਾ ਰਹੀ। ਤਿੰਨ ਵਾਰ ਖੇਤੀ ਨੀਤੀ ਤਿਆਰ ਕਰਵਾਉਣ ਤੋਂ ਬਾਅਦ ਕਿਸੇ ਵੀ ਸਰਕਾਰ ਨੇ ਇਸ ਬਾਰੇ ਵਿਚਾਰ ਚਰਚਾ ਵਾਜਿਬ ਨਹੀਂ ਸਮਝੀ।

*ਸੂਬੇ ਵਿਚੋਂ ਉਦਯੋਗਿਕ ਕੇਂਦਰ ਉਜੜ ਰਹੇ ਹਨ। ਅੰਮ੍ਰਿਤਸਰ ਤੇ ਬਟਾਲਾ 1980ਵਿਆਂ ਤੇ 90ਵਿਆਂ ਵਿੱਚ ਉਦਯੋਗਿਕ ਕੇਂਦਰ ਵਜੋਂ ਖ਼ਤਮ ਹੋ ਗਏ। ਮੰਡੀ ਗੋਬਿੰਦਗੜ੍ਹ ਅਤੇ ਗੋਰਾਇਆ ਵਿਚੋਂ ਉਦਯੋਗ ਪਿਛਲੇ ਦੋ ਦਹਾਕਿਆਂ ਵਿਚ ਬੰਦ ਹੋ ਗਏ। ਹੋਰ ਥਾਵਾਂ ਤੋਂ ਉਦਯੋਗਿਕ ਇਕਾਈਆਂ ਦੂਜੇ ਸੂਬਿਆਂ ਨੂੰ ਜਾ ਰਹੀਆਂ ਹਨ। ਖੇਤੀ ਤੇ ਉਦਯੋਗਿਕ ਖੇਤਰ ਵਿੱਚ ਵਿਕਾਸ ਦਾ ਕੋਈ ਤਾਲਮੇਲ ਨਹੀਂ। ਇੰਟਰਨੈੱਟ ਕੰਪਿਊਟਰ ਟੈਕਨਾਲੋਜੀ ਦੇ ਪੈਰ ਸੂਬੇ ਵਿੱਚ ਜੰਮ ਨਹੀਂ ਸਕੇ।

*ਸੇਵਾਵਾਂ ਦੇ ਖੇਤਰ ਵਿੱਚ ਵੀ ਸੂਬੇ ਦੀ ਕਾਰਗੁਜ਼ਾਰੀ ਤਸੱਲੀਬਖ਼ਸ਼ ਨਹੀਂ। ਰੁਜ਼ਗਾਰ ਦੀ ਗੁਣਵਤਾ ਮਾੜੀ ਹੋ ਗਈ ਹੈ। ਠੇਕੇ 'ਤੇ ਭਰਤੀਆਂ ਅਤੇ ਕੱਚੀਆਂ ਨੌਕਰੀਆਂ ਨੇ ਰੁਜ਼ਗਾਰ ਦੀ ਗੁਣਵੱਤਾ ਹੇਠਾਂ ਡੇਗੀ ਹੈ। ਬੇਰੁਜ਼ਗਾਰੀ ਵੀ ਦੇਸ਼ ਦੇ ਦੂਜੇ ਹਿੱਸਿਆਂ ਦੇ ਮੁਕਾਬਲੇ ਜਿ ?ਆਦਾ ਹੈ। ਭਾਰਤ ਸਰਕਾਰ ਦੀ ਪੀਰੀਆਡਿਕ ਲੇਬਰ ਫੋਰਸ ਰਿਪੋਰਟ-2022 ਅਨੁਸਾਰ, ਪੰਜਾਬ ਵਿੱਚ ਬੇਰੁਜ਼ਗਾਰੀ ਦਰ 7.2% ਹੈ ਜੋ ਭਾਰਤ ਦੀ ਬੇਰੁਜ਼ਗਾਰੀ ਦਰ 6.4% ਤੋਂ ਜਿ ?ਆਦਾ ਹੈ। ਇਵੇਂ ਹੀ ਨੌਜਵਾਨਾਂ ਦੀ ਪੰਜਾਬ ਵਿੱਚ ਬੇਰੁਜ਼ਗਾਰੀ ਦਰ 26.33% ਹੈ ਜਿਹੜੀ ਮੁਲਕ ਪੱਧਰੀ ਬੇਰੁਜ਼ਗਾਰੀ ਦਰ 21.84% ਤੋਂ ਵੱਧ ਹੈ। ਇਸ ਨੇ ਪੰਜਾਬ ਵਿੱਚ ਇਹ ਸਮੱਸਿਆਵਾਂ ਪੈਦਾ ਕੀਤੀਆਂ:

(ੳ) ਰੁਜ਼ਗਾਰ ਲਈ ਲੱਖਾਂ ਨੌਜਵਾਨ ਵਿਦੇਸ਼ ਜਾ ਰਹੇ ਹਨ ਜਿਸ ਨਾਲ ਪੰਜਾਬ ਦੇ ਬੌਧਿਕ ਸਰਮਾਏ ਦੇ ਨਾਲ-ਨਾਲ ਕਈ ਹਜ਼ਾਰ ਕਰੋੜ ਸਰਮਾਇਆ ਫੀਸਾਂ, ਕਿਰਾਏ ਅਤੇ ਰਹਿਣ-ਸਹਿਣ ਦੇ ਖਰਚੇ ਦੇ ਰੂਪ ਵਿੱਚ ਵਿਦੇਸ਼ ਜਾ ਰਿਹਾ ਹੈ।

(ਅ) ਰੁਜ਼ਗਾਰ ਦੀ ਘਾਟ ਕਾਰਨ ਨੌਜਵਾਨਾਂ ਦਾ ਇੱਕ ਵਰਗ ਨਸਿ ?ਆਂ ਅਤੇ ਅਪਰਾਧ ਵੱਲ ਧੱਕਿਆ ਗਿਆ ਹੈ।

(ੲ) ਇਨ੍ਹਾਂ ਮਸਲਿਆਂ ਕਾਰਨ ਗੈਂਗਸਟਰਾਂ ਨੇ ਪੰਜਾਬ ਦਾ ਅਮਨ ਕਾਨੂੰਨ ਪ੍ਰਭਾਵਿਤ ਕੀਤਾ ਹੈ। ਬੇਵਿਸ਼ਵਾਸੀ ਕਾਰਨ ਪੂੰਜੀ ਨਿਰਮਾਣ 'ਤੇ ਅਸਰ ਪਿਆ ਹੈ।

*ਪੰਜਾਬ ਨੂੰ ਪਹਿਲਾਂ ਖ਼ਾਸ ਯੋਜਨਾ ਤਹਿਤ ਦੇਸ਼ ਦੀ ਖਾਧ ਸੁਰੱਖਿਆ ਕਾਇਮ ਰੱਖਣ ਵਾਸਤੇ ਕਣਕ ਝੋਨੇ ਦੀ ਚੱਕਰ ਵਿੱਚ ਕੇਂਦਰ ਸਰਕਾਰ ਨੇ ਫਸਾਇਆ, ਹੁਣ ਇਸ ਵਿਚੋਂ ਪੰਜਾਬ ਆਪਣੇ ਆਪ ਬਾਹਰ ਨਹੀਂ ਨਿਕਲ ਸਕਦਾ।

*ਖੇਤੀ ਦੇ ਇਸ ਵਿਕਾਸ ਮਾਡਲ ਨੇ ਪੰਜਾਬ ਵਿੱਚ ਧਰਤੀ ਹੇਠਲਾ ਪਾਣੀ ਖ਼ਤਮ ਹੋਣ ਕੰਢੇ ਪਹੁੰਚਾ ਦਿੱਤਾ। ਧਰਤੀ ਹੇਠਲਾ ਅਤੇ ਦਰਿਆਵਾਂ ਦਾ ਪਾਣੀ ਪਲੀਤ ਹੋ ਗਿਆ ਹੈ। ਧਰਤੀ ਅਤੇ ਹਵਾ ਜ਼ਹਿਰੀਲੇ ਰਸਾਇਣਾਂ ਨਾਲ ਖਰਾਬ ਹੋ ਗਈਆਂ।

*ਪੰਜਾਬ ਪਾਣੀ ਦੀ ਘਾਟ ਅਤੇ ਹੜ੍ਹਾਂ ਦੀ ਮਾਰ ਹੇਠ ਹਰ ਸਾਲ ਆ ਰਿਹਾ ਹੈ। ਵਾਤਾਵਰਨ ਦੀ ਤਬਦੀਲੀ ਇਸ ਨੂੰ ਜਿ ?ਆਦਾ ਗੰਭੀਰ ਬਣਾ ਰਹੀ ਹੈ।

*ਪੰਜਾਬ ਵਿੱਚ ਸਿਆਸੀ ਸੰਕਟ ਕਾਰਨ ਕਾਲਜਾਂ ਯੂਨੀਵਰਸਿਟੀਆਂ ਵਿੱਚ ਵਿਦਿਆਰਥੀ ਚੋਣਾਂ 1983 ਤੋਂ ਬਾਅਦ ਬੰਦ ਹਨ।

*ਪੰਜਾਬ ਵਿੱਚ ਵਿਧਾਨ ਸਭਾ, ਪਾਰਲੀਮੈਂਟ ਅਤੇ ਪੰਚਾਇਤੀ ਚੋਣਾਂ ਕਰਵਾਈਆਂ ਜਾਂਦੀਆਂ ਹਨ ਪਰ ਮਾਰਕੀਟ ਕਮੇਟੀਆਂ ਦੀਆਂ ਨਹੀਂ। ਹਾਕਮ ਪਾਰਟੀ ਇਨ੍ਹਾਂ ਕਮੇਟੀਆਂ ਦੇ ਮੈਂਬਰ ਅਤੇ ਚੇਅਰਮੈਨ ਨਾਮਜ਼ਦ ਕਰ ਕੇ ਕਬਜ਼ਾ ਕਰ ਲੈਂਦੀ ਹੈ।

*ਸੰਵਿਧਾਨ ਦੀ 73ਵੀਂ ਤੇ 74ਵੀਂ ਸੋਧ ਅਨੁਸਾਰ, ਪੰਚਾਇਤਾਂ ਅਤੇ ਸ਼ਹਿਰਾਂ ਦੀਆਂ ਮਿਉਂਸਿਪਲ ਕਮੇਟੀਆਂ ਤੇ ਨਿਗਮਾਂ ਦੀ ਨਿਗਰਾਨੀ ਹੇਠ 29 ਮਹਿਕਮੇ ਕਰਨ ਦੀ ਵਿਵਸਥਾ ਹੈ ਪਰ ਪੰਜਾਬ ਵਿੱਚ ਸਾਰੇ ਸੂਬਿਆਂ ਤੋਂ ਘੱਟ 3-4 ਮਹਿਕਮੇ ਹੀ ਇਨ੍ਹਾਂ ਦੀ ਨਿਗਰਾਨੀ ਹੇਠ ਹਨ। ਪੰਚਾਇਤਾਂ ਦੇ ਜਨਰਲ ਇਜਲਾਸ ਨਹੀਂ ਕੀਤੇ ਜਾ ਰਹੇ।

**ਕੇਂਦਰੀਕਰਨ ਨਾਲ ਪੈਦਾ ਹੋਏ ਮਸਲੇ**

ਸੰਵਿਧਾਨ ਲਾਗੂ ਹੋਣ ਬਾਅਦ ਦੇਸ਼ ਵਿੱਚ ਸੱਤਾ ਦੇ ਕੇਂਦਰੀਕਰਨ ਦਾ ਰੁਝਾਨ ਵਧ ਗਿਆ ਹੈ। ਕੁਝ ਸੰਵਿਧਾਨਕ ਸੋਧਾਂ ਅਤੇ ਕੁਝ ਸੰਸਦ ਵਿੱਚ ਕਾਨੂੰਨ ਪਾਸ ਕਰਨ ਕਰ ਕੇ ਸੰਘੀ (ਫੈਡਰਲ) ਢਾਂਚੇ ਨੂੰ ਖੋਰਾ ਲੱਗਾ ਹੈ। ਸਰਕਾਰੀਆ ਕਮਿਸ਼ਨ ਅਤੇ ਇਸ ਤੋਂ ਬਾਅਦ ਹੋਰ ਕਈ ਕਮਿਸ਼ਨਾਂ ਨੇ ਘੀ ਢਾਂਚੇ ਦੀ ਮਜ਼ਬੂਤੀ ਲਈ ਸਿਫ਼ਾਰਸ਼ਾਂ ਕੀਤੀਆਂ ਪਰ ਇਨ੍ਹਾਂ ਨੂੰ ਕੇਂਦਰ ਸਰਕਾਰ ਨੇ ਨਜ਼ਰ ਅੰਦਾਜ਼ ਕਰ ਦਿੱਤਾ। ਇਸ ਦੇ ਉਲਟ ਐਸੀ ਪ੍ਰਕਿਰਿਆ ਚਲਾਈ ਹੈ ਜਿਸ ਨਾਲ ਸੂਬਿਆਂ ਦੇ ਅਧਿਕਾਰਾਂ ਨੂੰ ਸੱਟ ਵੱਜੀ ਹੈ। ਇਸ ਦੀ ਮਿਸਾਲ ਜੰਮੂ ਕਸ਼ਮੀਰ ਦੀ ਹੈ ਜਿੱਥੇ ਸੂਬਾ ਤੋੜ ਕੇ ਦੋ ਕੇਂਦਰ ਸ਼ਾਸਿਤ ਬਣਾ ਦਿੱਤੇ ਗਏ। ਅਜਿਹੇ ਮਸਲੇ ਸਾਰੇ ਸੂਬਿਆਂ ਨੂੰ ਪ੍ਰਭਾਵਿਤ ਕਰਦੇ ਹਨ ਪਰ ਪੰਜਾਬ ਵਾਸਤੇ ਇਨ੍ਹਾਂ ਦੀ ਮਹੱਤਤਾ ਜਿ ?ਆਦਾ ਹੈ। ਇਸ ਬਾਰੇ ਮਸਲੇ ਵਿਚਾਰਨ ਦੀ ਲੋੜ ਹੈ:

*ਸੂਬਿਆਂ ਨੂੰ ਅਧਿਕਾਰ ਦੇ ਕੇ ਮਜ਼ਬੂਤ ਕੀਤਾ ਜਾਵੇ। ਸੰਵਿਧਾਨ ਦੀ ਘੱਟੋ-ਘੱਟ 1950 ਵਾਲੀ ਸਥਿਤੀ ਬਹਾਲ ਕੀਤੀ ਜਾਵੇ। ਕਿਸੇ ਵੀ ਸੂਬੇ ਦੀ ਸੀਮਾ/ਏਰੀਆ ਨੂੰ ਲੋਕਾਂ ਦੀ ਚੁਣੀ ਅਸੈਂਬਲੀ ਦੀ ਮਨਜ਼ੂਰੀ ਤੋਂ ਬਗੈਰ ਬਦਲਿਆ ਨਾ ਜਾਵੇ।

*ਗਵਰਨਰ ਦੇ ਅਹੁਦੇ ਦੀ ਦੁਰਵਰਤੋਂ ਅਤੇ ਬੇਲੋੜਾ ਦਖ਼ਲ ਬੰਦ ਕੀਤਾ ਜਾਵੇ।

*ਕੇਂਦਰੀ ਏਜੰਸੀਆਂ ਦੇ ਅਧਿਕਾਰੀਆਂ ਦੀ ਦਖ਼ਲ ਅੰਦਾਜ਼ੀ ਦੇਸ਼ ਦੇ ਬਾਰਡਰ ਦੇ ਇਲਾਕਿਆਂ ਵਿੱਚ 50 ਕਿਲੋਮੀਟਰ ਦੀ ਬਜਾਇ 5 ਕਿਲੋਮੀਟਰ ਦੀ ਵਿਵਸਥਾ ਬਹਾਲ ਕੀਤਾ ਜਾਵੇ।

*ਜੀਐੱਸਟੀ ਨਾਲ ਸੂਬਿਆਂ ਦੇ ਵਿੱਤੀ ਅਧਿਕਾਰਾਂ ਨੂੰ ਡੂੰਘੀ ਸੱਟ ਵੱਜੀ ਹੈ। ਇਸ ਨੂੰ ਮੁੜ ਵਿਚਾਰ ਕੇ ਸੂਬਿਆਂ ਦੇ ਅਧਿਕਾਰ ਬਹਾਲ ਕੀਤੇ ਜਾਣ। ਫੌਰੀ ਤੌਰ 'ਤੇ ਸੂਬਿਆਂ ਦੇ ਹਿੱਸੇ ਦੇ ਟੈਕਸਾਂ ਨੂੰ ਕੇਂਦਰ ਦੇ ਦਖ਼ਲ ਤੋਂ ਬਗੈਰ ਸਿੱਧਾ ਤਬਦੀਲ ਕੀਤਾ ਜਾਵੇ।

*ਕੇਂਦਰ ਵੱਲੋਂ ਰਿਜ਼ਰਵ ਬੈਂਕ ਵੱਲੋਂ ਨੋਟ ਛਾਪਣ ਅਤੇ ਹੋਰ ਆਮਦਨ ਨੂੰ ਸੂਬਿਆਂ ਵਿੱਚ ਪ੍ਰਵਾਨਤ ਤਰੀਕੇ ਨਾਲ ਵੰਡਿਆ ਜਾਵੇ।

*ਕੇਂਦਰ ਸਰਕਾਰ ਵੱਲੋਂ ਸਰਚਾਰਜ ਲਗਾ ਕੇ ਇਕੱਠੇ ਕੀਤੇ ਫੰਡ ਵੀ ਸੂਬਿਆਂ ਵਿੱਚ ਵੰਡੇ ਜਾਣ।

*ਕੇਂਦਰੀ ਏਜੰਸੀਆਂ ਖਾਸ ਕਰ ਕੇ ਸੀਬੀਆਈ, ਆਮਦਨ ਕਰ ਦੇ ਐਨਫੋਰਸਮੈਂਟ ਡਾਇਰੈਕਟੋਰੇਟ ਨੂੰ ਸੂਬਾ ਸਰਕਾਰਾਂ ਦੀ ਪ੍ਰਵਾਨਗੀ ਬਗੈਰ ਸੂਬਿਆਂ ਦੇ ਵਸਨੀਕਾਂ ਨੂੰ ਹਿਰਾਸਤ ਵਿਚ ਲਏ ਜਾਣ 'ਤੇ ਰੋਕ ਲਗਾਈ ਜਾਵੇ।

*ਬਦਨਾਮ ਯੂਏਪੀ ਐਕਟ, ਮਨੀ ਲਾਂਡਰਿੰਗ ਐਕਟ, ਕਿਰਤ ਕਾਨੂੰਨਾਂ ਦੀਆਂ ਸੋਧਾਂ ਅਤੇ ਇੰਡੀਅਨ ਪੀਨਲ ਕੋਡ ਵਿੱਚ ਤਬਦੀਲੀਆਂ ਵਾਪਸ ਲਈਆਂ ਜਾਣ ਤਾਂ ਕਿ ਨਾਗਰਿਕਾਂ ਦੇ ਜਮਹੂਰੀ ਹੱਕ ਬਚਾਏ ਜਾ ਸਕਣ।

*ਗੁਆਂਢੀ ਦੇਸ਼ਾਂ ਨਾਲ ਸਬੰਧ ਨਿਰਧਾਰਤ ਕਰਦੇ ਸਮੇਂ ਸਰਹੱਦ ਨਾਲ ਲੱਗਦੇ ਸੂਬੇ ਨੂੰ ਵਿਸ਼ਵਾਸ 'ਚ ਲਿਆ ਜਾਵੇ। ਪਾਕਿਸਤਾਨ ਨਾਲ ਸਬੰਧ ਖਰਾਬ ਹੋਣ ਨਾਲ ਪੰਜਾਬ ਵਰਗੇ ਸੂਬਿਆਂ ਦਾ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਨੁਕਸਾਨ ਹੁੰਦਾ ਹੈ। ਇਸ ਨੁਕਸਾਨ ਦੀ ਭਰਪਾਈ ਕੇਂਦਰ ਸਰਕਾਰ ਕਰੇ।

ਇਸ ਸੂਚੀ ਵਿੱਚ ਹੋਰ ਮੁੱਦੇ ਵੀ ਸ਼ਾਮਲ ਕੀਤੇ ਜਾ ਸਕਦੇ ਹਨ। ਇਹ ਮੁੱਦੇ ਸਥਾਨਕ, ਖੇਤਰੀ ਜਾਂ ਸਾਰੇ ਸੂਬੇ ਜਾਂ ਦੇਸ਼ ਨਾਲ ਸਬੰਧਿਤ ਵੀ ਹੋ ਸਕਦੇ ਹਨ। ਇਹ ਮੁੱਦੇ ਚੋਣਾਂ ਮੌਕੇ ਵਿਚਾਰਨ ਦੀ ਲੋੜ ਇਸ ਕਰ ਕੇ ਹੈ ਕਿ ਚੋਣਾਂ ਵਿੱਚ ਖੜ੍ਹੇ ਉਮੀਦਵਾਰਾਂ ਨੂੰ ਜਾਗਰੂਕ ਕੀਤਾ ਜਾਵੇ, ਇਨ੍ਹਾਂ ਦੇ ਹੱਲ ਵਾਸਤੇ ਉਨ੍ਹਾਂ ਦੇ ਵਿਚਾਰ ਜਾਣੇ ਜਾਣ ਅਤੇ ਉਨ੍ਹਾਂ ਤੋਂ ਇਨ੍ਹਾਂ ਮੁੱਦਿਆਂ ਤੇ ਪੱਖ ਵਿੱਚ ਕਾਰਵਾਈ ਕਰਨ ਦੀ ਵਚਨਬੱਧਤਾ ਲਈ ਜਾਵੇ। ਇਹ ਚਿੰਤਾ ਦਾ ਵਿਸ਼ਾ ਹੈ ਕਿ ਕਾਫੀ ਉਮੀਦਵਾਰਾਂ ਮੁੱਦਿਆਂ ਦੀ ਬਜਾਇ ਸਿਰਫ਼ ਵਿਰੋਧੀਆਂ ਬਾਰੇ ਗੱਲਾਂ ਕਰ ਰਹੇ ਹਨ। ਮੁੱਦਿਆਂ ਨੂੰ ਕੇਂਦਰ ਵਿੱਚ ਲਿਆਉਣ ਨਾਲ ਵਿਅਕਤੀਆਂ ਦੀ ਬਜਾਇ ਮੁੱਦਿਆਂ ਦੀ ਸਿਆਸਤ ਹੋਵੇਗੀ ਅਤੇ ਲੋਕਾਂ ਦੀ ਜਾਗਰੂਕਤਾ ਵਿੱਚ ਵਾਧਾ ਹੋਵੇਗਾ।

## ਉਦਯੋਗ ਲਗਾਉ ਵਪਾਰ ਵਧਾਉ ਬੇਰੁਜ਼ਗਾਰੀ ਦੂਰ ਭਜਾਓ: ਸ਼ਾਮ ਲਾਲ ਗਾਂਧੀ



**ਅੰਮ੍ਰਿਤਸਰ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਮ੍ਰਿਤਸਰ ਬੇ ਰੁਜਗਾਰਾ ਮਿਲੇਗਾ ਤਾਂ ਕ੍ਰਾਈਮ ਆਪਣੇ ਆਪ ਖਤਮ ਹੋ ਜਾਵੇਗਾ। ਪ੍ਰੈਸ ਨਾਲ ਗੱਲਬਾਤ ਕਰਦਿਆਂ ਸ਼ਾਮ ਲਾਲ ਗਾਂਧੀ ਨੇ ਕਿਹਾ ਕਿ ਸਾਡੇ ਖੁਸ਼ਹਾਲ ਪੰਜਾਬ ਸੂਬੇ ਅੰਦਰ ਉਦਯੋਗ ਕਾਰਖਾਨੇ ਦੀ ਘਾਟ ਹੋਣ ਕਰਕੇ ਪੰਜਾਬ ਸੂਬੇ ਦਾ ਵਪਾਰ ਬੰਦ ਹੋਣ ਦੇ ਕਿਨਾਰੇ ਪਹੁੰਚ ਗਿਆ ਹੈ ਇਸ ਲਈ ਪੰਜਾਬ ਸੂਬੇ ਚੋਂ ਉਦਯੋਗ ਲਗਾਉਣ ਲਈ ਅਹਿਮ ਜ਼ਰੂਰਤ ਹੈ ਜਿਸ ਨਾਲ ਨੋ ਜਵਾਨਾਂ ਰੁਜ਼ਗਾਰ ਮਿਲੇਗਾ ਤਾਂ ਪੰਜਾਬ ਸੂਬੇ ਕ੍ਰਾਈਮ ਆਪਣੇ ਆਪ ਖਤਮ ਹੋ ਜਾਵੇਗਾ

# ਮੁੱਖ ਮੰਤਰੀ ਭਗਵੰਤ ਮਾਨ ਨੇ ਪਟਿਆਲਾ ਤੋਂ ਉਮੀਦਵਾਰ ਡਾ: ਬਲਬੀਰ ਸਿੰਘ ਲਈ ਕੀਤਾ ਚੋਣ ਪ੍ਰਚਾਰ, ਪਾਤੜਾਂ ਵਿੱਚ ਵਿਸ਼ਾਲ ਰੈਲੀ ਨੂੰ ਕੀਤਾ ਸੰਬੋਧਨ

➢ ਭਗਵੰਤ ਮਾਨ ਨੇ ਕਿਹਾ, ਤੁਹਾਡੇ ਉਮੀਦਵਾਰ ਡਾ. ਬਲਬੀਰ ਇੱਕ ਇਮਾਨਦਾਰ ਅਤੇ ਤਜਰਬੇਕਾਰ ਆਗੂ ਹਨ

➢ 4 ਜੂਨ ਨੂੰ 13-0 ਕਰੋ, ਅਗਲੇ 3 ਸਾਲਾਂ ਵਿੱਚ ਮੈਂ ਪੰਜਾਬ ਨੂੰ 'ਸੋਨ ਦੀ ਚਿੜੀ' ਬਣਾਵਾਂਗਾ: ਭਗਵੰਤ ਮਾਨ

**ਨਾਭਾ/ਚੰਡੀਗੜ੍ਹ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਭਗਵੰਤ ਮਾਨ ਨੇ ਪਾਤੜਾਂ 'ਚ ਪਟਿਆਲਾ ਤੋਂ 'ਆਪ' ਉਮੀਦਵਾਰ ਡਾ. ਬਲਬੀਰ ਸਿੰਘ ਲਈ ਚੋਣ ਪ੍ਰਚਾਰ ਕੀਤਾ। ਮਾਨ ਨੇ ਇੱਕ ਵਿਸ਼ਾਲ ਜਨਤਕ ਰੈਲੀ ਨੂੰ ਸੰਬੋਧਨ ਕਰਦਿਆਂ ਲੋਕਾਂ ਤੋਂ ਆਪ' ਉਮੀਦਵਾਰ ਨੂੰ 13-0 ਨਾਲ ਜਿੱਤਾਉਣ ਦੀ ਅਪੀਲ ਕੀਤੀ ਅਤੇ ਵਾਅਦਾ ਕੀਤਾ ਕਿ ਉਹ ਅਗਲੇ ਤਿੰਨ ਸਾਲਾਂ ਵਿੱਚ ਪੰਜਾਬ ਨੂੰ ਮੁੜ 'ਸੋਨ ਦੀ ਚਿੜੀ' ਬਣਾਉਣਗੇ। ਮਾਨ ਨੇ ਆਪਣੇ ਭਾਸ਼ਣ 'ਚ ਭਾਜਪਾ, ਕੈਪਟਨ, ਸੁਖਬੀਰ ਬਾਦਲ ਅਤੇ ਕਾਂਗਰਸ 'ਤੇ ਹਮਲਾ ਬੋਲਿਆ। ਮਾਨ ਨੇ ਪਾਤੜਾਂ ਦੇ ਲੋਕਾਂ ਦੀਆਂ ਸਮੱਸਿਆਵਾਂ ਅਤੇ ਮੰਗਾਂ ਬਾਰੇ ਵੀ ਗੱਲਬਾਤ ਕੀਤੀ। ਮੁੱਖ ਮੰਤਰੀ ਭਗਵੰਤ ਮਾਨ ਨੇ ਜਨਤਕ ਰੈਲੀ ਨੂੰ ਸੰਬੋਧਨ ਕਰਨ ਤੋਂ ਬਾਅਦ ਵਿਧਾਇਕ ਦੇਵ ਮਾਨ ਨਾਲ ਨਾਭਾ ਵਿਖੇ ਰੋਡ ਸ਼ੋਅ ਵੀ ਕੀਤਾ ਅਤੇ ਲੋਕਾਂ ਨੂੰ ਡਾ. ਬਲਬੀਰ ਸਿੰਘ ਨੂੰ ਵੋਟ ਪਾ ਕੇ ਪਟਿਆਲਾ ਲੋਕ ਸਭਾ ਸੀਟ ਤੋਂ ਜਿਤਾਉਣ ਦੀ ਅਪੀਲ ਕੀਤੀ।

**ਤੁਹਾਡੇ ਉਮੀਦਵਾਰ ਡਾ.ਬਲਬੀਰ ਇੱਕ ਇਮਾਨਦਾਰ ਅਤੇ ਤਜਰਬੇਕਾਰ ਆਗੂ ਹਨ: ਭਗਵੰਤ ਮਾਨ**

ਮਾਨ ਨੇ ਕਿਹਾ ਕਿ ਡਾ. ਬਲਬੀਰ ਸਿੰਘ ਪਟਿਆਲਾ ਲੋਕ ਸਭਾ ਤੋਂ ਆਪ ਦੇ ਉਮੀਦਵਾਰ ਹਨ ਅਤੇ ਉਹ ਪੰਜਾਬ ਦੇ ਸਿਹਤ ਮੰਤਰੀ ਵੀ ਹਨ। ਉਨ੍ਹਾਂ ਕੋਲ ਕੰਮ ਕਰਨ ਦੇ ਨਾਲ-ਨਾਲ ਅਫਸਰਾਂ ਤੋਂ ਕੰਮ ਕਰਵਾਉਣ ਦਾ ਤਜਰਬਾ ਅਤੇ ਲੋਕਾਂ ਦੇ ਮਸਲੇ ਉਠਾਉਣ ਅਤੇ ਬੋਲਣ ਦਾ ਵੀ ਚੰਗਾ ਤਜਰਬਾ ਹੈ। ਮਾਨ ਨੇ ਕਿਹਾ ਕਿ ਪੋਲਿੰਗ ਮਸ਼ੀਨ 'ਤੇ 'ਝਾੜੂ' ਦਾ ਬਟਨ 5 ਨੰਬਰ 'ਤੇ ਹੋਵੇਗਾ ਪਰ 4 ਜੂਨ ਨੂੰ ਇਹ ਯਕੀਨੀ ਬਣਾਓ ਕਿ ਇਹ ਪਹਿਲੇ ਨੰਬਰ ਉੱਤੇ ਆਵੇ।

**ਮੈਂ ਤੁਹਾਡੀਆਂ ਸਮੱਸਿਆਵਾਂ ਅਤੇ ਮੰਗਾਂ ਤੋਂ ਚੰਗੀ ਤਰ੍ਹਾਂ ਜਾਣੂ ਹਾਂ, ਅਸੀਂ ਆਮ ਆਦਮੀ ਕਲੀਨਿਕ ਖੋਲ੍ਹ ਰਹੇ ਹਾਂ ਅਤੇ ਸਰਕਾਰੀ ਹਸਪਤਾਲਾਂ ਨੂੰ ਸੁਧਾਰ ਰਹੇ ਹਾਂ: ਭਗਵੰਤ ਮਾਨ**

ਮਾਨ ਨੇ ਪਾਤੜਾਂ ਦੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਇੱਥੋਂ ਦੇ ਲੋਕਾਂ ਦੀਆਂ ਸਮੱਸਿਆਵਾਂ ਅਤੇ ਮੰਗਾਂ ਤੋਂ ਚੰਗੀ ਤਰ੍ਹਾਂ ਨਾਲ ਜਾਣੂ ਹਨ। ਉਨ੍ਹਾਂ ਕਿਹਾ ਕਿ ਉਹ ਇਸ ਇਲਾਕੇ ਦੇ ਹਸਪਤਾਲ ਦੇ ਮੁੱਦੇ ਨੂੰ ਬਾਰੀਕੀ ਨਾਲ ਦੇਖ ਰਹੇ ਹਨ। ਮੈਨੂੰ ਪਤਾ ਹੈ ਕਿ ਲੋਕਾਂ ਨੂੰ ਆਪਣੇ ਇਲਾਜ ਲਈ ਰਜਿੰਦਰਾ ਹਸਪਤਾਲ ਜਾਂ ਪੀ.ਜੀ.ਆਈ.ਜਾਣਾ ਪੈਂਦਾ ਹੈ। ਉਨ੍ਹਾਂ ਦੱਸਿਆ ਕਿ ਸੰਗਰੂਰ ਵਿੱਚ ਨਵਾਂ ਪੀ.ਜੀ.ਆਈ ਹਸਪਤਾਲ ਖੁੱਲ੍ਹ ਗਿਆ ਹੈ ਅਤੇ ਤਹਿਸੀਲ ਦੇ ਪ੍ਰਾਇਮਰੀ ਹੈਲਥ ਸੈਂਟਰਾਂ ਵਿੱਚ ਐਕਸਰੇ ਮਸ਼ੀਨਾਂ, ਐਮ.ਆਰ.ਆਈ., ਅਲਟਰਾਸਾਊਂਡ ਲਿਆਉਣ ਦੇ ਆਦੇਸ਼ ਜਾਰੀ ਕੀਤੇ ਗਏ ਹਨ। ਡਾਕਟਰਾਂ ਨੂੰ ਇਹ ਵੀ ਕਿਹਾ ਗਿਆ ਹੈ ਕਿ ਉਹ ਬਾਹਰੋਂ ਕੋਈ ਵੀ ਦਵਾਈ ਨਾ ਲਿਖ ਕੇ ਦੇਣ। ਦਵਾਈਆਂ ਹਸਪਤਾਲ ਦੇ ਅੰਦਰ ਉਪਲਬਧ ਹੋਣੀਆਂ ਚਾਹੀਦੀਆਂ ਹਨ ਅਤੇ ਜੇਕਰ ਕੋਈ ਦਵਾਈ ਬਾਹਰੋਂ ਮੰਗਵਾਉਣੀ ਪਵੇ ਤਾਂ ਡਾਕਟਰ ਖੁਦ ਬਾਹਰ ਜਾਵੇਗਾ, ਮਰੀਜ਼ ਦਵਾਈ ਲੈਣ ਲਈ ਬਾਹਰ ਨਹੀਂ ਜਾਵੇਗਾ।

ਭਗਵੰਤ ਮਾਨ ਨੇ ਪਾਤੜਾਂ ਕਸਬੇ ਦੇ ਵਿਚਕਾਰ ਮੰਡੀ ਹੋਣ ਦੇ ਮੁੱਦੇ ਨੂੰ ਵੀ ਸੰਬੋਧਨ ਕਰਦਿਆਂ ਕਿਹਾ ਕਿ ਇਹ ਕਈ ਕਸਬਿਆਂ ਅਤੇ ਸ਼ਹਿਰਾਂ ਦੀ ਸਮੱਸਿਆ ਹੈ। ਕਸਬੇ ਦੇ ਵਿਚਕਾਰ ਮੰਡੀ ਆਵਾਜਾਈ ਅਤੇ ਭੀੜ-ਭੜੱਕੇ ਦਾ ਕਾਰਨ ਬਣਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕਸਬੇ ਤੋਂ ਬਾਹਰ ਜ਼ਮੀਨ ਦਾ ਪ੍ਰਬੰਧ ਕੀਤਾ ਜਾਵੇਗਾ ਤਾਂ ਜੋ ਕਿਸਾਨਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

**ਅਸੀਂ ਨੌਜਵਾਨ ਅਤੇ ਉਭਰਦੇ ਖਿਡਾਰੀਆਂ ਅਤੇ ਐਥਲੀਟਾਂ ਨੂੰ ਵਜ਼ੀਫੇ ਦੇ ਰਹੇ ਹਾਂ: ਭਗਵੰਤ ਮਾਨ**

ਮਾਨ ਨੇ ਕਿਹਾ ਕਿ ਅਸੀਂ ਪੰਜਾਬ ਦੇ ਨੌਜਵਾਨ, ਉਭਰਦੇ ਖਿਡਾਰੀਆਂ ਅਤੇ ਐਥਲੀਟਾਂ ਨੂੰ ਵਜ਼ੀਫੇ ਦੇ ਰਹੇ ਹਾਂ। ਮੈਂ ਖੇਡ ਵਿਭਾਗ ਨੂੰ ਕਿਹਾ ਕਿ ਅਸੀਂ ਆਪਣੇ ਖਿਡਾਰੀਆਂ ਦੇ ਮੈਡਲ ਜਿੱਤਣ ਤੋਂ ਬਾਅਦ ਪੈਸੇ ਦਿੰਦੇ ਹਾਂ ਪਰ ਪਹਿਲਾਂ ਉਨ੍ਹਾਂ ਨੂੰ ਜਿੱਤਣ ਦੇ ਯੋਗ ਬਣਾਓ। ਇਸ ਲਈ ਅਸੀਂ ਸਾਰੇ ਖਿਡਾਰੀਆਂ ਨੂੰ ਉਨ੍ਹਾਂ ਦੀ ਤਿਆਰੀ ਅਤੇ ਸਿਖਲਾਈ ਲਈ 8-10 ਲੱਖ ਰੁਪਏ ਦੇ ਰਹੇ ਹਾਂ। ਉਨ੍ਹਾਂ ਕਿਹਾ ਕਿ ਜੇ ਨੀਅਤ ਚੰਗੀ ਹੋਵੇ ਤਾਂ ਸਭ ਕੁਝ ਸੰਭਵ ਹੈ।

**ਆੜ੍ਹਤੀਆ ਆਰਥਿਕਤਾ ਦੀ ਗੀੜ੍ਹ ਦੀ ਹੱਡੀ ਹਨ, ਇਹ ਕਿਸਾਨ, ਮਜ਼ਦੂਰ ਅਤੇ ਉਦਯੋਗਪਤੀ ਜਿੰਨੇ ਹੀ ਮਹੱਤਵਪੂਰਨ ਹਨ: ਮਾਨ**

ਮਾਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜਾਬ ਦੇ ਕਮਿਸ਼ਨ ਏਜੰਟ (ਆੜ੍ਹਤੀਆ) ਨੂੰ ਵਿਚੋਲੇ ਕਹਿੰਦੇ ਹਨ। ਪਰ ਅਸੀਂ ਤੁਹਾਨੂੰ ਆਪਣੀ ਆਰਥਿਕਤਾ ਦੀ ਗੀੜ੍ਹ ਦੀ ਹੱਡੀ ਮੰਨਦੇ ਹਾਂ। ਜਿਸ ਤਰ੍ਹਾਂ ਦੇਸ਼ ਦੇ ਵਿਕਾਸ ਲਈ ਕਿਸਾਨ ਅਤੇ ਮਜ਼ਦੂਰ ਜ਼ਰੂਰੀ ਹਨ, ਉਸੇ ਤਰ੍ਹਾਂ ਵਪਾਰੀ, ਕਾਰੋਬਾਰੀ, ਆੜ੍ਹਤੀਆ ਅਤੇ ਉਦਯੋਗਪਤੀ ਵੀ ਜ਼ਰੂਰੀ ਹਨ। ਪੰਜਾਬ ਦੀ ਆਰਥਿਕਤਾ ਅਤੇ ਕਿਸਾਨਾਂ ਦੀ ਆਰਥਿਕ ਸਥਿਤੀ ਆੜ੍ਹਤੀਆਂ 'ਤੇ ਕਾਫੀ ਨਿਰਭਰ ਹੈ। ਮਾਨ ਨੇ ਕਿਹਾ ਕਿ ਭਾਜਪਾ ਪੰਜਾਬ ਵਿੱਚ ਨਫ਼ਰਤ ਦੇ ਬੀਜ ਬੀਜਣਾ ਚਾਹੁੰਦੀ ਹੈ ਅਤੇ ਤੁਹਾਨੂੰ ਆਪਸ ਵਿੱਚ ਲੜਾਉਣਾ ਚਾਹੁੰਦੀ ਹੈ।

**ਮਾਨ ਨੇ ਲੋਕਾਂ ਦੇ ਪਿਆਰ ਅਤੇ ਸਮਰਥਨ ਲਈ ਕੀਤਾ ਧੰਨਵਾਦ, ਸੁਖਬੀਰ ਬਾਦਲ 'ਤੇ ਬੋਲਿਆ ਹਮਲਾ**

ਮਾਨ ਨੇ ਪਾਤੜਾਂ ਵਾਸੀਆਂ ਦਾ ਕੜਕਦੀ ਗਰਮੀ ਵਿੱਚ ਘਰਾਂ ਤੋਂ ਬਾਹਰ ਨਿਕਲਣ ਲਈ ਧੰਨਵਾਦ ਕਰਦਿਆਂ ਕਿਹਾ ਕਿ ਉਹ ਇਸ ਪਿਆਰ ਅਤੇ ਨਿਰੰਤਰ ਸਮਰਥਨ ਲਈ ਧੰਨਵਾਦੀ ਹਨ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਵਰਗੇ ਲੋਕਾਂ ਦੀ ਗੱਲ ਸੁਣਨ ਲਈ ਲੋਕ ਬਾਹਰ ਨਹੀਂ ਆਉਂਦੇ। ਮਾਨ ਨੇ ਸੁਖਬੀਰ ਬਾਦਲ 'ਤੇ ਵੀ ਵਿਅੰਗ ਕੱਸਦਿਆਂ ਕਿਹਾ ਕਿ ਉਹ ਆਪਣੇ ਮਹਿਲਾਂ 'ਚੋਂ ਤਾਪਮਾਨ ਪੁੱਛ ਕੇ ਨਿਕਲਦੇ ਹਨ। ਉਹ ਪੰਜਾਬ ਨੂੰ ਬਚਾਉਣ ਲਈ 30 ਡਿਗਰੀ ਸੈਲਸੀਅਸ ਵਿੱਚ ਇੱਕ ਘੰਟੇ ਲਈ ਬਾਹਰ ਨਿਕਲਦੇ ਹਨ। ਮਾਨ ਨੇ ਕਿਹਾ ਕਿ ਇਸ ਸਮੇਂ ਵੀ ਉਨ੍ਹਾਂ ਦਾ ਰੋਡ ਸ਼ੋਅ ਲੋਕਾਂ ਨਾਲ ਭਰਿਆ ਹੋਇਆ ਹੈ, ਉਹ ਇਸ ਪਿਆਰ ਦਾ ਕਰਜ਼ ਕਦੇ ਵੀ ਨਹੀਂ ਚੁਕਾ ਸਕਦੇ। ਦੂਜੇ ਪਾਸੇ ਲੋਕ ਸੁਖਬੀਰ ਬਾਦਲ ਨੂੰ ਦਿਨੇ ਵੀ ਸੁਣਨ ਲਈ ਬਾਹਰ ਨਹੀਂ ਆਉਂਦੇ।

**ਮੁੱਖ ਮੰਤਰੀ ਮਾਨ ਨੇ ਪਟਿਆਲਾ 'ਚ ਕਾਂਗਰਸ, ਬੀਜੇਪੀ ਤੇ ਕੈਪਟਨ 'ਤੇ ਸਾਧਿਆ ਨਿਸ਼ਾਨਾ**

ਮਾਨ ਨੇ ਪੰਜਾਬ 'ਚ ਕਾਂਗਰਸ ਦੀ ਹਾਲਤ 'ਤੇ ਚੁਟਕੀ ਲੈਂਦਿਆਂ ਕਿਹਾ ਕਿ ਉਹ ਨਹੀਂ ਜਾਣਦੇ ਕਿ ਉਹ ਕਿਸ ਲਈ ਲੜ ਰਹੇ ਹਨ ਜਾਂ ਕਿਸ ਦੇ ਖਿਲਾਫ ਲੜ ਰਹੇ ਹਨ। ਮਾਨ ਨੇ ਕਿਹਾ ਕਿ ਕੈਪਟਨ ਅਤੇ ਉਸ ਦਾ ਪਰਿਵਾਰ ਕਦੇ ਵੀ ਲੋਕਾਂ ਦੇ ਨਾਲ ਨਹੀਂ ਖੜ੍ਹਿਆ, ਮੁਗਲ ਸਾਮਰਾਜ ਸਮੇਂ ਉਹ ਮੁਗਲਾਂ ਦੇ ਨਾਲ ਸਨ, ਅੰਗਰੇਜ਼ਾਂ ਦੇ ਰਾਜ ਦੌਰਾਨ ਉਹ ਅੰਗਰੇਜ਼ਾਂ ਦੇ ਨਾਲ ਸਨ, ਅਕਾਲੀ ਰਾਜ ਦੌਰਾਨ ਉਹ ਅਕਾਲੀ ਦਲ ਦੇ ਨਾਲ ਸਨ, ਕਾਂਗਰਸ ਦੀ ਸਰਕਾਰ ਵੇਲੇ ਉਹ ਕਾਂਗਰਸੀ ਸਨ ਅਤੇ ਹੁਣ ਉਹ ਭਾਜਪਾ ਨਾਲ ਹਨ। ਮਾਨ ਨੇ ਕਿਹਾ ਕਿ ਨਰਿੰਦਰ ਮੋਦੀ ਦੀ ਗੱਲ ਸੁਣਨ ਲਈ ਲੋਕ ਬਾਹਰ ਨਹੀਂ ਨਿਕਲੇ, ਇਸ ਲਈ ਪਟਿਆਲਾ ਦੀ ਭਾਜਪਾ ਲੀਡਰਸ਼ਿਪ ਨੇ ਰੈਲੀ ਵਿੱਚ ਦਿਹਾੜੀ ਤੇ ਲੋਕਾਂ ਨੂੰ ਲਿਆਂਦਾ। ਭਾਜਪਾ ਵਾਲਿਆਂ ਨੇ ਉਨ੍ਹਾਂ ਨੂੰ 400 ਰੁਪਏ ਦਿਹਾੜੀ ਦੇਣ ਦਾ ਵਾਅਦਾ ਕੀਤਾ ਪਰ ਬਾਅਦ ਵਿੱਚ ਉਹ ਵੀ ਦੇਣ ਤੋਂ ਇਨਕਾਰ ਕਰ ਦਿੱਤਾ।

**4 ਜੂਨ ਨੂੰ 13-0 ਕਰੋ ਅਤੇ ਅਗਲੇ 3 ਸਾਲਾਂ ਵਿੱਚ ਮੈਂ ਪੰਜਾਬ ਨੂੰ 'ਸੋਨ ਦੀ ਚਿੜੀ' ਬਣਾਵਾਂਗਾ: ਭਗਵੰਤ ਮਾਨ**

ਸੀਐਮ ਮਾਨ ਨੇ ਕਿਹਾ ਕਿ ਪੰਜਾਬ ਵਿੱਚ ਘਰ ਘਰ ਬਿਜਲੀ ਮੁਫ਼ਤ ਹੈ। ਪੰਜਾਬ ਦੇ 90% ਘਰਾਂ ਨੂੰ ਜ਼ੀਰੋ ਬਿਜਲੀ ਦਾ ਬਿੱਲ ਆਉਂਦਾ ਹੈ। ਕਿਸਾਨਾਂ ਨੂੰ ਝੋਨੇ ਦੇ ਸੀਜ਼ਨ ਲਈ ਦਿਨ ਵੇਲੇ ਲੋੜੀਂਦੀ ਬਿਜਲੀ ਵੀ ਮਿਲ ਰਹੀ ਹੈ। ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਇੱਕ ਪ੍ਰਾਈਵੇਟ ਥਰਮਲ ਪਾਵਰ ਪਲਾਂਟ ਖਰੀਦ ਕੇ ਇਸ ਦਾ ਨਾਮ ਗੁਰੂ ਅਮਰਦਾਸ ਜੀ ਦੇ ਨਾਂ 'ਤੇ ਰੱਖਿਆ ਹੈ। ਪਹਿਲਾਂ ਝੋਨੇ ਦੇ ਸੀਜ਼ਨ ਦੌਰਾਨ ਖ਼ਬਰਾਂ ਆਉਂਦੀਆਂ ਸਨ- ਪੰਜਾਬ ਕੋਲ ਸਿਰਫ਼ ਇੱਕ-ਦੋ ਦਿਨਾਂ ਲਈ ਕੋਲਾ ਹੈ। ਉਨ੍ਹਾਂ ਕਿਹਾ ਕਿ ਹੁਣ ਪੰਜਾਬ ਦੇ ਥਰਮਲ ਪਲਾਂਟਾਂ ਕੋਲ 22 ਤੋਂ 28 ਦਿਨਾਂ ਦਾ ਕੋਲਾ ਭੰਡਾਰ ਹੈ। ਉਨ੍ਹਾਂ ਕਿਹਾ ਕਿ ਇਮਾਨਦਾਰ ਸਰਕਾਰ ਨਾਲ ਸਭ ਕੁਝ ਸੰਭਵ ਹੈ। ਮਾਨ ਨੇ ਕਿਹਾ ਕਿ 'ਆਪ' ਸਰਕਾਰ ਤੋਂ ਪਹਿਲਾਂ ਸਿਰਫ 21 ਫੀਸਦੀ ਖੇਤਾਂ ਨੂੰ ਹੀ ਨਹਿਰੀ ਪਾਣੀ ਮਿਲਦਾ ਸੀ। ਹੁਣ 60% ਤੋਂ ਵੱਧ ਖੇਤਾਂ ਨੂੰ ਨਹਿਰੀ ਪਾਣੀ ਮਿਲ ਰਿਹਾ ਹੈ, ਉਨਾਂ ਦਾ ਉਦੇਸ਼ ਹੈ ਕਿ ਪੰਜਾਬ ਦੇ ਹਰ ਖੇਤ ਨੂੰ ਸਿੰਚਾਈ ਲਈ ਨਹਿਰੀ ਪਾਣੀ ਮਿਲੇ। ਇਸ ਤਰ੍ਹਾਂ ਪੰਜਾਬ 'ਚ 5 ਤੋਂ 6 ਲੱਖ ਟਿਊਬਵੈੱਲ ਬੰਦ ਹੋ ਜਾਣਗੇ, ਉਨ੍ਹਾਂ ਦੀ ਲੋੜ ਨਹੀਂ ਹੋਵੇਗੀ। ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਬਿਜਲੀ ਸਬਸਿਡੀ ਤੋਂ 6000-7000 ਕਰੋੜ ਰੁਪਏ ਬਚਾਏਗੀ। ਇਸ ਪੈਸੇ ਨਾਲ ਉਹ ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਦੇਣਾ ਸ਼ੁਰੂ ਕਰਨਗੇ। ਮਾਨ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਲਈ ਸਿਰਫ 5500 ਕਰੋੜ ਦੀ ਲੋੜ ਹੈ, ਅਸੀਂ ਇਸ ਤੋਂ ਜ਼ਿਆਦਾ ਬੱਚਤ ਕਰ ਰਹੇ ਹਾਂ। ਮਾਨ ਨੇ ਵੱਡਾ ਐਲਾਨ ਕਰਦਿਆਂ ਕਿਹਾ ਕਿ ਪੰਜਾਬ ਦੀਆਂ ਮਾਵਾਂ-ਭੈਣਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਦੀ ਬਜਾਏ 1100 ਰੁਪਏ ਪ੍ਰਤੀ ਮਹੀਨਾ ਮਿਲਣਗੇ। ਮਾਨ ਨੇ ਲੋਕਾਂ ਨੂੰ 4 ਜੂਨ ਨੂੰ 13-0 ਨਾਲ ਜਿੱਤ ਦਰਜ ਕਰਨ ਦੀ ਅਪੀਲ ਕਰਦਿਆਂ ਵਾਅਦਾ ਕੀਤਾ ਕਿ ਅਗਲੇ ਤਿੰਨ ਸਾਲਾਂ ਵਿੱਚ ਉਹ ਪੰਜਾਬ ਨੂੰ ਮੁੜ 'ਸੋਨ ਦੀ ਚਿੜੀ'ਬਣਾ ਦੇਣਗੇ।

**ਅਸੀਂ ਭ੍ਰਿਸ਼ਟਾਚਾਰ ਬੰਦ ਕੀਤਾ, ਹੁਣ ਜਨਤਾ ਦੇ ਪੈਸੇ ਨਾਲ ਆਮ ਲੋਕਾਂ ਨੂੰ ਸਹੂਲਤਾਂ ਮਿਲ ਰਹੀਆਂ ਹਨ, ਮੈਂ ਦੋ ਸਾਲਾਂ 'ਚ ਕਦੇ ਨਹੀਂ ਕਿਹਾ ਕਿ 'ਖਜ਼ਾਨਾ ਖਾਲੀ ਹੈ': ਮਾਨ**

ਮਾਨ ਨੇ ਕਿਹਾ ਕਿ ਮੈਂ ਦੋ ਸਾਲਾਂ ਵਿੱਚ ਕਦੇ ਨਹੀਂ ਕਿਹਾ ਕਿ ਖਜ਼ਾਨਾ ਖਾਲੀ ਹੈ ਅਤੇ ਪਿਛਲੇ ਮੰਤਰੀਆਂ ਨੇ ਕਦੇ ਇਹ ਨਹੀਂ ਕਿਹਾ ਕਿ ਖਜ਼ਾਨੇ ਵਿੱਚ ਆਮ ਲੋਕਾਂ ਲਈ ਕੋਈ ਪੈਸਾ ਹੈ। ਮੈਂ 43000 ਸਰਕਾਰੀ ਨੌਕਰੀਆਂ ਦਿੱਤੀਆਂ, ਤੁਹਾਡੇ ਬੱਚੇ ਪਟਵਾਰੀ, ਐਸਡੀਓ, ਜੱਜ, ਇੰਸਪੈਕਟਰ ਬਣ ਰਹੇ ਹਨ। ਤੁਹਾਡੇ ਘਰਾਂ ਦੀ ਗਰੀਬੀ ਕੋਈ ਸਰਕਾਰ ਨਹੀਂ, ਤੁਹਾਡੇ ਧੀ-ਪੁੱਤ ਹੀ ਦੂਰ ਕਰ ਸਕਦੇ ਹਨ। ਤੁਸੀਂ ਪੜ੍ਹ-ਲਿਖੇ ਬੱਚੇ ਅਫਸਰ ਬਣੋਗੇ ਅਤੇ ਆਪਣੇ ਘਰ ਦੀ ਗਰੀਬੀ ਦੂਰ ਕਰੋਗੇ। ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਭ੍ਰਿਸ਼ਟਾਚਾਰ ਨੂੰ ਠੱਲ੍ਹ ਪਾਈ ਹੈ। ਬਿਨਾਂ ਪੈਸਿਆਂ ਤੋਂ ਰਜਿਸਟਰੀਆਂ ਹੋ ਰਹੀਆਂ ਹਨ ਅਤੇ ਜੇਕਰ ਕੋਈ ਤਹਿਸੀਲਦਾਰ ਪੈਸੇ ਮੰਗਦਾ ਹੈ ਤਾਂ ਅਸੀਂ ਉਸ ਵਿਰੁੱਧ ਕਾਰਵਾਈ ਕਰਦੇ ਹਾਂ।

**ਅਸੀਂ ਤੁਹਾਡੇ ਲਈ ਪਾਰਲੀਮੈਂਟ ਵਿਚ ਲੜਾਂਗੇ, ਫਿਰ ਤੁਹਾਨੂੰ ਆਪਣੇ ਹੱਕਾਂ ਲਈ ਸੜਕਾਂ 'ਤੇ ਨਹੀਂ ਲੜਨਾ ਪਵੇਗਾ: ਡਾ ਬਲਬੀਰ ਸਿੰਘ**

ਰੈਲੀ ਨੂੰ ਸੰਬੋਧਨ ਕਰਦਿਆਂ 'ਆਪ' ਉਮੀਦਵਾਰ ਦੇ ਬਲਬੀਰ ਸਿੰਘ ਨੇ ਕਿਹਾ ਕਿ ਅਸੀਂ ਤੁਹਾਡੇ ਲਈ ਸੰਸਦ 'ਚ ਲੜਾਂਗੇ, ਫਿਰ ਤੁਹਾਨੂੰ ਸੜਕਾਂ 'ਤੇ ਆਪਣੇ ਹੱਕਾਂ ਲਈ ਲੜਨ ਦੀ ਲੋੜ ਨਹੀਂ ਪਵੇਗੀ। ਡਾ. ਬਲਬੀਰ ਨੇ ਕਿਹਾ ਕਿ ਭਾਜਪਾ ਨੇ ਪੰਜਾਬ ਦੇ ਫੰਡ ਰੋਕ ਦਿੱਤੇ ਹਨ। ਉਨ੍ਹਾਂ ਪੰਜਾਬ ਦੇ ਪੇਂਡੂ ਵਿਕਾਸ ਫੰਡ ਅਤੇ ਸਿਹਤ ਮਿਸ਼ਨ ਫੰਡ ਨੂੰ ਰੋਕ ਦਿੱਤਾ ਹੈ। ਮੈਨੂੰ ਪਟਿਆਲਾ ਦੇ ਨੁਮਾਇੰਦੇ ਵਜੋਂ ਅਤੇ ਪੰਜਾਬ ਦੇ ਸਿਹਤ ਮੰਤਰੀ ਵਜੋਂ ਜ਼ਿੰਮੇਵਾਰੀ ਦਿੱਤੀ ਗਈ ਸੀ, ਮੈਂ ਉਨ੍ਹਾਂ ਜ਼ਿੰਮੇਵਾਰੀਆਂ ਨੂੰ ਬਾਖੂਬੀ ਨਿਭਾਇਆ। ਹੁਣ ਮੈਨੂੰ ਪੰਜਾਬ ਦੇ ਫੰਡ ਲਿਆਉਣ ਦੀ ਜ਼ਿੰਮੇਵਾਰੀ ਦਿਓ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਲੁਧਿਆਣਾ ਵਿੱਚ ਕਿਹਾ ਕਿ ਉਹ 4 ਜੂਨ ਨੂੰ ਮਾਨ ਸਰਕਾਰ ਨੂੰ ਬਰਖਾਸਤ ਕਰ ਦੇਣਗੇ, ਜਿਸ ਨੂੰ ਪੰਜਾਬ ਦੇ ਤਿੰਨ ਕਰੋੜ ਲੋਕਾਂ ਵੱਲੋਂ ਚੁਣਿਆ ਗਿਆ ਹੈ। ਬਲਬੀਰ ਸਿੰਘ ਨੇ ਲੋਕਾਂ ਨੂੰ ਤਾਨਾਸ਼ਾਹੀ ਭਾਜਪਾ ਨੂੰ ਹਰਾਉਣ ਦੀ ਅਪੀਲ ਕੀਤੀ।

ਲੋਕ ਉਨ੍ਹਾਂ ਨੂੰ ਕੋਈ ਪੈਸੇ ਲੈ ਕੇ ਵੀ ਸੁਣਨ ਨੂੰ ਤਿਆਰ ਨਹੀਂ, ਅਤੇ ਇੱਥੇ ਤੁਹਾਡਾ ਪਿਆਰ ਮੈਨੂੰ ਥੱਕਣ ਨਹੀਂ ਦਿੰਦਾ।

# ਜਨਤਾ ਦੀ ਨਜ਼ਰ 'ਚ ਲੋਕ ਸਭਾ ਹਲਕਾ ਪਟਿਆਲਾ



ਡਾ. ਧਰਮਵੀਰ ਗਾਂਧੀ ਚੋਣ ਨਿਸ਼ਾਨ ਹੱਥ ਪੰਜਾ | ਐਨ. ਕੇ. ਸ਼ਰਮਾ ਅਕਾਲੀ ਦਲ ਚੋਣ ਨਿਸ਼ਾਨ ਤੱਕੜੀ | ਡਾ. ਬਲਬੀਰ ਸਿੰਘ ਆਪ ਚੋਣ ਨਿਸ਼ਾਨ ਝਾੜੂ | ਮਹਾਰਾਣੀ ਪ੍ਰਨੀਤ ਕੌਰ ਬੀ.ਜੇ.ਪੀ. ਚੋਣ ਨਿਸ਼ਾਨ ਕਮਲ ਦਾ ਫੁੱਲ | ਜਨਵਾਦੀ ਜਨਵਾਦੀ ਪਾਰਟੀ ਨਿਸ਼ਾਨ ਡਾਇਮੰਡ | ਕ੍ਰਿਸ਼ਨ ਕੁਮਾਰ ਗਾਬਾ ਹਿੰਦੁਸਤਾਨ ਸ਼ਕਤੀ ਸੈਨਾ ਚੋਣ ਨਿਸ਼ਾਨ ਬੰਸਰੀ | ਨੀਰਜ ਕੁਮਾਰ ਚੋਣ ਨਿਸ਼ਾਨ ਸਿਲੰਡਰ | ਮਨੋਜ ਕੁਮਾਰ ਚੋਣ ਨਿਸ਼ਾਨ ਐਪਲ | ਅਮਰਜੀਤ ਸਿੰਘ ਚੋਣ ਨਿਸ਼ਾਨ ਆਰੀ



ਪਰਮਜੀਤ ਸਿੰਘ ਪੰਮਾ ਚੋਣ ਨਿਸ਼ਾਨ ਰੋਟੀ ਦੀ ਥਾਲੀ | ਡਿੰਪਲ ਬੰਦੇਸ਼ਾ ਚੋਣ ਨਿਸ਼ਾਨ ਵਿਕਟਾਂ | ਅਰਵਿੰਦ ਕਾਕਾ ਚੋਣ ਨਿਸ਼ਾਨ ਮਾਇਕ | ਜਗਦੀਸ਼ ਕੁਮਾਰ ਚੋਣ ਨਿਸ਼ਾਨ ਬੈਟ

## ਸ਼ਤਰਾਣਾ ਤੇ ਨਾਭਾ ਦੇ ਲੋਕਾਂ ਦਾ ਜੋਸ਼ ਨੇ ਵਜਾਇਆ ਜਿੱਤ ਦਾ ਬਿਗੁਲ

### ਡਾ. ਬਲਬੀਰ ਦੇ ਹੱਕ ਵਿੱਚ ਵੋਟਾਂ ਭੁਗਤਾਉਣ ਲਈ ਮਾਨ ਨੇ ਕੀਤੀ ਅਪੀਲ

**ਪਟਿਆਲਾ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਅਤੇ ਆਪ ਦੇ ਪੰਜਾਬ ਮੁਖੀ ਭਗਵੰਤ ਸਿੰਘ ਮਾਨ ਨੇ ਲੋਕ ਸਭਾ ਉਮੀਦਵਾਰ ਡਾ ਬਲਬੀਰ ਦੇ ਹੱਕ ਵਿੱਚ ਸ਼ਤਰਾਣਾ ਦੀ ਲੋਕ ਮਿਲਣੀ ਤੇ ਨਾਭਾ ਵਿਖੇ ਰੋਡ ਸ਼ੋਅ ਕੱਢਿਆ। ਇਸ ਮੌਕੇ ਮਾਨ ਨੇ ਕਿਹਾ ਕਿ ਲੋਕਾਂ ਦੇ ਵੱਡੇ ਹਜੂਮ ਦੇ ਜੋਸ਼ ਨੇ ਜਿੱਤ ਦਾ ਬਿਗੁਲ ਵਜਾ ਦਿੱਤਾ ਹੈ ਇਸ ਦੌਰਾਨ ਮਾਨ ਨੇ ਕਿਹਾ ਕਿ ਭਾਜਪਾ ਕੇਂਦਰ ਵਿੱਚ ਅਗਲੀ ਸਰਕਾਰ ਨਹੀਂ ਬਣਾ ਸਕੇਗੀ। ਕਿਉਂਕਿ ਭਾਜਪਾ ਦਾ ਹਰ ਨਾਗਰਿਕ ਦੇ ਖਾਤੇ ਵਿੱਚ 15 ਲੱਖ ਪਾਉਣ ਵਾਲਾ ਜੁਮਲਾ ਲੋਕਾਂ ਦੇ ਹਜ਼ਮ ਨਹੀ ਆਇਆ। ਇਹ ਹੀ ਨਹੀ ਸਰਕਾਰੀ ਅਦਾਰਿਆਂ ਦਾ ਨਿਜੀਕਰਨ ਕਰਕੇ ਵੱਡੇ ਰਸੂਖਦਾਰਾਂ ਦੇ ਹੱਥੀ ਡੋਰ ਫੜਾ ਕੇ ਦੇਸ਼ ਦੇ ਖਜ਼ਾਨੇ ਨੂੰ ਲਗਾਇਆ ਵੱਡਾ ਚੂਨਾਂ ਵੀ ਲੋਕਾਂ ਦੀ ਅੱਖੋਂ ਪੋਰਖੇ ਨਹੀ ਹੈ। ਉਨ੍ਹਾ ਕਿਹਾ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਸਪਸ਼ਟ ਕਰਨ ਕਿ ਉਹ ਜਮਹੂਰੀ ਤਰੀਕੇ ਨਾਲ ਚੁਣੀ ਗਈ ਪੰਜਾਬ ਸਰਕਾਰ ਦਾ ਤਖ਼ਤਾ ਪਲਟਣ ਦੀ ਯੋਜਨਾ ਕਿਵੇਂ ਬਣਾ ਰਹੇ ਹਨ। ਮਾਨ ਨੇ ਕਿਹਾ ਕਿ ਜੇ ਐਤਕੀਂ ਭਾਜਪਾ ਨੂੰ ਨਾ ਹਰਾਇਆ ਤਾਂ ਦੇਸ਼ ਦਾ ਲੋਕਤੰਤਰ ਤੇ ਸੰਵਿਧਾਨ ਨਹੀਂ ਬਚੇਗਾ ਅਤੇ ਦੇਸ਼ ਦਾ ਭਵਿੱਖ ਪਾਕਿਸਤਾਨ, ਬੰਗਲਾਦੇਸ਼ ਤੇ ਰੂਸ ਵਰਗਾ ਹੋਵੇਗਾ। ਉਨ੍ਹਾਂ ਵਪਾਰੀ ਵਰਗ ਨੂੰ ਕਿਹਾ ਕਿ ਜਿਸ ਤਰ੍ਹਾਂ ਦੇਸ਼ ਦੇ ਵਿਕਾਸ ਲਈ ਕਿਸਾਨ ਅਤੇ ਮਜ਼ਦੂਰ ਅਹਿਮ ਹਨ, ਉਸੇ ਤਰ੍ਹਾਂ ਵਪਾਰੀ, ਕਾਰੋਬਾਰੀ ਅਤੇ ਉਦਯੋਗਪਤੀ ਵੀ ਜ਼ਰੂਰੀ ਹਨ। ਉਨ੍ਹਾਂ ਦੋਸ਼ ਲਾਇਆ ਕਿ ਇਸ ਸਮੇਂ ਕੇਂਦਰ ਸਰਕਾਰ ਨੇ ਪੰਜਾਬ ਦੇ ਲਗਪਗ ਸਾਢੇ ਅੱਠ ਹਜ਼ਾਰ ਕਰੋੜ ਰੁਪਏ ਰੋਕੇ ਹੋਏ ਹਨ। ਇਸ ਵਿੱਚ 5500 ਕਰੋੜ ਰੁਪਏ ਪੇਂਡੂ ਵਿਕਾਸ ਫੰਡ ਦੇ ਹਨ ਅਤੇ ਇਸ ਪੈਸੇ ਨਾਲ ਪੰਜਾਬ ਦੇ ਪਿੰਡਾਂ ਵਿੱਚ ਸੜਕਾਂ ਅਤੇ ਹੋਰ ਪੇਂਡੂ ਵਿਕਾਸ ਦੇ ਕੰਮ ਕੀਤੇ ਜਾਣੇ ਸਨ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਵਿਰੋਧੀ ਧਿਰਾਂ ਵਾਲੀਆਂ ਰਾਜ ਸਰਕਾਰਾਂ ਨੂੰ ਪ੍ਰੇਸ਼ਾਨ ਕਰਦੀ ਹੈ। ਉਹ ਰਾਜਪਾਲ ਰਾਹੀਂ ਰਾਜ ਸਰਕਾਰ ਨੂੰ ਤੰਗ ਕਰਦੇ ਹਨ। ਉਨ੍ਹਾਂ



ਕਿਹਾ ਕਿ ਜੇਕਰ ਭਾਜਪਾ ਜਿੱਤ ਗਈ ਤਾਂ ਉਹ ਦੇਸ਼ ਵਿਚੋਂ ਪੱਛੜੀਆਂ ਅਤੇ ਅਨੁਸੂਚਿਤ ਜਾਤੀਆਂ ਲਈ ਰਾਖਵਾਂਕਰਨ ਖ਼ਤਮ ਕਰਨ ਦੀ ਪਹਿਲ ਕਰੇਗੀ।

ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੇ ਕਦੇ ਵੀ ਮਹਿੰਗਾਈ, ਗਰੀਬੀ, ਬੇਰੁਜ਼ਗਾਰੀ, ਭੁੱਖਮਰੀ ਆਦਿ ਮੁੱਦਿਆਂ 'ਤੇ ਗੱਲ ਨਹੀਂ ਕੀਤੀ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਤਿੰਨ ਕਰੋੜ ਪੰਜਾਬੀਆਂ ਦੀ ਚੁਣੀ ਹੋਈ ਸਰਕਾਰ ਨੂੰ ਡੇਗਣ ਦੀ ਸਾਜ਼ਿਸ਼ ਭਾਜਪਾ ਪੂਰੇ ਜ਼ੋਰ ਸ਼ੋਰ ਨਾਲ ਰੱਚ ਰਹੀ ਹੈ ਪਰ ਉਹ ਇਹ ਨਹੀ ਜਾਣਦੇ ਕਿ ਪੰਜਾਬ ਦੇ ਲੋਕਾਂ ਇਸ ਨੂੰ ਸਵੀਕਾਰ ਨਹੀ ਕਰਨਗੇ।

## ਵੱਖ-ਵੱਖ ਸਿਆਸੀ ਪਾਰਟੀਆਂ ਦੇ ਸੈਂਕੜੇ ਵਰਕਰ ਪਰਿਵਾਰਾਂ ਸਮੇਤ ਭਾਜਪਾ 'ਚ ਸ਼ਾਮਲ

### ਬੀਬਾ ਜੈਇੰਦਰਾ ਕੌਰ ਨੇ ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਨਵੇਂ ਮੈਂਬਰਾਂ ਦਾ ਸਿਰੋਪਾ ਪਾ ਕੇ ਕੀਤਾ ਸਵਾਗਤ



**ਪਟਿਆਲਾ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵੱਖ-ਵੱਖ ਸਿਆਸੀ ਪਾਰਟੀਆਂ ਦੇ ਸੈਂਕੜੇ ਵਰਕਰ ਮੰਗਲਵਾਰ ਨੂੰ ਭਾਰਤੀ ਜਨਤਾ ਪਾਰਟੀ 'ਚ ਸ਼ਾਮਲ ਹੋ ਗਏ। ਭਾਜਪਾ ਪਰਿਵਾਰ ਦਾ ਹਿੱਸਾ ਬਣੇ ਇਨ੍ਹਾਂ ਨਵੇਂ ਮੈਂਬਰਾਂ ਦਾ ਪੰਜਾਬ ਮਹਿਲਾ ਮੋਰਚਾ ਦੀ ਪ੍ਰਧਾਨ ਬੀਬਾ ਜੈਇੰਦਰ ਕੌਰ ਨੇ ਸਿਰੋਪਾ ਪਾ ਕੇ ਸਵਾਗਤ ਕੀਤਾ। ਇਸ ਮੌਕੇ ਆਮ ਆਦਮੀ ਪਾਰਟੀ ਛੱਡ ਕੇ ਆਏ ਹਿਮਾਂਸ਼ੂ ਬਿਆਸ ਤੋਂ ਇਲਾਵਾ ਮਨੋਜ ਹਿੰਗੋਨਾ, ਗਿਰਧਾਰੀ ਲਾਲ, ਅਨਿਲ ਸਿੰਗਲਾ, ਹਰੀ ਕ੍ਰਿਸ਼ਨ, ਪ੍ਰੀਤ ਸਿੰਘ, ਨੀਰਜ ਸ਼ਰਮਾ, ਯੁਵਰਾਜ ਸਿੰਘ, ਅੰਕੂ ਸ਼ਰਮਾ, ਨੀਰਜ ਕੁਮਾਰ ਅਤੇ ਵੱਡੀ ਗਿਣਤੀ ਵਿੱਚ ਉਨ੍ਹਾਂ ਦੇ ਸਾਥੀ ਸ਼ਾਮਲ ਸਨ। ਦੂਜੇ ਪਾਸੇ ਭਾਰਤੀ ਜਨਤਾ ਪਾਰਟੀ ਦੇ ਸਨੌਰ ਇਲਾਕਾ ਇੰਚਾਰਜ ਬਿਕਰਮ ਇੰਦਰਜੀਤ ਸਿੰਘ ਚਾਹਲ ਦੀ ਪ੍ਰਧਾਨਗੀ ਹੇਠ ਮੰਗਲਵਾਰ ਨੂੰ ਭੁੰਨਰਹੇੜੀ ਦੇ ਸਰਪੰਚ ਵਕੀਲ ਮਸ਼ਾਲ, ਸੁਖਦੇਵ ਸਿੰਘ ਪੰਜੋਲਾ, ਸੇਵਾ ਸਿੰਘ ਕਾਠਗੜ੍ਹ, ਸੁਨੀਲ ਕੁਮਾਰ ਸਨੌਰ, ਅਮਰ ਸਿੰਘ ਅਲੀਪੁਰ, ਮਦਨ ਸਿੰਘ ਅਸਮਾਨ ਪੁਰ , ਰਾਜਾ ਰਾਮ ਨੰਨਸੂ, ਪਰਮਜੀਤ ਸਿੰਘ ਬੀੜ ਬਹਾਦੁਰਗੜ੍ਹ, ਸੇਵਾ ਰਾਮ ਬਿਲਾਸਪੁਰ ਮੰਜਾਲ, ਸਿਕੰਦਰ ਰਾਮ ਮਰਦਾਨਹੇੜੀ, ਪਿੰਡ ਚਰਸ ਜੀਤੋ ਰਾਣੀ, ਬਾਜ਼ੀਗਰ ਸਭਾ ਪੰਜਾਬ ਦੇ ਪ੍ਰਧਾਨ ਉਜਾਗਰ ਰਾਮ, ਸੇਵਾ ਰਾਮ, ਬਿੱਬਰ ਰਾਮ ਆਦਿ ਨੇ ਵੀ ਕਾਂਗਰਸ ਤੇ ਅਕਾਲੀ ਦਲ ਨੂੰ ਛੱਡ ਕੇ ਬੀਬਾ ਜੈਇੰਦਰ ਕੌਰ ਦੀ ਹਾਜ਼ਰੀ ਵਿੱਚ ਭਾਜਪਾ ਪਰਿਵਾਰ ਦਾ ਹਿੱਸਾ ਬਣ ਗਏ। 'ਆਪ' ਪਾਰਟੀ ਤੋਂ ਆਏ ਹਿਮਾਂਸ਼ੂ ਬਿਆਸ ਨੇ ਕਿਹਾ ਕਿ ਉਹ ਜਿਸ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਏ ਸਨ, ਉਹ ਪਿਛਲੇ ਢਾਈ ਸਾਲਾਂ 'ਚ ਖਾਸ ਆਦਮੀ ਪਾਰਟੀ ਬਣ ਗਈ ਹੈ। ਪੰਜਾਬ ਵਿੱਚ ਨਾ ਤਾਂ ਨਸ਼ਾ ਰੁਕਿਆ ਹੈ, ਨਾ ਰੁਜ਼ਗਾਰ ਦੇ ਮੌਕੇ ਪੈਦਾ ਹੋਏ ਹਨ, ਪੰਜਾਬ ਵਿੱਚ ਕੋਈ ਨਵੀਂ ਸਨਅਤ ਨਹੀਂ ਆਈ, ਵੱਡੇ-ਵੱਡੇ ਵਿਕਾਸ ਕਾਰਜ ਠੱਪ ਪਏ ਹਨ, ਬਿਜਲੀ ਕੱਟਾਂ ਨੇ ਲੋਕਾਂ ਦਾ ਘਰਾਂ ਵਿੱਚ ਰਹਿਣਾ ਔਖਾ ਕਰ ਦਿੱਤਾ ਹੈ, ਬਿਜਲੀ ਕੱਟਾਂ ਦਾ ਅਸਰ ਸਾਰੇ ਛੋਟੇ ਅਤੇ ਵੱਡੇ ਉਦਯੋਗਾਂ ਨੂੰ ਭਾਰੀ ਵਿੱਤੀ ਨੁਕਸਾਨ ਪਹੁੰਚਾ ਰਿਹਾ ਹੈ, ਪੰਜਾਬ 'ਤੇ ਕਰਜ਼ੇ ਦਾ ਬੋਝ ਵਧਾਇਆ, ਗੈਂਗਸਟਰਵਾਦ ਨੂੰ ਬੜ੍ਹਾਵਾ ਦਿੱਤਾ, ਕਾਨੂੰਨ ਵਿਵਸਥਾ ਦੀ ਸਥਿਤੀ ਵਿਗਾੜੀ, ਕਿਸਾਨਾਂ ਨੂੰ ਨਿਰਾਸ਼ ਕੀਤਾ, ਪੰਜਾਬ ਦੀ ਇਕ ਵੀ ਔਰਤ ਨੂੰ ਲੋਕਸਭਾ ਚੋਣਾ ਵਿੱਚ ਮੌਕਾ ਨਾ ਦੇ ਕੇ ਮਹਿਲਾ ਸਸ਼ਕਤੀਕਰਨ ਨੂੰ ਕਮਜ਼ੋਰ ਕੀਤਾ, ਪੰਜਾਬ ਦੇ ਖਰਚੇ ਤੇ ਦਿੱਲੀ ਵਿੱਚ ਆਪ ਦੇ ਸੀਨਿਅਰ ਲੀਡਰਾਂ ਨੂੰ ਹਵਾਈ ਸਫਰ ਦੀਆਂ ਸਹੂਲਤਾਂ ਦਿੱਤੀਆਂ। ਉਹਨਾਂ ਕਿਹਾ ਕਿ ਇਹਨਾਂ ਕਾਰਨਾਂ ਕਰਕੇ ਆਪਣੇ ਸਾਰੇ ਸਾਥੀਆਂ ਸਮੇਤ ਪਾਰਟੀ ਛੱਡ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ। ਉਹਨਾਂ ਕਿਹਾ ਕਿ ਸਾਨੂੰ ਇਸ ਗੱਲ ਦਾ ਪੂਰਾ ਭਰੋਸਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹਮੇਸ਼ਾ ਗਾਰੰਟੀ ਦੇ ਕੇ ਕੰਮ ਕਰਕੇ ਵਿਖਾਉਂਦੇ ਹਨ।

ਵੱਖ-ਵੱਖ ਸਿਆਸੀ ਪਾਰਟੀਆਂ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਏ ਮੈਂਬਰਾਂ ਨਾਲ ਗੱਲਬਾਤ ਕਰਦਿਆਂ ਭਾਜਪਾ ਆਗੂ ਬੀਬਾ ਜੈਇੰਦਰਾ ਕੌਰ ਨੇ ਕਿਹਾ ਕਿ ਪਟਿਆਲਾ ਲੋਕ ਸਭਾ ਤੋਂ ਭਾਜਪਾ ਦੀ ਉਮੀਦਵਾਰ ਤੇ ਉਨ੍ਹਾਂ ਦੀ ਮਾਤਾ ਮਹਾਰਾਣੀ ਪ੍ਰਨੀਤ ਕੌਰ 'ਤੇ ਪਟਿਆਲਾ ਦੇ ਲੋਕਾਂ ਵਿੱਚ ਅਥਾਹ ਵਿਸ਼ਵਾਸ ਹੈ। ਇਸ ਭਰੋਸੇ ਦੇ ਆਧਾਰ 'ਤੇ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਵਿਕਸਤ ਭਾਰਤ ਦੇ ਸਬੰਧ 'ਚ ਦਿੱਤੀ ਗਾਰੰਟੀ ਨੂੰ ਆਧਾਰ ਬਣਾ ਕੇ ਪਟਿਆਲਾ ਵਾਸੀਆਂ ਨੂੰ ਵਿਕਸਤ ਪਟਿਆਲਾ ਦੀ ਗਾਰੰਟੀਆਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀ ਮਦਦ ਨਾਲ ਪਟਿਆਲਾ ਵਿੱਚ ਖੇਡਾਂ ਲਈ ਵਿਸ਼ਵ ਪੱਧਰੀ ਬੁਨਿਆਦੀ ਢਾਂਚਾ ਤਿਆਰ ਕੀਤਾ ਜਾਵੇਗਾ ਅਤੇ ਪੰਜਾਬ ਦੀਆਂ ਰਵਾਇਤੀ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਠੋਸ ਨੀਤੀ ਤਿਆਰ ਕੀਤੀ ਜਾਵੇਗੀ।

## ਰਾਹੁਲ ਗਾਂਧੀ ਆਉਣਗੇ ਪਟਿਆਲਾ, ਡਾਕਟਰ ਗਾਂਧੀ ਦੇ ਹੱਕ 'ਚ ਕਰਨਗੇ 'ਨਿਆਂ ਮਹਾਂ



**ਪਟਿਆਲਾ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕਸਭਾ ਹਲਕਾ ਪਟਿਆਲਾ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਡਾਕਟਰ ਧਰਮਵੀਰ ਗਾਂਧੀ ਵੱਲੋਂ ਅੱਜ ਵਿਧਾਨ ਸਭਾ ਹਲਕਾ ਸਮਾਣਾ ਵਿਖੇ ਕਈ ਵੱਡੀਆਂ ਚੋਣ ਬੈਠਕਾਂ ਨੂੰ ਸੰਬੋਧਨ ਕੀਤਾ ਜਿੱਥੇ ਉਹਨਾਂ ਨਾਲ ਹਲਕਾ ਇੰਚਾਰਜ ਰਜਿੰਦਰ ਸਿੰਘ ਵੀ ਮੌਜੂਦ ਰਹੇ। ਇਸ ਮੌਕੇ ਡਾਕਟਰ ਧਰਮਵੀਰ ਗਾਂਧੀ ਨੇ ਬੋਲਦਿਆਂ ਦੱਸਿਆ ਕਿ 31 ਮਈ ਨੂੰ ਦੁਪਹਿਰ ਢਾਈ ਵਜੇ ਸ਼੍ਰੀ ਰਾਹੁਲ ਗਾਂਧੀ ਪਟਿਆਲਾ ਦੇ ਪੋਲੋ ਗਰਾਊਂਡ ਵਿਖੇ ' ਨਿਆਂ ਮਹਾਂ ਰੈਲੀ ' ਨੂੰ ਸੰਬੋਧਨ ਕਰਨਗੇ।

ਜ਼ਿਕਰਯੋਗ ਹੈ ਕਿ ਰਾਏਬਰੇਲੀ ਅਤੇ ਅਮੇਠੀ ਤੋਂ ਬਾਅਦ ਪਟਿਆਲਾ ਅਜਿਹੀ ਪਹਿਲੀ ਸੀਟ ਹੈ ਜਿੱਥੇ ਕਾਂਗਰਸ ਦੀ ਸਿਖ਼ਰਲੀ ਲੀਡਰਸ਼ਿਪ 'ਚੋਂ ਰਾਹੁਲ ਗਾਂਧੀ ਅਤੇ ਪ੍ਰਿਯੰਕਾ ਗਾਂਧੀ ਦੋਵੇਂ ਪ੍ਰਚਾਰ ਕਰਨ ਲਈ ਪੁੱਜ ਰਹੇ ਹਨ।

ਇਸਤੋਂ ਸਾਫ਼ ਜ਼ਾਹਿਰ ਹੈ ਕਿ ਕਾਂਗਰਸ ਪਾਰਟੀ ਇਹ ਸੀਟ ਮਹਿਜ਼ ਜਿੱਤਣਾ ਹੀ ਨਹੀਂ ਚਾਹੁੰਦੀ ਸਗੋਂ ਵੱਡੀ ਲੀਡ ਨਾਲ਼ ਜਿੱਤ ਯਕੀਨੀ ਬਣਾਉਣ ਵੱਲ ਤੁਰ ਪਈ ਹੈ।

ਡਾ: ਗਾਂਧੀ ਨੇ ਕਿਹਾ ਕਿ ਆਉਣ ਵਾਲੀ ਚਾਰ ਜੂਨ ਨੂੰ ਦੇਸ਼ 'ਚੋਂ ਭਾਜਪਾ ਸਰਕਾਰ ਜਾ ਰਹੀ ਹੈ ਅਤੇ ਕਾਂਗਰਸ ਪਾਰਟੀ ਦੀ ਅਗਵਾਈ ਹੇਠ ਇੰਡੀਆ ਗਠਜੋੜ ਦੀ ਸਰਕਾਰ ਬਣਨ ਜਾ ਰਹੀ ਹੈ। ਇਸਤੋਂ ਬਾਅਦ ਜੋ ਕਾਂਗਰਸ ਦੀ ਅਗਵਾਈ ਵਾਲ਼ੀ ਸਰਕਾਰ ਬਣੇਗੀ, ਉਹ ਅੰਬਾਨੀ ਅਦਾਨੀ ਦੇ ਨਹੀਂ ਸਗੋਂ ਲੋਕਾਂ ਦੇ ਹੱਕ ਵਿੱਚ ਫ਼ੈਸਲੇ ਕਰੇਗੀ ਜੋਕਿ ਕ੍ਰਾਂਤੀਕਾਰੀ ਫ਼ੈਸਲੇ ਹੋਣਗੇ। ਕਾਂਗਰਸ ਪਾਰਟੀ ਦਾ ਨਿਆਂ ਪੱਤਰ ਸਾਡੇ ਵੱਲੋਂ ਲਏ ਜਾਣ ਵਾਲ਼ੇ ਫ਼ੈਸਲਿਆਂ ਦੀ ਗਵਾਹੀ ਭਰਦਾ ਹੈ।

ਡਾ: ਧਰਮਵੀਰ ਗਾਂਧੀ ਨੇ ਇਸ ਮੌਕੇ ਕਿਹਾ ਕਿ ਮੇਰਾ ਪਿਛਲੇ 50 ਸਾਲ ਦਾ ਸਮਾਜਿਕ ਜੀਵਨ ਇੱਕ ਖੁੱਲ੍ਹੀ ਕਿਤਾਬ ਵਾਂਗ ਲੋਕਾਂ ਦੇ ਸਾਹਮਣੇ ਹੈ। ਮੇਰੇ ਸਾਹਮਣੇ ਵਾਲ਼ੇ ਉਮੀਦਵਾਰ ਬੇਸ਼ੱਕ ਪੈਸੇ ਅਤੇ ਸੱਤਾ ਦੀ ਤਾਕਤ ਪੱਖੋਂ ਬਹੁਤ ਤਾਕਤਵਰ ਹਨ ਪਰ ਮੇਰੇ ਨਾਲ਼ ਮੇਰੇ ਲੋਕ ਖੜ੍ਹੇ ਹਨ ਅਤੇ ਲੋਕਾਂ ਦੀ ਤਾਕਤ ਹੀ ਮੈਨੂੰ ਸੰਸਦ ਵਿੱਚ ਪਹੁੰਚਾਏਗੀ ਅਤੇ ਮੈਂ ਸੰਸਦ ਵਿੱਚ ਪੁੱਜ ਕੇ ਪੰਜਾਬ - ਪੰਜਾਬੀ - ਪੰਜਾਬੀਅਤ ਦੀ ਅਵਾਜ਼ ਬੁਲੰਦ ਕਰਾਂਗਾ।

ਇਸ ਮੌਕੇ ਹਲਕਾ ਇੰਚਾਰਜ ਸਮਾਣਾ ਕਾਕਾ ਰਜਿੰਦਰ ਸਿੰਘ ਅਤੇ ਸਾਬਕਾ ਵਿਧਾਇਕ ਜਗਤਾਰ ਸਿੰਘ ਰਾਜਲਾ ਨੇ ਵੀ ਸੰਬੋਧਨ ਕੀਤਾ।

## ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੀ ਅਗਵਾਈ 'ਚ ਸ਼੍ਰੋਮਣੀ ਅਕਾਲੀ ਦਲ ਦੇ ਕਈ ਆਗੂ ਆਪ ਪਾਰਟੀ 'ਚ ਸ਼ਾਮਿਲ

**ਸਨੌਰ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਹਲਕਾ ਸਨੌਰ ਤੋਂ ਸ੍ਰੋਮਣੀ ਅਕਾਲੀਦਲ ਨੂੰ ਉਦੋਂ ਵੱਡਾ ਝਟਕਾ ਲੱਗਿਆ ਜਦੋਂ ਸਨੌਰ ਹਲਕੇ ਦੇ ਪਿੰਡ ਕੋਟਲਾ ਗੋਹਰੂ ਚ ਸੁਖਵਿੰਦਰ ਸਿੰਘ (ਭੋਲਾ)ਸ੍ਰਮਣੀ ਅਕਾਲੀਦਲ ਸਾਬਕਾ ਸਰਪੰਚ ਦੇ ਘਰ ਆਮ ਆਦਮੀ ਪਾਰਟੀ ਦੇ ਸਮਰਥਨ ਚ ਵੱਡਾ ਪ੍ਰੋਗ੍ਰਾਮ ਰੱਖਿਆ ਗਿਆ ਜਿਸ ਵਿੱਚ ਆਪ ਪਾਰਟੀ ਤੋਂ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਵਿਸੇਸ਼ ਤੌਰ 'ਤੇ ਪਹੁੰਚੇ।ਪ੍ਰੋਗਰਾਮ ਰੈਲੀ ਦੀ ਤਰਾਂ ਰੂਪ ਧਾਰਨ ਕਰ ਗਿਆ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਪ੍ਰਗਰਾਮ ਨੂੰ ਸੰਬੋਧਨ ਕਰਦਿਆ ਕਿਹਾ ਕਿ ਆਮ ਆਦਮੀ ਪਾਰਟੀ ਕਿਸੇ ਵੀ ਅਕਾਲੀ, ਕਾਂਗਰਸੀ ਜਾ ਕਿਸੇ ਹੋਰ ਪਾਰਟੀ ਦੇ ਆਗੂ ,ਵਰਕਰ ਨਾਲ ਕਿਸੇ ਤਰਾਂ ਦਾ ਕੋਈ ਭੇਦ ਭਾਵ ਨਹੀ ਰੱਖਦੀ, ਤੇ ਨਾ ਹੀ ਪਾਰਟੀਬਾਜੀ ਚ ਪਾ ਕਿਸੇ ਤੇ ਪਰਚੇ ਕਰਵਾਏ ਜਾਂਦੇ ਨੇ। ਵਿਧਾਇਕ ਨੇ ਹੜਾ ਦੇ ਪਾਣੀ ਕਾਰਨ ਜਿੱਥੇ ਫਸਲਾ ਦਾ ਤੇ ਹੋਰ ਨੁਕਸਾਨ ਹੁੰਦਾ ਹੈ ਉਥੇ ਪਾਣੀ ਦੀ ਨਿਕਾਸੀ ਲਈ ਪੁਲੀਆ ਬਣਾਉਣ ਬਾਰੇ ਵੀ ਕਿਹਾ ਗਿਆ ਤੇ ਆਉਣ ਵਾਲਿਆ ਸਰਪੰਚੀ ਦੀਆ ਚੋਣਾਂ ਚ ਪਿੰਡ ਵਾਸੀ ਅਪਣਾ ਸਰਪੰਚ ਆਪ ਚੁਣਨਗੇ ਕਿਸੇ ਨਾਲ ਕੋਈ ਧੱਕਾ ਨਾ ਹੋਣ ਦੀ ਗੱਲ ਵੀ ਆਖੀ।ਕਿਹਾ ਕਿ ਮੈਂ ਵਿਧਾਇਕ ਸਨੌਰ ਹਰਮੀਤ ਸਿੰਘ ਪਠਾਣਮਾਜਰਾ ਸਨੌਰ ਵਾਸੀਆਂ ਦੀ ਸੇਵਾ ਚ ਹਰ ਸਮੇ ਹਾਜਿਰ ਹਾਂ ਮੈਨੂੰ ਬਹੁਤ ਮਾਣ ਸਤਿਕਾਰ ਦੇਣ ਲਈ ਸਭ ਦਾ ਬਹੁਤ ਬਹੁਤ ਧੰਨਵਾਦ। ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਆਉਣ ਵਾਲੀਆ ਲੋਕ ਸਭਾ ਦੀਆ ਚੋਣਾ ਚ ਸਭ ਨੂੰ ਪੰਜ ਨੰਬਰ ਤੇ ਚੋਣ ਨਿਸ਼ਾਨ ਝਾੜੂ ਦਾ ਬਟਨ ਦਬਾ ਕੇ ਆਪ ਪਾਰਟੀ ਦੇ ਪਟਿਆਲਾ ਤੋਂ ਲੋਕ ਸਭਾ ਉਮੀਦਵਾਰ ਡਾਂ ਬਲਵੀਰ ਸਿੰਘ ਨੂੰ ਵੱਧ ਤੋਂ ਵੱਧ ਵੋਟਾਂ ਦੀ ਲੀਡ ਤੇ ਜਿਤਾਉਣ ਦੀ ਬੇਨਤੀ ਵੀ ਕੀਤੀ। ਇਸ ਮੌਕੇ ਬੀਤੇ ਲੰਮੇ ਤੋ ਸ੍ਰੋਮਣੀ ਅਕਾਲੀਦਲ ਨਾਲ ਜੁੜੇ ਪਰਿਵਾਰ ਤੇ ਸਨੌਰ ਹਲਕੇ ਤੋ ਸ੍ਰੋਮਣੀ ਅਕਾਲੀਦਲ ਦੇ ਆਗੂ ਸੁਖਵਿੰਦਰ ਸਿੰਘ (ਭੋਲਾ) ਸਾਬਕਾ ਸਰਪੰਚ ਪਿੰਡ ਕੋਟਲਾ ਗੋਹਰੂ,,ਜਸਪ੍ਰੀਤ ਸਿੰਘ ਕੋਰ ਕਮੇਟੀ ਮੈਂਬਰ ਪੰਜਾਬ ਪਿੰਡ ਬੱਤਾ,,ਨੁਪਿੰਦਰ ਸਿੰਘ (ਭਿੰਦਾ) ਸਾਬਕਾ ਸਰਪੰਚ ਪਿੰਡ ਕਰਨਪੁਰ, ਸੁਖਵਿੰਦਰ ਸਿੰਘ ਪਿੰਡ ਬੱਤਾ,,ਸੰਦੀਪ ਸਿੰਘ (ਬਾਣੀਆ) ਪਿੰਡ ਬੱਤੀ,,ਜਸਵਿੰਦਰ ਸਿੰਘ (ਕਾਕਾ) ਪਿੰਡ ਬੱਤਾ,, ਪਾਰਟੀ ਦੇ ਵਿਕਾਸ ਕਾਰਜਾ ਤੇ ਹਲਕੇ ਚ ਪਾਰਟੀਬਾਜੀ ਖਤਮ ਕਰਨ ਦੀ ਨੀਤੀ ਨੂੰ ਦੇਖ ਦੇ ਹੋਏ ਸ੍ਰੋਮਣੀ ਅਕਾਲੀ ਦਲ ਨੂੰ ਸਦਾ ਲਈ ਅਲਵਿਦਾ ਆਖ ਅਪਣੇ ਸਾਥੀਆਂ ਸਮੇਤ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੀ ਅਗਵਾਈ ਚ ਆਮ ਆਦਮੀ ਪਾਰਟੀ ਵਿੱਚ ਹੋਏ ਸਾਮਿਲ।

## ਚੋਣ ਖਰਚਾ ਰਜਿਸਟਰ ਦਾ ਮਿਲਾਨ ਨਾ ਕਰਵਾਉਣ 'ਤੇ ਤਿੰਨ ਆਜ਼ਾਦ ਉਮੀਦਵਾਰਾਂ ਦੀਆਂ ਵਾਹਨਾਂ ਦੀਆਂ ਪ੍ਰਵਾਨਗੀਆਂ ਰੱਦ

**ਪਟਿਆਲਾ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਰਿਟਰਨਿੰਗ ਅਫ਼ਸਰ -ਕਮ-ਡਿਪਟੀ ਕਮਿਸ਼ਨਰ ਪਟਿਆਲਾ ਸ਼ੌਕਤ ਅਹਿਮਦ ਪਰੇ ਨੇ ਚੋਣ ਖਰਚਿਆਂ ਦੀ ਦੂਜੀ ਪੜਤਾਲ ਦੌਰਾਨ ਸ਼ਾਮਲ ਨਾ ਹੋਣ ਵਾਲੇ ਉਮੀਦਵਾਰਾਂ ਦੀਆਂ ਵਾਹਨਾਂ ਦੀਆਂ ਪ੍ਰਵਾਨਗੀਆਂ ਰੱਦ ਕਰ ਦਿੱਤੀਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਆਜ਼ਾਦ ਉਮੀਦਵਾਰ ਸ੍ਰੀ ਪਰਮਜੀਤ ਸਿੰਘ ਪੁੱਤਰ ਸ੍ਰੀ ਤਰਲੋਚਨ ਸਿੰਘ, ਆਜ਼ਾਦ ਉਮੀਦਵਾਰ ਸ੍ਰੀਮਤੀ ਡਿੰਪਲ ਅਤੇ ਆਜ਼ਾਦ ਉਮੀਦਵਾਰ ਮੱਖਣ ਸਿੰਘ ਵੱਲੋਂ ਲੋਕ ਪ੍ਰਤੀਨਿਧਤਾ ਐਕਟ, 1951 ਦੀ ਧਾਰਾ 77 ਅਧੀਨ ਮੈਨਟੇਨ ਕੀਤੇ ਜਾ ਰਹੇ ਚੋਣ ਖਰਚਾ ਰਜਿਸਟਰ ਦਾ ਮਿਲਾਨ ਸ਼ੈਡੋ ਅਬਜਰਵੇਸ਼ਨ ਰਜਿਸਟਰ ਨਾਲ ਕਰਨ ਲਈ ਖਰਚਾ ਅਬਜ਼ਰਵਰ ਕੋਲ 20 ਮਈ 2024 ਨੂੰ ਆਪਣਾ ਰਿਕਾਰਡ ਪੇਸ਼ ਕਰਨਾ ਸੀ, ਜੋ ਪੇਸ਼ ਨਹੀਂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਉਕਤ ਉਮੀਦਵਾਰਾਂ ਨੂੰ ਦੁਬਾਰਾ 25 ਮਈ 2024 ਨੂੰ ਆਪਣਾ ਰਿਕਾਰਡ ਪੇਸ਼ ਕਰਨ ਲਈ ਲਿਖਿਆ ਗਿਆ ਸੀ ਅਤੇ ਹਦਾਇਤ ਕੀਤੀ ਗਈ ਸੀ ਕਿ ਨਿਰਧਾਰਿਤ ਮਿਤੀ ਨੂੰ ਰਿਕਾਰਡ ਪੇਸ਼ ਨਾ ਕਰਨ ਦੀ ਸੂਰਤ ਵਿੱਚ ਆਪ ਨੂੰ ਜਾਰੀ ਕੀਤੀਆਂ ਗਈਆਂ ਵਾਹਨਾਂ ਦੀਆਂ ਪ੍ਰਵਾਨਗੀਆਂ ਰੱਦ ਕਰ ਦਿੱਤੀਆਂ ਜਾਣਗੀਆਂ ਪ੍ਰੰਤੂ ਆਜ਼ਾਦ ਉਮੀਦਵਾਰ ਸ੍ਰੀ ਪਰਮਜੀਤ ਸਿੰਘ ਪੁੱਤਰ ਸ੍ਰੀ ਤਰਲੋਚਨ ਸਿੰਘ, ਆਜ਼ਾਦ ਉਮੀਦਵਾਰ ਸ੍ਰੀਮਤੀ ਡਿੰਪਲ ਅਤੇ ਆਜ਼ਾਦ ਉਮੀਦਵਾਰ ਮੱਖਣ ਸਿੰਘ ਵੱਲੋਂ ਆਪ ਜਾ ਆਪਣਾ ਕੋਈ ਨੁਮਾਇੰਦਾ ਪੇਸ਼ ਨਹੀਂ ਕੀਤਾ ਗਿਆ। ਇਸ ਲਈ ਉਕਤ ਉਮੀਦਵਾਰਾਂ ਨੂੰ ਜਾਰੀ ਵਾਹਨਾਂ ਦੀਆਂ ਪ੍ਰਵਾਨਗੀਆਂ ਰੱਦ ਕੀਤੀਆਂ ਗਈਆਂ ਹਨ।

## ਐਸ ਡੀ ਐਮ ਪਾਤੜਾਂ ਵੱਲੋਂ ਸਬ ਡਿਵੀਜ਼ਨ ਪਾਤੜਾਂ ਅੰਦਰ ਚੋਣ ਪ੍ਰਬੰਧਾਂ ਨੂੰ ਲੈ ਕੇ ਦਿੱਤੀ ਜਾਣਕਾਰੀ



**ਪਾਤੜਾਂ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਐਸਡੀਐਮ ਕਮ ਰਿਟਰਨਿੰਗ ਅਫ਼ਸਰ ਪਾਤੜਾਂ ਰਵਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਸਬ ਡਿਵੀਜ਼ਨ ਪਾਤੜਾਂ ਅੰਦਰ ਲੋਕ ਸਭਾ ਚੋਣਾਂ ਨੂੰ ਲੈ ਕੇ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ । ਉਹਨਾਂ ਦੱਸਿਆ ਕਿ ਸਬ ਡਿਵੀਜ਼ਨ ਪਾਤੜਾਂ ਅੰਦਰ 205 ਪੋਲਿੰਗ ਸਟੇਸ਼ਨ ਬਣਾਏ ਗਏ ਹਨ ਜਿੱਥੇ ਗਰਮੀ ਨੂੰ ਦੇਖਦਿਆਂ ਵੋਟਿੰਗ ਵਾਲੇ ਦਿਨ ਛਾਂ ਦਾ ਵਿਸ਼ੇਸ਼ ਪ੍ਰਬੰਧ ਅਤੇ ਵੋਟਰਾਂ ਲਈ ਹਰ ਪੋਲਿੰਗ ਸਟੇਸ਼ਨਾਂ ਉੱਤੇ ਠੰਢੇ ਪਾਣੀ ਦੀ ਛਬੀਲ ਦਾ ਪ੍ਰਬੰਧ ਵੀ ਕੀਤਾ ਗਿਆ ਹੈ ਤਾਂ ਜੋ ਵੋਟਿੰਗ ਕਰਨ ਲਈ ਆ ਰਹੇ ਵੋਟਰਾਂ ਨੂੰ ਕੋਈ ਪਰੇਸ਼ਾਨੀ ਨਾ ਆਵੇ। ਉਨ੍ਹਾਂ ਕਿਹਾ ਕਿ ਜਿਹੜੇ ਪੋਲਿੰਗ ਸਟੇਸ਼ਨ ਉੱਤੇ 75 ਪ੍ਰਤੀਸ਼ਤ ਤੋਂ ਜ਼ਿਆਦਾ ਵੋਟਿੰਗ ਹੋਵੇਗੀ ਅਤੇ ਪਿਛਲਿਆਂ ਚੋਣਾ ਤੋਂ ਦਸ ਪ੍ਰਤਿਸ਼ਤ ਜ਼ਿਆਦਾ ਅਸੀਂ ਉਥੋਂ ਦੀ ਬੀਐਲ ਓ ਨੂੰ ਪੰਜ ਹਜ਼ਾਰ ਰੁਪਏ ਬੋਨਸ ਦੇ ਰੂਪ ਵਿੱਚ ਦਿੱਤੇ ਜਾਣਗੇ ਅਤੇ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ ਜਾਵੇਗਾ ਐਸ ਡੀ ਐਮ ਰਵਿੰਦਰ ਸਿੰਘ ਨੇ ਕਿਹਾ ਕਿ ਵਧ ਰਹੀ ਗਰਮੀ ਨੂੰ ਦੇਖਦਿਆਂ ਵੋਟਰਾਂ ਦੀ ਸਹੂਲਤ ਲਈ ਹਰ ਦੇ ਸੰਭਵ ਪ੍ਰਬੰਧ ਕੀਤੇ ਜਾ ਰਹੇ ਹਨ ਉਨ੍ਹਾਂ ਅੱਗੇ ਕਿਹਾ ਕਿ ਗਰਮੀ ਕਾਰਨ ਵੋਟਰਾਂ ਨੂੰ ਲੰਮੀਆਂ ਕਤਾਰਾਂ ਵਿੱਚ ਨਾ ਲੱਗਣਾ ਪਵੇ ਇਸ ਕਰਕੇ ਪਲ ਪਲ ਦੀ ਜਾਣਕਾਰੀ ਲਈ ਇਕ ਐਪ ਡੀਸੀ ਆਫਿਸ ਪਟਿਆਲਾ ਦੁਆਰਾ ਬਣਾਇਆ ਗਿਆ ਹੈ ਜਿਸ ਨੂੰ ਵੋਟਰ ਆਪਣੇ ਬੂਥ ਉਤੇ ਕਿਨੇ ਵੋਟਰ ਲਾਈਨਾਂ ਵਿੱਚ ਖੜੇ ਹਨ ਦੀ ਜਾਣਕਾਰੀ ਘਰ ਬੈਠੇ ਦੇਖ ਸਕਦੇ ਹਨ ਅਤੇ ਭੀੜ ਘੱਟ ਹੋਣ ਤੇ ਆਪਣੀ ਵੋਟ ਪਾਉਣ ਲਈ ਜਾ ਸਕਦੇ ਹਨ।

## ਚੋਣ ਪ੍ਰਚਾਰ ਲਈ ਜਾ ਰਹੀ ਪ੍ਰਨੀਤ ਕੌਰ ਨੇ ਹਾਦਸਾਗ੍ਰਸਤ ਪਰਿਵਾਰ ਦੀ ਮਦਦ ਲਈ ਕਾਫਲੇ ਨੂੰ ਰੋਕਿਆ



**ਪਟਿਆਲਾ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ ਦੀ ਪਟਿਆਲਾ ਲੋਕ ਸਭਾ ਸੀਟ ਤੋਂ ਉਮੀਦਵਾਰ ਪ੍ਰਨੀਤ ਕੌਰ ਮੰਗਲਵਾਰ ਨੂੰ ਆਪਣੇ ਸਮਰਥਕਾਂ ਨਾਲ ਪਟਿਆਲਾ ਤੋਂ ਦੇਵੀਗੜ੍ਹ ਜਾ ਰਹੇ ਸਮ। ਰਸਤੇ ਵਿੱਚ ਉਨ੍ਹਾਂ ਇੱਕ ਸੜਕ ਹਾਦਸਾ ਦੇਖਿਆ ਅਤੇ ਤੁਰੰਤ ਆਪਣੇ ਕਾਫ਼ਲੇ ਨੂੰ ਰੋਕ ਲਿਆ। ਪ੍ਰਨੀਤ ਕੌਰ ਨੇ ਖੁਦ ਪੀੜਤ ਪਰਿਵਾਰ ਦੀ ਮਦਦ ਲਈ ਉਹਨਾਂ ਕੋਲ ਪਹੁੰਚੇ ਅਤੇ ਉਨ੍ਹਾਂ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਨੂੰ ਪੀਣ ਲਈ ਪਾਣੀ ਦਿੱਤਾ। ਇਸ ਤੋਂ ਬਾਅਦ ਉਨ੍ਹਾਂ ਪੀੜਤ ਪਰਿਵਾਰ ਨੂੰ ਕਿਸੇ ਤਰ੍ਹਾਂ ਦੀ ਜਰੂਰਤ ਲਈ ਪੁੱਛਿਆ। ਪਰਿਵਾਰ ਨੂੰ ਸੁਰੱਖਿਅਤ ਦੇਖ ਮਹਾਰਾਣੀ ਪ੍ਰਨੀਤ ਕੌਰ ਨੇ ਵਾਹੇਗੁਰੂ ਦਾ ਸ਼ੁਕਰਿਆ ਕਰਦਿਆਂ ਪਰਿਵਾਰ ਨੂੰ ਉਹਨਾਂ ਦੀ ਮੰਜਿਲ ਤਕ ਪਹੁੰਚਾਉਣ ਦੀ ਪੇਸ਼ਕਸ਼ ਕੀਤੀ। ਜਦੋਂ ਪ੍ਰਨੀਤ ਕੌਰ ਨੇ ਹਾਦਸੇ ਦਾ ਸ਼ਿਕਾਰ ਹੋਏ ਪਰਿਵਾਰ ਦੀ ਕਾਰ ਨੂੰ ਖੇਤਾਂ ਵਿੱਚ ਉਲਟਾ ਪਿਆ ਦੇਖ ਕੇ ਕਾਰਨ ਜਾਣਨ ਦੀ ਕੋਸ਼ਿਸ਼ ਕੀਤੀ ਤਾਂ ਪਰਿਵਾਰ ਨੇ ਦੱਸਿਆ ਕਿ ਸੜਕ ਦੇ ਵਿਚਕਾਰ ਪਏ ਡੂੰਘੇ ਟੋਏ ਕਾਰਨ ਕਾਰ ਬੇਕਾਬੂ ਹੋ ਕੇ ਪਲਟ ਗਈ। ਹਾਲਾਂਕਿ ਕਾਰ ਨੂੰ ਕਾਫੀ ਨੁਕਸਾਨ ਪਹੁੰਚਿਆ ਪਰ ਕਾਰ ਵਿਚ ਸਵਾਰ ਮਹਿਲਾ ਸਮੇਤ ਚਾਰੇ ਵਿਅਕਤੀ ਪੂਰੀ ਤਰ੍ਹਾਂ ਸੁਰੱਖਿਅਤ ਬੱਚ ਗਏ॥ ਪ੍ਰਨੀਤ ਕੌਰ ਨੇ ਹਾਦਸੇ ਦਾ ਸ਼ਿਕਾਰ ਹੋਏ ਪਰਿਵਾਰ ਨੂੰ ਹਸਪਤਾਲ ਲਿਜਾਣ ਦੀ ਹੀ ਪੇਸ਼ਕਸ਼ ਕੀਤੀ, ਪਰ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹ ਪੂਰੀ ਤਰ੍ਹਾਂ ਸੁਰੱਖਿਅਤ ਹਨ, ਪਰ ਉਹ ਕਾਰ ਨੂੰ ਲਿਜਾਣ ਲਈ ਰਿਕਵਰੀ ਵੈਨ ਦੀ ਉਡੀਕ ਕਰ ਰਹੇ ਸਨ।

ਹਾਦਸੇ ਦਾ ਸ਼ਿਕਾਰ ਹੋਏ ਪਰਿਵਾਰ ਵਾਲੇ ਇਸ ਗੱਲ ਤੋਂ ਹੈਰਾਨ ਸੀ ਕਿ ਚੋਣ ਪ੍ਰਚਾਰ 'ਚ ਰੁੱਝੇ ਸਾਬਕਾ ਵਿਦੇਸ਼ ਰਾਜ ਮੰਤਰੀ ਨੇ ਆਪਣੀ ਚੋਣ ਪ੍ਰਚਾਰ ਦੀ ਪ੍ਰਵਾਹ ਕੀਤੇ ਬਿਨਾਂ ਤੁਰੰਤ ਹੀ ਹਾਦਸੇ ਦਾ ਸ਼ਿਕਾਰ ਹੋਏ ਪਰਿਵਾਰ ਦੀ ਮਦਦ ਨੂੰ ਜਰੂਰੀ ਸਮਝਿਆ।

## ਭਾਰੀ ਗਰਮੀ ਦੇ ਬਾਵਜੂਦ ਨੌਜਵਾਨਾਂ ਵਲੋਂ ਖ਼ੂਨਦਾਨ ਕਰਨ ਲਈ ਅੱਗੇ ਆਉਣਾ ਸ਼ਲਾਘਾਯੋਗ : ਸੁਰੇਸ਼ ਕੁਮਾਰ



ਨਾਭਾ ਪਾਵਰ ਲਿਮਟਿਡ ਵਲੋਂ ਬਸੰਤਪੁਰਾ ਵਿਖੇ ਲਗਾਏ ਖ਼ੂਨਦਾਨ ਕੈਂਪ ਦੌਰਾਨ ਪਲਾਂਟ ਅਧਿਕਾਰੀ ਖ਼ੂਨਦਾਨੀਆਂ ਦੀ ਹੋਸਲਾ ਅਫਜ਼ਾਈ ਕਰਦੇ ਹੋਏ।

**ਪਟਿਆਲਾ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਨਾਭਾ ਪਾਵਰ ਲਿਮਿਟਿਡ ਵਲੋਂ ਗ੍ਰਾਮ ਪੰਚਾਇਤ ਅਤੇ ਯੂਥ ਕਲੱਬ ਬਸੰਤਪੁਰਾ ਦੇ ਸਹਿਯੋਗ ਨਾਲ ਬਲੱਡ ਬੈਂਕਾਂ ਵਿਚ ਖੂਨ ਦੀ ਭਾਰੀ ਕਮੀ ਨੂੰ ਵੇਖਦਿਆਂ ਨਾਭਾ ਪਾਵਰ ਲਿਮਟਿਡ ਦੇ ਪਲਾਂਟ ਹੈਡ ਸੁਰੇਸ਼ ਕੁਮਾਰ ਨਾਰੰਗ ਦੀ ਯੋਗ ਅਗਵਾਈ ਹੇਠ ਖੂਨਦਾਨ ਕੈਂਪ ਲਗਾਇਆ ਗਿਆ, ਇਸ ਮੌਕੇ ਸ਼੍ਰੀ ਨਾਰੰਗ ਨੇ ਕਿਹਾ ਕਿ ਭਾਰੀ ਗਰਮੀ ਹੋਣ ਦੇ ਬਾਵਜੂਦ ਨੋਜਵਾਨਾ ਵਲੋਂ ਖੂਨਦਾਨ ਕਰਨ ਲਈ ਅੱਗੇ ਆਉਣਾ ਸ਼ਲਾਘਾਯੋਗ ਉਪਰਾਲਾ ਹੈ ਉਹਨਾਂ ਕਿਹਾ ਕਿ ਤੁਹਾਡੇ ਦਿੱਤੇ ਇੱਕ ਯੂਨਿਟ ਖੂਨਦਾਨ ਕਰਨ ਨਾਲ ਚਾਰ ਜ਼ਿੰਦਗੀਆਂ ਬਚ ਸਕਦੀਆਂ ਹਨ, ਉਹਨਾਂ ਕਿਹਾ ਕਿ ਹਰ ਤੰਦਰੁਸਤ ਇਨਸਾਨ ਜਿਸ ਦੀ ਉਮਰ 18 ਸਾਲ ਤੋਂ 65 ਸਾਲ ਹੈਂ ਸ਼ਰੀਰਕ ਭਾਰ 45 ਕਿਲੋ ਤੋਂ ਉਪਰ ਹੈ ਅਤੇ ਖੂਨ ਦੀ ਮਾਤਰਾ 12.5 ਗ੍ਰਾਮ ਤੋਂ ਉਪਰ ਹੈ ਉਹੋ ਵਿਅਕਤੀ ਸਾਲ ਵਿੱਚ ਚਾਰ ਵਾਰ ਖ਼ੂਨਦਾਨ ਕਰ ਸਕਦਾ ਹੈ। ਇਸ ਲਈ ਸਾਨੂੰ ਵੱਧ ਤੋਂ ਵੱਧ ਖ਼ੂਨਦਾਨ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਲਾਈਫ ਲਾਇਨ ਬਲੱਡ ਬੈਂਕ ਵਲੋਂ ਬਲੱਡ ਇੱਕਤਰ ਕੀਤਾ ਗਿਆ , ਇਸ ਮੌਕੇ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਵੱਲੋਂ ਵਲੰਟੀਅਰ ਸਹਿਯੋਗ ਦਿੱਤਾ ਗਿਆ।

## ਨਵਕਿਰਨ ਐਜੂਕੇਸ਼ਨ ਫਾਊਂਡੇਸ਼ਨ ਧੂਰੀ ਵੱਲੋਂ ਬਾਬਾ ਖਾਟੂ ਸ਼ਾਮ ਜੀ ਦਾ ਇੱਕ ਜਾਗਰਨ ਕਰਵਾਇਆ



**ਧੂਰੀ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਨਵਕਿਰਨ ਐਜੂਕੇਸ਼ਨ ਫਾਊਂਡੇਸ਼ਨ ਧੂਰੀ ਵੱਲੋਂ ਬਾਬਾ ਖਾਟੂ ਸ਼ਾਮ ਜੀ ਦਾ ਇੱਕ ਜਾਗਰਨ ਕਰਵਾਇਆ ਗਿਆ ਤੇ ਇਸ ਸੰਸਥਾ ਵਿਦਿਆਰਥੀਆਂ ਨੂੰ ਛੇ ਮਹੀਨੇ ਦਾ ਡਿਪਲੋਮਾ ਕੋਰਸ ਫ੍ਰੀ ਕਰਵਾਇਆ ਗਿਆ ਸੀ ਉਸਦੇ ਸਰਟੀਫਿਕੇਟ ਵੰਡੇ ਗਏ , ਤੇ ਜਿਹਨਾਂ ਵਿਦਿਆਰਥੀਆਂ ਨੇ ਇਸ ਸਮੇਂ ਦੌਰਾਨ ਖੇਤਰਾਂ ਵਿੱਚ ਪੁਜੀਸ਼ਨਾਂ ਹਾਸਿਲ ਕੀਤੀਆਂ ਸਨ ਉਹਨਾਂ ਨੂੰ ਟਰੋਫੀਆਂ ਵੰਡੀਆਂ ਗਈਆਂ। ਸੰਸਥਾ ਵੱਲੋਂ ਧੂਰੀ ਦੇ ਵਿੱਚ ਦੋ ਛੋਟੇ ਛੋਟੇ ਬੱਚੇ ਜੋ ਆਈਟੀ ਕੰਪਨੀ ਓਪਨ ਕਰ ਰਹੇ ਹਨ ਉਹਨਾਂ ਨੂੰ ਵੀ ਟਰੋਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਨਵਕਿਰਨ ਐਜੂਕੇਸ਼ਨ ਵੱਲੋਂ ਉਨਾਂ ਮਹਾਨ ਸ਼ਖਸੀਅਤਾਂ ਦਾ ਜਿਨਾਂ ਨੇ ਇਸ ਸੰਸਥਾ ਦੇ ਵਿੱਚ ਆਪਣਾ ਸਹਿਯੋਗ ਦਿੱਤਾ ਸੀ ਸਨਮਾਨਿਤ ਕੀਤਾ ਗਿਆ ਸੰਸਥਾ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਕੋਈ ਨਾ ਕੋਈ ਕੰਮ ਦੇ ਕੇ ਉਹਨਾਂ ਨੂੰ ਰੋਜ਼ਗਾਰ ਦੇ ਯੋਗ ਬਣਾਉਣਾ ਹੈ ਇਹ ਸੰਸਥਾ ਵੱਲੋਂ ਹਰ ਮਹੀਨੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਜੋਬ ਮੁਹਈਆ ਕਰਵਾਈ ਜਾਂਦੀ ਹੈ ਇਸ ਮਹੀਨੇ ਦੀ ਇਸ ਸੰਸਥਾ ਨੇ ਤਿੰਨ ਵਿਦਿਆਰਥੀਆਂ ਨੂੰ ਜੋਬ ਤੇ ਲਗਾਇਆ। ਸੰਸਥਾ ਵਿਦਿਆਰਥੀਆਂ ਦੀ ਸਕਿਲ ਡਿਵੈਲਪਮੈਂਟ ਰੋਜ਼ਗਾਰ ਅਵੇਅਰਨੈਸ ਹੈਲਥ। ਬਹੁਤ ਸਾਰੇ ਐਕਟੀਵਿਟੀਜ ਤੇ ਕੰਮ ਕਰ ਰਹੇ ਹਨ ਇਸ ਸੰਸਥਾ ਦਾ ਇੱਕੋ ਇੱਕ ਉਦੇਸ਼ ਹੈ ਗਰੀਬ ਲੜਕੀ ,ਔਰਤਾ ਅਤੇ ਵਿਦਿਆਰਥੀਆਂ ਨੂੰ ਉਹਨਾਂ ਦੇ ਪੈਰਾਂ ਤੇ ਖੜਾ ਕਰਨਾ ਤਾਂ ਕਿ ਉਹ ਵੀ ਆਪਣੀ ਜ਼ਿੰਦਗੀ ਵਿੱਚ ਤਰੱਕੀ ਕਰ ਸਕਣ। ਆਉਣ ਵਾਲੇ ਸਮੇਂ ਵਿੱਚ ਇਹ ਸੰਸਥਾ ਵੱਲੋਂ ਹੋਰ ਵੀ ਬਹੁਤ ਸਾਰੇ ਵਿਦਿਆਰਥੀਆਂ ਨੂੰ ਵੱਡੇ ਲੇਵਲ ਤੇ ਸਕਿਲ ਦੇਣ ਦੇ ਪ੍ਰੋਜੈਕਟ ਤੇ ਕੰਮ ਕੀਤਾ ਜਾਵੇਗਾ । ਇਸ ਸੰਸਥਾ ਨੂੰ ਇਸ ਲੈਵਲ ਤੱਕ ਪਹਿਚਾਣ ਵਾਲੇ ਏ.ਪੀ ਸੋਸ਼ਲ ਵੈਕਸ ਦੇ ਵਿਜੇ ਕੁਮਾਰ ਜੀ ਹਨ ਜਿਨਾਂ ਨੇ ਇਸ ਸੰਸਥਾ ਨੂੰ ਇੰਫਰਾਸਟਰਕਚਰ ਪ੍ਰੋਵਾਈਡ ਕੀਤਾ। ਖਾਟੂ ਸ਼ਾਮ ਜੀ ਦਾ ਕੀਰਤਨ ਕਰਵਾਉਣ ਵਿੱਚ ਵਿਸ਼ੇਸ਼ ਯੋਗਦਾਨ ਅਸਵਨੀ ਕੁਮਾਰ ਬਿਮਲ ਜੀ ,ਜਿੰਮੀ ਅਤੇ ਵਿਪਲ ਚੋਪੜਾ ਦਾ ਹੈ । ਵਿਸੇਸ ਸਨਮਾਨਿਤ ਵਿਦਿਆਰਥੀ ਮਾਨਕ, ਸਾਹਿਲ ਪਾਇਲ, ਚਾਹਤ, ਰੀਆ ਖੁਸ਼ੀ ਜਸਵਿੰਦਰ, ਆਦਿ ਅਸਵਨੀ ਕੁਮਾਰ ਜੀ ਵੱਲੋਂ ਪੂਜਾ ਦੀ ਕਰਵਾਈ ਗਈ ਜੋਤ ਦੀ ਭੂਮਿਕਾ ਅੰਮ੍ਰਿਤ ਤੇ ਭੂਸ਼ਣ ਜੀ ਵੱਲੋਂ ਨਿਭਾਈ ਗਈ। ਵਿਪਲ ਅਤੇ ਜਿੰਮੀ ਜੀ ਵੱਲੋਂ ਪੂਜਾ ਦੇ ਹੋਰ ਕੰਮਾਂ ਵਿੱਚ ਮਦਦ ਕੀਤੀ ਗਈ ਪੁਨੀਤ ਗੋਇਲ ਜੀ ਵੱਲੋਂ ਮੁੱਖ ਮਹਿਮਾਨ ਦੇ ਤੌਰ ਤੇ ਆ ਕੇ ਵਿਦਿਆਰਥੀਆਂ ਦੇ ਕੰਮਾਂ ਨੂੰ ਦੇਖਿਆ ਗਿਆ ਅਤੇ ਉਨਾਂ ਨੇ ਉਹਨਾਂ ਦੇ ਕੰਮਾਂ ਦੀ ਬਹੁਤ ਪ੍ਰਸੰਸਾ ਕੀਤੀ ਅਤੇ ਵਿਦਿਆਰਥੀਆਂ ਨੂੰ ਗਾਈਡ ਕੀਤਾ ਕਿ ਉਹ ਟੈਲੀ ਸਿੱਖ ਕੇ ਸਾਡੇ ਕੋਲ ਆਉਣ ਅਸੀਂ ਵੀ ਉਹਨਾਂ ਨੂੰ ਰੋਜ਼ਗਾਰ ਦੇਣ ਦੇ ਵਿੱਚ ਮਦਦ ਕਰਾਂਗੇ। ਇਸ ਉਪਰੰਤ ਪੁਨੀਤ ਗੋਇਲ ਜੀ ਵੱਲੋਂ ਵਿਦਿਆਰਥੀਆਂ ਨੂੰ ਸਰਟੀਫਿਕੇਟ ਤੇ ਟਰੋਫੀਆਂ ਅਤੇ ਹੋਰ ਇਸ ਸੰਸਥਾ ਦੀਆਂ ਮਹਾਨ ਸ਼ਖਸੀਅਤਾਂ ਜੋ ਇਸ ਸੰਸਥਾ ਨੂੰ ਯੋਗਦਾਨ ਦੇ ਰਹੇ ਹਨ ਉਹਨਾਂ ਦਾ ਉਹਨੂੰ ਵੱਲੋਂ ਸਨਮਾਨਿਤ ਕੀਤਾ ਗਿਆ। ਡ. ਬਖਸ਼ੀ ਜੀ ਵੱਲੋਂ ਸਟੇਜ ਸੈਕਟਰੀ ਦੀ ਭੂਮਿਕਾ ਨਿਭਾਈ ਗਈ।

## ਟਾਟਾ ਏਆਈਏ ਲਾਈਫ ਇੰਨਸਟੈਂਟ ਲੋਨ ਵਿੱਚ ਇੱਕ ਮਿੰਟ ਵਿੱਚ ਪਾਲੀਸੀ ਉੱਤੇ ਇੰਸਟੈਂਟ ਲੋਨ

**ਅੰਮ੍ਰਿਤਸਰ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੀ ਪ੍ਰਮੁੱਖ ਬੀਮਾ ਕੰਪਨੀਆਂ ਵਿੱਚ ਇੱਕ, ਟਾਟਾ ਏਆਈਏ ਲਾਈਫ ਇੰਸ਼ੁਰੰਸ (ਟਾਟਾ ਏਆਈਏ) ਨੇ ਤੁਹਾਡੇ ਉਪਭੋਗਤਾਵਾਂ ਲਈ ਇੱਕ ਕ੍ਰਾਂਤੀਕਾਰੀ ਸੇਵਾ ਸ਼ੁਰੂ ਕੀਤੀ ਹੈ। ਟਾਆਈਏ ਕੇ ਪਾਲੀਸੀਟਾਧਾਰਕ ਨੂੰ ਅਚਾਨਕ ਪੈਸਿਆਂ ਦੀ ਲੋੜ ਹੋ ਸਕਦੀ ਹੈ ਤਾਂ ਉਹ ਬਿਨਾਂ ਕਿਸੇ ਕਵਰੇਜ ਨੂੰ ਖੋਏ, ਉਸਦੀ ਪਾਲਿਸੀ ਤੋਂ 1 ਲੱਖ ਰੁਪਏ ਤੱਕ ਦਾ ਇੰਸਟੈਂਟ ਲੋਨ ਪਾ ਸਕਦੇ ਹਨ। ਟਾਟਾ ਏਆਈਏ ਕੇ ਅਟਿਆਧੁਨਿਕ ਮਾਈ ਡਿਜੀਐਕਾਊਂਟ ਬੈਂਕ ਖਾਤੇ ਲਈ ਲੋਨ ਦੀ ਰਕਮ ਮੈਂ 1 ਮਿੰਟ ਦੇ ਅੰਦਰ ਉਪਭੋਗਤਾਵਾਂ ਵਿੱਚ ਜਮ੍ਹਾਂ ਕਰ ਦੀ ਜਾਤੀ ਹੈ। ਲਾਂਚ ਦੇ ਬਾਅਦ ਤੋਂ ਡਿਜੀਟਲ-ਫਰਸਟ ਪਹਿਲ ਵਿੱਚ 500 ਤੋਂ ਵੱਧ ਰਿਕਵੇਸਟਸ, ਇਸ ਪ੍ਰੋਸੈਸ ਨੂੰ ਕਰ ਦਿੱਤਾ ਗਿਆ ਹੈ ਅਤੇ ਨੇੜੇ 5.5 ਕਰੋੜ ਰੁਪਿਆਂ ਨੂੰ ਲੋਨ ਦਿੱਤੇ ਗਏ ਹਨ। ਇਸ ਤਰ੍ਹਾਂ ਤੁਹਾਡੇ ਪਾਲਸੀਧਾਰਕਾਂ ਲਈ ਬਹੁਤ ਵਧੀਆ ਲਿਕਵਿਡਿਟੀ ਹੱਲ ਪੇਸ਼ ਕੀਤਾ ਗਿਆ ਹੈ।

ਇਸ ਮੌਕੇ 'ਤੇ ਟਾਟਾ ਏਆਈਏ ਨੇ ਕਿਹਾ ਕਿ ਕਾਰਜਪ੍ਰਣਾਲੀ ਅਤੇ ਸੁਰੱਖਿਆ ਦੇ ਪ੍ਰਮੁੱਖ, ਸ਼੍ਰੀਮਾਨ ਅਰੋੜਾ ਨੇ, ÷ਅਧਿਕਾਰਕ ਤੋਂ ਧਨ ਦੀ ਜ਼ਰੂਰਤ ਅਤੇ ਕਦੇ ਵੀ ਹੋ ਸਕਦਾ ਹੈ, ਅਜਿਹੀ ਸਥਿਤੀ ਵਿੱਚ ਅਸੀਂ ਕਿਸੇ ਵੀ ਪਿਆਰੇਜਨਾਂ ਦੀ ਵਿੱਤੀ ਸੁਰੱਖਿਆ ਤੋਂ ਸਮਝੌਤਾ ਕਰਦੇ ਹਾਂ। ਸਾਡੇ ਉਪਭੋਗਤਾਵਾਂ ਦੀ ਪ੍ਰਤੀਨਿਧਤਾ ਨੂੰ ਰੇਖਾਂਕਿਤ ਕਰਦਾ ਹੈ, ਉਹ ਕਿਸੇ ਵੀ ਸਥਿਤੀ ਵਿੱਚ ਅਤੇ ਉਸਦੀ ਪਾਲੀ ਬਾਰੇ ਵੀ ਫ਼ਿਕਰ-ਮੁਕਤ ਹੋ ਸਕਦੇ ਹਨ ਸਹੂਲਤ ਪ੍ਰਦਾਨ ਕਰਨ ਵਾਲੀ ਪਹਿਲੀ ਕੰਪਨੀ ਅਸੀਂ।

ਇਸ ਸੁਵਿਧਾ ਵਿੱਚ ਉਪਭੋਗਤਾ ਚੁਣਿੰਦਾ ਜੀਵਨ ਬੀਮਾ ਪਾਲਿਸੀਆਂ ਦੇ ਸਰੈਂਡਰ ਵੈਲੂ ਉੱਤੇ ਉਧਾਰ ਲੈ ਸਕਦੇ ਹਨ। ਬਹੁਤ ਹੀ ਘੱਟ ਦਸਤਾਵੇਜ਼ ਅਤੇ ਕੀਮਤ ਮੁੱਲ ਦਾ ਲਾਭ ਉਠਾਉਂਦੇ ਹੋਏ ਪੂਰੀ ਰਕਮ ਪਾ ਸਕਦੇ ਹੋ।

# ਪੰਜਾਬੀ ਲੋਕਧਾਰਾ ਦੇ ਮੁੱਢਲੇ ਵਿਗਿਆਨੀ



ਜੋਗਿੰਦਰ ਸਿੰਘ ਕੈਰੋਂ (ਡਾ.)
ਮੋਬਾਈਲ : 97804-51372

## ਡਾ.ਵਣਜਾਰਾ ਬੇਦੀ



ਡਾ. ਵਣਜਾਰਾ ਬੇਦੀ ਦਾ ਜਨਮ ਸੁੰਦਰ ਸਿੰਘ ਦੇ ਘਰ ਧਿਆਨ ਕੋਟ ਵਿਚ ਹੋਇਆ। ਜੋ ਕਲਕੱਤੇ ਵਿਖੇ ਨੌਕਰੀ ਕਰਦੇ ਸਨ। ਉਨ੍ਹਾਂ ਦਾ ਜਨਮ 28 ਨਵੰਬਰ, 1924 ਨੂੰ ਹੋਇਆ ਪਰੰਤੂ ਸਰਟੀਫ਼ਿਕੇਟਾਂ ਅਨੁਸਾਰ ਉਨ੍ਹਾਂ ਦਾ ਜਨਮ 1 ਅਪ੍ਰੈਲ, 1925 ਦਰਜ ਹੈ।

ਉਹ ਆਪ ਲਿਖਦੇ ਹਨ ਕਿ 'ਮੈਨੂੰ ਮਾਣ ਹੈ ਗੁਰੂ ਨਾਨਕ ਦੀ ਕੁਲ ਵਿਚ ਜਨਮ ਲੈਣ ਦਾ, ਜੋ ਨਾ ਤਾਂ ਕਿਸੇ ਵਿਸ਼ਨੂੰ ਤੋਂ ਦੇਵ-ਅੰਸ਼ ਲੋਕ ਧਰਤੀ ਉੱਤੇ ਆਏ ਸਨ ਅਤੇ ਨਾ ਹੀ ਕਿਸੇ ਰਾਜੇ ਦੇ ਘਰ ਜਨਮੇ ਸਨ, ਉਹ ਤਾਂ ਲੋਕਾਂ ਵਿੱਚੋਂ ਸਨ ਤੇ ਉਨ੍ਹਾਂ ਵਿੱਚੋਂ ਹੀ ਉਠਕੇ ਮਨੁੱਖ ਤੋਂ ਗੁਰੂ, ਗੁਰੂ ਤੋਂ ਵਾਹਿਗੁਰੂ, ਭਾਵ ਸ੍ਰਿਸ਼ਟੀ ਦੇ ਸਿਰਜਣਹਾਰ ਤੇ ਬ੍ਰਹਿਮੰਡਾਂ ਦੀ ਮੂਲ ਸ਼ਕਤੀ ਬਣ ਗਏ ਸਨ। ਉਨ੍ਹਾਂ ਨੇ ਦੇਵੀ-ਦੇਵਤਿਆਂ ਨੂੰ ਨਹੀਂ, ਮਨੁੱਖ ਨੂੰ ਵਡਿਆਇਆ ਹੈ।'

ਡਾ. ਵਣਜਾਰਾ ਬੇਦੀ ਹੋਰਾਂ ਦੀ ਬਹੁਤੀ ਜਾਣ-ਪਛਾਣ ਦੀ ਲੋੜ ਨਹੀਂ। ਇਕ ਤਾਂ ਇਸ ਕਰਕੇ ਕਿ ਲੋਕ ਧਾਰਾ ਨਾਲ ਸਬੰਧਿਤ ਹਰ ਵਿਅਕਤੀ ਉਨ੍ਹਾਂ ਬਾਰੇ ਜਾਣ ਦਾ ਹੈ। ਦੂਜਾ ਇਸ ਕਰਕੇ ਵੀ ਕਿ ਉਨ੍ਹਾਂ ਨੇ ਆਪਣੀ ਜੀਵਨੀ ਨਾਲ ਸਬੰਧਿਤ ਚਾਰ ਪੁਸਤਕਾਂ ਸਵੈ-ਜੀਵਨੀ ਦੇ ਰੂਪ ਵਿਚ, ਅੱਧੀ ਮਿੱਟੀ ਅੱਧਾ ਸੋਨਾ (1979), ਮੇਰੇ ਰਾਹਾਂ ਦੇ ਰੰਗ (1982), ਮੇਰਾ ਨਾਨਕਾ ਪਿੰਡ (1984), ਗਲੀਏ ਚਿੱਕੜ ਦੂਰਿ ਘਰੁ (1985) ਛਪਵਾਈਆਂ ਹਨ।

ਇਨ੍ਹਾਂ ਪੁਸਤਕਾਂ ਵਿਚ ਉਨ੍ਹਾਂ ਨੇ ਆਪਣੀ ਜੀਵਨੀ ਨਾਲ ਸਬੰਧਿਤ ਵੇਰਵਿਆਂ ਨੂੰ ਬੜੀ ਬਾਰੀਕੀ ਅਤੇ ਵਿਸ਼ਾਲਤਾ ਨਾਲ ਪੇਸ਼ ਕੀਤਾ ਹੈ। ਫਿਰ ਵੀ ਇਸ ਪੁਸਤਕ ਦੀ ਲੋੜ ਮੁਤਾਬਕ ਅਸੀਂ ਉਨ੍ਹਾਂ ਬਾਰੇ ਸੰਖੇਪ ਜਾਣਕਾਰੀ ਦੇਣਾ ਜ਼ਰੂਰੀ ਸਮਝਦੇ ਹਾਂ। ਭਾਵੇਂ ਇਹ ਜਾਣਕਾਰੀ ਵੀ ਉਨ੍ਹਾਂ ਵੱਲੋਂ ਦਿੱਤੀ ਜਾਣਕਾਰੀ ਉੱਪਰ ਹੀ ਆਧਾਰਤ ਹੈ।

ਡਾ.ਵਣਜਾਰਾ ਬੇਦੀ ਨੂੰ ਬਚਪਨ ਵਿਚ ਹੀ ਲੋਕ-ਕਹਾਣੀਆਂ ਸੁਣਨ ਦਾ ਅਤੇ ਰਾਸ ਲੀਲਾ ਜਾਂ ਨਟ-ਨਟੀ ਦੇ ਤਮਾਸ਼ੇ ਵੇਖਣ ਦਾ ਬਹੁਤ ਸ਼ੌਕ ਸੀ। ਡਾ.ਵਣਜਾਰਾ ਬੇਦੀ ਦਾ ਕੰਮ ਤਕਰੀਬਨ ਲੋਕਧਾਰਾ ਦੀਆਂ ਸਾਰੀਆਂ ਵੰਨਗੀਆਂ ਉੱਪਰ ਮਿਲਦਾ ਹੈ ਪਰੰਤੂ ਉਨ੍ਹਾਂ ਦੇ ਸਾਰੇ ਕਾਰਜ ਉੱਪਰ ਧਿਆਨ ਮਾਰਿਆ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਲੋਕ-ਕਹਾਣੀਆਂ ਉੱਪਰ ਉਨ੍ਹਾਂ ਦਾ ਕਾਰਜ ਬੜਾ ਵਿਗਿਆਨਕ ਅਤੇ ਇਤਿਹਾਸਕ ਭਾਂਤ ਦਾ ਹੈ। ਉਨ੍ਹਾਂ ਨੇ ਜਿੱਥੇ ਪੰਜਾਬ ਦੀਆਂ ਬਹੁਤ ਸਾਰੀਆਂ ਲੋਕ ਕਹਾਣੀਆਂ ਨੂੰ ਇਕੱਤਰ ਕਰਨ ਅਤੇ ਪਰਿਭਾਸ਼ਤ ਕਰਨ ਵਿਚ ਯੋਗਦਾਨ ਪਾਇਆ ਹੈ ਉੱਥੇ ਉਨ੍ਹਾਂ ਨੇ ਲੋਕ ਕਹਾਣੀਆਂ ਦੀ ਵਰਗ ਵੰਡੀ ਕੀਤੀ ਹੈ।

ਡਾ.ਵਣਜਾਰਾ ਬੇਦੀ ਦੀ ਲੋਕਧਾਰਾਈ ਸ਼ਾਸਤਰੀ ਵਜੋਂ ਉਨ੍ਹਾਂ ਦੀ ਸੂਝ ਦੀ ਦਾਦ ਦੇਣੀ ਬਣਦੀ ਹੈ ਕਿ ਉਨ੍ਹਾਂ ਨੇ ਲੋਕ ਸਾਹਿਤ ਦੀ ਜਿਹੜੀ ਵੰਨਗੀ ਜਾਂ ਰੂਪ ਜਿਸ ਪਾਸੋਂ ਵੀ ਸੁਣਿਆ ਉਸ ਦਾ ਵੇਰਵਾ ਜ਼ਰੂਰ ਦਿੱਤਾ ਹੈ। ਡਾ. ਵਣਜਾਰਾ ਬੇਦੀ ਸਰੀਰਕ ਤੌਰ 'ਤੇ ਭਾਵੇ ਸਾਡੇ ਤੋਂ ਵਿਛੜ ਗਏ ਹਨ ਪਰੰਤੂ ਉਹ ਆਪਣੇ ਲੋਕਧਾਰਾ ਦੇ ਮਹਾਨ ਕਾਰਜ ਕਰਕੇ ਸਦਾ ਹੀ ਸਾਡੀ ਯਾਦ ਵਿਚ ਬਣੇ ਰਹਿਣਗੇ। •

## ਡਾ.ਮਹਿੰਦਰ ਸਿੰਘ ਰੰਧਾਵਾ



ਡਾ. ਮਹਿੰਦਰ ਸਿੰਘ ਰੰਧਾਵਾ ਦਾ ਜਨਮ ਸਤੰਬਰ 1908 ਨੂੰ ਆਪਣੇ ਭਰਾ ਰਾਜਿੰਦਰ ਸਿੰਘ ਦੇ ਨਾਲ ਹੀ ਸ਼ੇਰ ਸਿੰਘ ਤਹਿਸੀਲਦਾਰ ਦੇ ਘਰ ਹੋਇਆ। ਇੰਜ ਮਹਿੰਦਰ ਸਿੰਘ ਅਤੇ ਰਾਜਿੰਦਰ ਸਿੰਘ ਦੋਵੇਂ ਜੌੜੇ ਭਰਾ ਸਨ। ਕੁਝ ਦੇਰ ਇਹ ਆਪਣੇ ਜੱਦੀ ਪਿੰਡ ਹੀ ਰਹੇ ਪ੍ਰੰਤੂ ਇਨ੍ਹਾਂ ਦੇ ਪਿਤਾ ਸ਼ੇਰ ਸਿੰਘ, ਜਿਹੜੇ ਕਿ ਉਸ ਸਮੇਂ ਤਹਿਸੀਲਦਾਰ ਸਨ, ਦੀ ਬਦਲੀ ਜਦ ਕਰਤਾਰਪੁਰ ਹੋ ਗਈ ਤਾਂ ਇਹ ਦੋਵੇਂ ਭਰਾ ਵੀ ਉਨ੍ਹਾਂ ਦੇ ਨਾਲ ਹੀ ਕਰਤਾਰਪੁਰ ਆ ਗਏ। ਜਿੱਥੇ ਦੋਹਾਂ ਭਰਾਵਾਂ ਨੂੰ ਗੌਰਮਿੰਟ ਹਾਈ ਸਕੂਲ ਵਿਚ ਦਾਖ਼ਲ ਕਰਵਾ ਦਿੱਤਾ ਗਿਆ।

1946 ਤੋਂ 1948 ਤਕ ਆਪ ਦਿੱਲੀ ਦੇ ਡਿਪਟੀ ਕਮਿਸ਼ਨਰ ਰਹੇ। ਅਕਤੂਬਰ, 1948 ਨੂੰ ਉਹ ਪੰਜਾਬ ਪਰਤ ਆਏ ਅਤੇ ਅੰਬਾਲੇ ਦੇ ਡਿਪਟੀ ਕਮਿਸ਼ਨਰ ਨਿਯੁਕਤ ਹੋਏ। ਇੱਥੇ ਆਪਣੇ ਪਾਕਿਸਤਾਨੀ ਪੰਜਾਬ ਤੋਂ ਉਜੜ ਕੇ ਆਏ ਸ਼ਰਨਾਰਥੀਆਂ ਦੇ ਵਸੇਬੇ ਲਈ ਬੜਾ ਕੰਮ ਕੀਤਾ। ਉਸ ਤੋਂ ਬਾਅਦ ਆਪ ਪੰਜਾਬ ਦੇ ਵਿਕਾਸ ਕਮਿਸ਼ਨਰ ਲੱਗ ਗਏ। ਉਨ੍ਹਾਂ ਨੇ ਆਪਣੀਆਂ ਕਈ ਸਕੀਮਾਂ ਨਾਲ ਪੰਜਾਬ ਨੂੰ ਵਿਕਾਸ ਦੇ ਰਾਹ ਪਾਇਆ। ਇਸੇ ਸਮੇਂ ਹੀ ਆਪ ਦੀ ਮੁਲਾਕਾਤ ਪਰਤਾਪ ਸਿੰਘ ਕੈਰੋਂ ਨਾਲ ਹੋਈ। ਆਪ ਦੀ ਸੂਝ ਅਤੇ ਮਿਹਨਤ ਨੇ ਸ. ਕੈਰੋਂ ਉੱਪਰ ਬੜਾ ਚੰਗਾ ਪ੍ਰਭਾਵ ਪਾਇਆ ਅਤੇ ਜਦ ਪਰਤਾਪ ਸਿੰਘ ਕੈਰੋਂ ਪੰਜਾਬ ਦੇ ਮੁੱਖ ਮੰਤਰੀ ਬਣੇ ਤਾਂ ਉਨ੍ਹਾਂ ਨੇ ਇਨ੍ਹਾਂ ਨੂੰ ਮਹੱਤਵਪੂਰਨ ਅਹੁਦਿਆਂ ਉੱਪਰ ਲਗਾ ਕੇ ਚੰਗੇ-ਚੰਗੇ ਕੰਮ ਕਰਵਾਏ। ਇਹੋ ਸਮਾਂ ਸੀ ਜਦ ਉਨ੍ਹਾਂ ਨੇ ਪੰਜਾਬ, ਹਰਿਆਣਾ, ਕਾਂਗੜਾ ਤੇ ਕੁੱਲੂ ਦੇ ਲੋਕ-ਗੀਤ ਇਕੱਠੇ ਕਰਨ ਦਾ ਮਨ ਬਣਾਇਆ। 'ਕੁੱਲੂ ਦੇ ਲੋਕ ਗੀਤ' ਡਾ. ਰੰਧਾਵਾ ਨੇ ਨਵੰਬਰ 1955 ਵਿਚ ਪ੍ਰਕਾਸ਼ਿਤ ਕਰਵਾਈ। ਇਸ ਪੁਸਤਕ ਦਾ ਪੈਟਰਨ ਵੀ ਉਨ੍ਹਾਂ ਨੇ 'ਕਾਂਗੜੇ ਦੇ ਲੋਕ-ਗੀਤ' ਪੁਸਤਕ ਵਰਗਾ ਹੀ ਰੱਖਿਆ। 'ਹਰਿਆਣੇ ਦੇ ਲੋਕ-ਗੀਤ' ਉਨ੍ਹਾਂ ਦੀ ਇਕ ਹੋਰ ਪੁਸਤਕ ਹੈ। ਇਹ ਪੁਸਤਕ ਵੀ ਇਸੇ ਸਮੇਂ ਹੀ ਪ੍ਰਕਾਸ਼ਿਤ ਹੋਈ ਲੱਗਦੀ ਹੈ। ਇਸ ਪੁਸਤਕ ਨੂੰ ਵੀ ਪਹਿਲੀਆਂ ਪੁਸਤਕਾਂ ਦੀ ਵਿਧੀ ਵਾਂਗ ਹੀ ਤਿਆਰ ਕੀਤਾ ਗਿਆ ਹੈ। 1960 ਵਿਚ ਹੀ 'ਪੰਜਾਬ' ਨਾਂ ਦੀ ਪੁਸਤਕ, ਜਿਸ ਦੇ ਮੁੱਖ ਸੰਪਾਦਕ ਡਾ. ਮਹਿੰਦਰ ਸਿੰਘ ਰੰਧਾਵਾ ਸਨ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵੱਲੋਂ ਪ੍ਰਕਾਸ਼ਿਤ ਕੀਤੀ ਗਈ। ਇਹ ਪੁਸਤਕ ਪ੍ਰਤਾਪ ਸਿੰਘ ਕੈਰੋਂ ਦੀ ਸਰਕਾਰ ਸਮੇਂ ਉਨ੍ਹਾਂ ਦੀ ਯੋਗ ਅਗਵਾਈ ਵਿਚ ਛਾਪੀ ਗਈ। 1963 ਵਿਚ ਇਨ੍ਹਾਂ ਨੇ 'ਕਾਂਗੜਾ ਕਲਾ, ਲੋਕ ਤੇ ਗੀਤ' ਨਾਂ ਦੀ ਪੁਸਤਕ ਸਾਹਿਤ ਅਕਾਦਮੀ ਦਿੱਲੀ ਤੋਂ ਪ੍ਰਕਾਸ਼ਿਤ ਕਰਵਾਈ।

ਸਮੁੱਚੇ ਰੂਪ ਵਿਚ ਡਾ.ਮਹਿੰਦਰ ਸਿੰਘ ਰੰਧਾਵਾ ਦੀ ਪੰਜਾਬੀ ਲੋਕਧਾਰਾ ਦੀ ਦੇਣ ਨੂੰ ਨਕਾਰਿਆ ਨਹੀ 'ਜਾ ਸਕਦਾ। ਉਨ੍ਹਾਂ ਨੇ ਵੱਡੇ ਪੰਜਾਬ ਦੇ ਬਹੁਤ ਸਾਰੇ ਹਿੱਸਿਆਂ ਨਾਲ ਸੰਬੰਧਿਤ ਲੋਕ-ਗੀਤਾਂ ਨੂੰ ਇਕੱਤਰ ਵੀ ਕੀਤਾ ਅਤੇ ਇਨ੍ਹਾਂ ਲੋਕ-ਗੀਤਾਂ ਦੇ ਸੰਗ੍ਰਹਿਆਂ ਦੇ ਮੁੱਢਲੇ ਪੰਨਿਆਂ ਵਿਚ ਲੋਕ-ਗੀਤਾਂ ਨੂੰ ਪਰਿਭਾਸ਼ਤ ਕਰਨ ਦਾ ਯਤਨ ਵੀ ਕੀਤਾ। ਉਨ੍ਹਾਂ ਦੀ ਇਹ ਵੀ ਖ਼ੂਬੀ ਰਹੀ ਕਿ ਉਨ੍ਹਾਂ ਨੇ ਇਨ੍ਹਾਂ ਲੋਕ-ਗੀਤਾਂ ਨੂੰ ਅਪਾਣੇ ਢੰਗ ਨਾਲ ਵਰਗੀ ਕ੍ਰਿਤ ਵੀ ਕੀਤਾ। •

## ਦੇਵਿੰਦਰ ਸਤਿਆਰਥੀ

*ਸਾਹਿਤ ਜਗਤ ਵਿਚ ਕਿੰਨੇ ਹੀ ਮਾਣ ਸਨਮਾਨ ਆਏ ਤੇ ਗਏ। ਉਸ ਨੇ ਮਾਨਤਾ ਲਈ ਕਿਸੇ ਅੱਗੇ ਵੀ ਹੱਥ ਨਹੀਂ ਅੱਡੇ। ਸਾਰੀ ਉਮਰ ਕੇਵਲ ਇਕ ਹੀ ਭੀਖ ਮੰਗੀ ਹੈ ਤੇ ਉਹ ਹੈ ਗੀਤਾਂ ਦੀ...*



ਦੇਵਿੰਦਰ ਸਤਿਆਰਥੀ ਦੇ ਪਿਤਾ ਜੀ ਨਹਿਰ ਦੇ ਮਹਿਕਮੇ ਦੀ ਠੇਕੇਦਾਰੀ ਕਰ ਦੇ ਸਨ ਅਤੇ ਉਹ ਆਪਣੇ ਇਸ ਫਿਰਤੂ ਮੁੰਡੇ ਨੂੰ ਵੀ ਠੇਕੇਦਾਰੀ ਵਿਚ ਲਾਉਣਾ ਚਾਹੁੰਦੇ ਸਨ। ਪ੍ਰੰਤੂ ਉਨ੍ਹਾਂ ਦੀ ਮਾਂ ਨੂੰ ਤਾਂ ਕਿਸੇ ਜੋਤਸ਼ੀ ਨੇ ਇਨ੍ਹਾਂ ਦੇ ਬਚਪਨ ਵਿਚ ਹੀ ਦੱਸ ਦਿੱਤਾ ਸੀ, 'ਤੇਰੇ ਪੁੱਤਰ ਦੇ ਪੈਰਾਂ ਵਿਚ ਚੱਕਰ ਏ, ਉਹ ਕਿਤੇ ਇਕ ਥਾਂ ਟਿਕ ਨਹੀਂ ਸਕੇਗਾ। ਪੈਰਾਂ ਦਾ ਚੱਕਰ ਬੜਾ ਪ੍ਰਬਲ ਹੁੰਦਾ ਹੈ ਤੇ ਜਿਸ ਦੇ ਪੈਰਾਂ ਵਿਚ ਕੁਦਰਤ ਚੱਕਰ ਪਾ ਦੇਵੇ, ਉਹ ਇਕ ਉਡਾਰੂ ਪੰਖੇਰੂ ਬਣ ਜਾਂਦਾ ਹੈ। ਉਹ ਉੱਡਦਾ ਹੈ ਦੂਰ-ਦੂਰ।'ਜਦੋਂ ਪਹਿਲੀ ਵਾਰ ਉਹ ਥਾਂ-ਥਾਂ ਦੀ ਮੁਸਾਫ਼ਰੀ ਪਿੱਛੋਂ ਢਾਈ ਤਿੰਨ ਸਾਲ ਬਾਅਦ ਖ਼ਾਨਾ ਬਦੋਸ਼ਾਂ ਦੀ ਜ਼ਿੰਦਗੀ ਗੁਜ਼ਾਰ ਕੇ ਘਰ ਮੁੜਿਆ ਤਾਂ ਘਰ ਵਾਲਿਆਂ ਨੇ ਇਹ ਸੋਚ ਕੇ ਉਸ ਦਾ ਵਿਆਹ ਕਰ ਦਿੱਤਾ ਕਿ ਘਰ-ਪਿਆਰ ਦੀ ਡੋਰ ਨਾਲ ਇਹ ਘਰ ਵਿਚ ਬੱਝ ਜਾਵੇਗਾ ਅਤੇ ਨਿੱਤ ਦੀ ਖ਼ਾਨਾ-ਬਦੋਸ਼ੀ ਤੋਂ ਮੂੰਹ ਮੋੜ ਲਵੇਗਾ।

ਦੇਵਿੰਦਰ ਸਤਿਆਰਥੀ ਨੂੰ ਲੋਕ ਗੀਤ ਇਕੱਤਰ ਕਰਨ ਦਾ ਖ਼ਿਆਲ 1924 ਵਿਚ ਆਇਆ। ਉਨ੍ਹਾਂ ਦਾ ਇਹ ਸ਼ੌਕ ਏਨਾ ਵੱਧ ਗਿਆ ਕਿ 1927 ਵਿਚ ਕਾਲਜ ਦੀ ਪੜ੍ਹਾਈ ਵਿੱਚੇ ਛੱਡ ਕੇ ਲੋਕ-ਗੀਤ ਇਕੱਠੇ ਕਰਨ ਨਿਕਲ ਤੁਰੇ। ਵਿਆਹ ਤੋਂ ਬਾਅਦ ਇਨ੍ਹਾਂ ਨੇ ਆਪਣੇ ਪਿਤਾ ਕੋਲੋਂ ਕੁਝ ਦੇਰ ਆਪਣੀ ਪਤਨੀ ਨਾਲ ਲਾਹੌਰ ਰਹਿਣ ਦੀ ਇਜਾਜ਼ਤ ਲੈ ਲਈ। ਲਾਹੌਰ ਵੀ ਉਹ ਆਪਣੀ ਪਤਨੀ ਨੂੰ ਵਿਛੋੜੇ ਦਾ ਉਹ ਗੀਤ ਸੁਣਾਉਣ ਲਈ ਜ਼ੋਰ ਦੇਂਦੇ ਰਹੇ, ਜਿਹੜਾ ਪਹਿਲੀ ਵਾਰ ਸਹੁਰੇ ਗਿਆਂ ਉਨ੍ਹਾਂ ਨੇ ਕੁੜੀਆਂ ਨੂੰ ਗਾਉਂਦਿਆਂ ਸੁਣਿਆ ਸੀ। ਗਾਉਣ ਵਾਲੀਆਂ ਕੁੜੀਆਂ ਵਿਚ ਉਹ ਦੀ ਵਹੁਟੀ ਰਾਣੋ ਵੀ ਸੀ। ਜਿਸ ਨੂੰ ਉਹ, ਉਹ ਗੀਤ ਸੁਣਾਉਣ ਲਈ ਕਹਿੰਦੇ, ਜਿਹੜਾ ਉਨ੍ਹਾਂ ਨੇ ਕੁੜੀਆਂ ਨਾਲ ਰਲਕੇ ਗਾਇਆ ਸੀ :

*ਦੀਵਾ ਬਲੇ ਸਾਰੀ ਰਾਤ*
*ਮੇਰਿਆ ਬਾਲਮਾ*
*ਬੱਤੀਆਂ ਬਣਾ ਰੱਖਦੀ।*

ਅਜੇ ਉਨ੍ਹਾਂ ਨੇ ਕੁਝ ਮਹੀਨੇ ਹੀ ਆਪਣੀ ਨਵ-ਵਿਆਹੀ ਵਹੁਟੀ ਨਾਲ ਗੁਜ਼ਾਰੇ ਸਨ ਕਿ ਮਨ ਵਿਚ ਮੁੜ ਪਹਾੜੀ ਪਿੰਡਾਂ ਦੇ ਗੀਤ ਗੂੰਜਣ ਲੱਗ ਪਏ। ਉਨ੍ਹਾਂ ਨੂੰ ਇੰਜ ਲੱਗਦਾ ਜਿਵੇਂ ਉਹ ਲੋਕ-ਗੀਤ ਉਨ੍ਹਾਂ ਨੂੰ ਦਰਦ-ਭਰੀਆਂ ਆਵਾਜ਼ਾਂ ਮਾਰ ਰਹੇ ਹੋਣ। ਉਹ ਆਪਣੀ ਘਰਵਾਲੀ ਨੂੰ ਵੀ ਆਪਣੇ ਸਫ਼ਰਾਂ ਦੀ ਹਮਸਫ਼ਰ ਬਣਾਉਣਾ ਚਾਹੁੰਦੇ ਸਨ, ਪਰੰਤੂ ਪਰਿਵਾਰਕ ਮਾਹੌਲ ਇਹ ਇਜਾਜ਼ਤ ਨਹੀਂ ਸੀ ਦੇਂਦਾ। ਇਕ ਦਿਨ ਜਦੋਂ ਉਨ੍ਹਾਂ ਨੇ ਘਰੋਂ ਚੋਰੀ ਭੱਜਣ ਦਾ ਮਨ ਬਣਾ ਲਿਆ ਸੀ । ਭੱਜਣ ਤੋਂ ਦੋ-ਤਿੰਨ ਘੰਟੇ ਪਹਿਲਾਂ ਉਨ੍ਹਾਂ ਸੁਣਿਆ ਰਾਣੋ ਲੋਕ-ਗੀਤ ਦੇ ਇਹ ਬੋਲ ਗੁਣਗੁਣਾ ਰਹੀ ਸੀ :

*ਜੇ ਉਠ ਚਲਿਓਂ ਚਾਕਰੀ*
*ਨੀਲੇ ਘੋੜੇ ਵਾਲਿਆ*
*ਸਾਨੂੰ ਬੋਝੇ ਪਾ*
*ਜਿੱਥੇ ਆਵੇ ਰਾਤੜੀ*
*ਸਾਨੂੰ ਕੱਢ ਕਲੇਜੜੇ ਲਈਂ ਲਾ।*

ਲੋਕ ਗੀਤਾਂ ਦੀ ਹੂਕ ਨੂੰ ਇਹ ਦਰਦੀਲਾ ਗੀਤ ਵੀ ਰੋਕ ਨਾ ਸਕਿਆ ਅਤੇ ਲੋਕ-ਗੀਤਾਂ ਦਾ ਇਹ ਵਣਜਾਰਾ ਘਰ ਤੋਂ ਭੱਜ ਕੇ ਡਲਹੌਜ਼ੀ ਦੇ ਪਿੰਡਾਂ ਵਿਚ ਪਹੁੰਚ ਗਿਆ, ਉੱਥੇ ਚੰਬੇ ਦੇ ਗੱਦੀ ਭੇਡਾਂ ਚਰਾਉਂਦੇ ਲੋਕ ਗੀਤ ਗਾਉਂਦੇ ਸਨ। ਧਰਮਸ਼ਾਲਾ ਅਤੇ ਪਾਲਮ ਪੁਰ ਦੀ ਸੈਰ ਵੀ ਉਨ੍ਹਾਂ ਲਈ ਬੜੀ ਸੁਆਦਲੀ ਰਹੀ।' ਫਿਰਦੇ-ਫਿਰਾਉਂਦੇ ਉਹ ਮੰਡੀ ਹੁੰਦੇ ਹੋਏ ਕੁੱਲੂ ਪਹੁੰਚ ਗਏ, ਇੱਥੇ ਉਹ ਲਿਖਣ ਦੇ ਨਾਲ-ਨਾਲ ਫ਼ੋਟੋਗ੍ਰਾਫ ਦਾ ਸ਼ੌਕ ਵੀ ਪੂਰਾ ਕਰਦੇ ਰਹੇ। ਕੁੱਲੂ ਤੋਂ ਪੈਦਲ ਹੀ ਉਹ ਸ਼ਿਮਲੇ ਪਹੁੰਚ ਗਏ। ਕੁਝ ਦਿਨ ਉੱਥੇ ਰਹਿਕੇ ਉਹ ਸਿੱਧੇ ਸ਼ਾਂਤੀ ਨਿਕੇਤਨ ਜਾ ਪਹੁੰਚੇ ਅਤੇ ਉਸ ਤੋਂ ਬਾਅਦ ਸਿੱਧੇ ਆਸਾਮ ਚਲੇ ਗਏ। ਇਨਸਾਨ ਵਜੋਂ ਸਤਿਆਰਥੀ ਹਰ ਪਹਿਲੂ ਤੋਂ ਰੱਜਿਆ ਪੁੱਜਿਆ ਹੈ।

ਸਾਹਿਤ ਜਗਤ ਵਿਚ ਕਿਨੇ ਹੀ ਮਾਣ ਸਨਮਾਨ ਆਏ ਤੇ ਗਏ। ਉਸ ਨੇ ਮਾਨਤਾ ਲਈ ਕਿਸੇ ਅੱਗੇ ਵੀ ਹੱਥ ਨਹੀਂ ਅੱਡੇ। ਸਾਰੀ ਉਮਰ ਕੇਵਲ ਇਕ ਹੀ ਭੀਖ ਮੰਗੀ ਹੈ ਤੇ ਉਹ ਹੈ ਸਰੋਤਿਆਂ ਦੀ। ਉਸ ਨੂੰ ਹਰ ਤਰ੍ਹਾਂ ਦਾ ਸਰੋਤਾ ਪ੍ਰਵਾਨ ਹੈ। ਉਹ ਘੋੜੇ ਨੂੰ ਕਥਾ ਸੁਣਾ ਸਕਦਾ ਹੈ ਤੇ ਪੌਦੇ ਨੂੰ ਕਵਿਤਾ। ਦੇਵਿੰਦਰ ਸਤਿਆਰਥੀ ਭਾਵੇਂ ਸਰੀਰਕ ਤੌਰ 'ਤੇ ਸਾਡੇ ਵਿਚ ਨਹੀਂ ਰਹੇ ਪਰੰਤੂ ਉਨ੍ਹਾਂ ਦੀ ਹੋਂਦ ਲੋਕ-ਗੀਤਾਂ ਦੇ ਰੂਪ ਵਿਚ ਹਮੇਸ਼ਾਂ ਲਈ ਸਾਡੀ ਰੂਹ ਨੂੰ ਸਰਸ਼ਾਰ ਕਰਦੀ ਰਹੇਗੀ। ਪੰਜਾਬੀ ਲੋਕਧਾਰਾ ਨੂੰ ਸਤਿਆਰਥੀ ਵਰਗੇ ਮਹਾਨ ਸਪੂਤ ਉੱਪਰ ਹਮੇਸ਼ਾਂ ਮਾਣ ਰਹੇਗਾ। •

## ਗਿਆਨੀ ਗੁਰਦਿੱਤ ਸਿੰਘ



ਗਿਆਨੀ ਗੁਰਦਿੱਤ ਸਿੰਘ ਦਾ ਜਨਮ 24 ਫਰਵਰੀ 1923 ਨੂੰ ਮਲੇਰਕੋਟਲਾ ਦੀ ਰਿਆਸਤ ਦੇ ਪਿੰਡ ਮਿੱਠੇਵਾਲ ਵਿਚ ਹੋਇਆ। ਗਿਆਨੀ ਹੋਰਾਂ ਨੇ ਆਪਣੇ ਪਿੰਡ ਮਿੱਠੇਵਾਲ ਨੂੰ 'ਮੇਰਾ ਪਿੰਡ' ਪੁਸਤਕ ਰਾਹੀ 'ਪੰਜਾਬੀ ਇਤਿਹਾਸ ਅਤੇ ਸਾਹਿਤ ਵਿਚ ਸਦਾ ਲਈ ਅਮਰ ਕਰ ਦਿੱਤਾ ਹੈ।

ਆਪ ਜੀ ਨੇ 1945 ਵਿਚ ਪੰਜਾਬ ਯੂਨੀਵਰਸਿਟੀ, ਲਾਹੌਰ ਤੋਂ ਗਿਆਨੀ ਦੀ ਡਿਗਰੀ ਹਾਸਲ ਕੀਤੀ। ਗਿਆਨੀ ਕਰਨ ਤੋਂ ਦੋ ਸਾਲ ਬਾਅਦ ਹੀ ਆਪ ਪੱਤਰਕਾਰੀ ਦੇ ਖੇਤਰ ਵਿਚ ਆ ਗਏ। ਗਿਆਨੀ ਗੁਰਦਿੱਤ ਸਿੰਘਜੀ ਅੰਦਰ ਸੱਭਿਆਚਾਰ ਅਤੇ ਲੋਕਧਾਰਾ ਪ੍ਰਤੀ ਮੋਹ ਤਾਂ ਭਾਵੇ ਪਹਿਲਾਂ ਹੀ ਸੀ। ਪਰ 'ਮੇਰਾ ਪਿੰਡ' ਪੁਸਤਕ ਜਿਸ ਵਿਚ ਉਨ੍ਹਾਂ ਨੇ ਆਪਣੇ ਪਿੰਡ ਨੂੰ ਆਧਾਰ ਬਣਾ ਕੇ ਪੰਜਾਬ ਦੇ ਸਾਰੇ ਪਿੰਡਾਂ ਦਾ ਮੂੰਹ-ਮੁਹਾਂਦਰਾ ਉਲੀਕ ਦਿੱਤਾ। ਇਸ ਵਿੱਚੋਂ ਪੰਜਾਬ ਦੇ ਸਾਰੇ ਪਿੰਡਾਂ ਦੇ ਦਰਸ਼ਨ ਹੋ ਜਾਂਦੇ ਹਨ। ਇਹ ਪੁਸਤਕ 1961 ਵਿਚ ਪਹਿਲੀ ਵਾਰ ਛਪੀ ਤੇ ਬਹੁਤ ਮਕਬੂਲ ਹੋਈ। ਇਸ ਕਿਤਾਬ ਵਿਚ ਉਨ੍ਹਾਂ ਪੇਂਡੂ ਜੀਵਨ ਦੀ ਝਲਕ ਪੇਸ਼ ਕੀਤੀ ਹੈ। ਮੇਰਾ ਪਿੰਡ ਨੂੰ ਪੰਜਾਬ ਦੀ ਸੱਭਿਆਚਾਰਕ ਵਿਰਾਸਤ ਦਾ ਕੋਸ਼ ਕਿਹਾ ਜਾ ਸਕਦਾ ਹੈ। ਇਸ ਦੀ ਬੋਲੀ, ਸ਼ੈਲੀ ਨਿਵੇਕਲੀ ਹੈ ਅਤੇ ਇਹ ਪੇਂਡੂ ਲੋਕਾਂ ਦੀਆਂ ਮਨੌਤਾਂ, ਆਰਥਿਕ ਤੰਗੀਆਂ, ਵਹਿਮਾਂ-ਭਰਮਾਂ ਤੇ ਲੋਪ ਹੋ ਰਹੇ ਪੱਖਾਂ ਦੀ ਰੌਚਿਕ ਪਰ ਪ੍ਰਮਾਣਿਕ ਪੇਸ਼ਕਾਰੀ ਹੈ।

ਪੱਤਰਕਾਰੀ ਦੇ ਖੇਤਰ ਵਿਚ ਵੀ ਆਪ ਜੀ ਦਾ ਵਿਸ਼ੇਸ਼ ਯੋਗਦਾਨ ਹੈ। 1947 ਵਿਚ ਉਨ੍ਹਾਂ ਨੇ ਪਟਿਆਲੇ ਤੋਂ 'ਪ੍ਰਕਾਸ਼' ਨਾਮ ਦਾ ਅਖ਼ਬਾਰ ਸ਼ੁਰੂ ਕੀਤਾ ਜਿਹੜਾ 1961 ਤਕ ਰੋਜ਼ਾਨਾ ਅਖ਼ਬਾਰ ਵੱਜੋਂ ਛਪਦਾ ਰਿਹਾ ਅਤੇ ਉਸ ਤੋਂ ਬਾਅਦ 1978 ਤਕ ਸਪਤਾਹਿਕ ਪੱਤ੍ਰਿਕਾ ਦੇ ਰੂਪ ਵਿਚ ਪ੍ਰਕਾਸ਼ਿਤ ਹੁੰਦਾ ਰਿਹਾ। ਉਨ੍ਹਾਂ ਨੇ ਇਕ ਸਾਹਿਤਕ ਮੈਗਜ਼ੀਨ 'ਜੀਵਨ ਸੰਦੇਸ਼' 1953 ਵਿਚ ਸੰਪਾਦਿਤ ਕਰਨਾ ਸ਼ੁਰੂ ਕੀਤਾ। ਉਨ੍ਹਾਂ ਦਾ ਸਬੰਧ 'ਸਿੰਘ ਸਭਾ ਪੱਤ੍ਰਿਕਾ' ਨਾਲ ਵੀ ਰਿਹਾ ਜਿਹੜਾ ਕਿ ਅੰਮ੍ਰਿਤਸਰ, ਦਿੱਲੀ ਅਤੇ ਚੰਡੀਗੜ੍ਹ ਤੋਂ ਪ੍ਰਕਾਸ਼ਿਤ ਹੁੰਦਾ ਰਿਹਾ ਹੈ। •

*ਗਿਆਨੀ ਗੁਰਦਿੱਤ ਸਿੰਘ ਸਾਹਿਤਕਾਰ, ਪੱਤਰਕਾਰ, ਗੁਰਬਾਣੀ ਵਿਦਵਾਨ ਅਤੇ ਲੋਕਧਾਰਾ ਸ਼ਾਸਤਰੀ ਸਨ। ਉਹ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੇ ਖੋਜਕਾਰ ਦੇ ਵਿਸ਼ਾਲ ਕਾਰਜ ਵਿਚ ਸਾਰੀ ਉਮਰ ਲੱਗੇ ਰਹੇ...*

## ਡਾ.ਕਰਨੈਲ ਸਿੰਘ ਥਿੰਦ



ਡਾ. ਕਰਨੈਲ ਸਿੰਘ ਥਿੰਦ ਦਾ ਜਨਮ ਪਾਕਿਸਤਾਨੀ ਪੰਜਾਬ, ਜ਼ਿਲ੍ਹਾ ਲਾਇਲਪੁਰ ਦੇ ਚੱਕ ਨੰਬਰ 288 ਜੇਬੀ ਵਿਚ 12 ਅਪ੍ਰੈਲ, 1929 ਨੂੰ ਕਿਸਾਨ ਘਰਾਣੇ ਵਿਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਭਾਨ ਸਿੰਘ ਥਿੰਦ ਅਤੇ ਮਾਤਾ ਦਾ ਨਾਂ ਅਨੰਦ ਕੌਰ ਸੀ।

1953 ਵਿਚ ਖ਼ਾਲਸਾ ਕਾਲਜ, ਅੰਮ੍ਰਿਤਸਰ ਤੋਂ ਐਮਏ ਪੰਜਾਬੀ ਦੀ ਡਿਗਰੀ ਹਾਸਲ ਕਰਕੇ ਜਨਵਰੀ 1955 ਤੋਂ ਖ਼ਾਲਸਾ ਕਾਲਜ, ਅੰਮ੍ਰਿਤਸਰ ਪੜ੍ਹਾਉਣਾ ਸ਼ੁਰੂ ਕੀਤਾ। 1962 ਤੋਂ ਬੀਏ ਵਿਚ ਖ਼ਾਲਸਾ ਕਾਲਜ ਵਿਚ ਹੀ ਮੈਂ ਥਿੰਦ ਸਾਹਿਬ ਦਾ ਵਿਦਿਆਰਥੀ ਰਿਹਾ ਸੀ। ਡਾ. ਥਿੰਦ ਹੋਰਾਂ 1971 ਵਿਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਲੋਕਧਾਰਾ ਵਿਚ ਡਾਕਟ੍ਰੇਟ ਦੀ ਡਿਗਰੀ ਪ੍ਰਾਪਤ ਕੀਤੀ। ਉਨ੍ਹਾਂ ਨੇ ਗਾਈਡ ਡਾ. ਤਾਰਨ ਸਿੰਘ ਸਨ। 1973 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਵਿਭਾਗ ਵਿਚ ਬਤੌਰ ਰੀਡਰ ਨਿਯੁਕਤ ਹੋਏ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਸਮੇਂ-ਸਮੇਂ ਪੰਜਾਬੀ ਅਧਿਐਨ ਸਕੂਲ ਦੇ ਪ੍ਰੋਫ਼ੈਸਰ ਤੇ ਮੁਖੀ ਅਤੇ ਰਜਿਸਟਰਾਰ ਦੇ ਤੌਰ 'ਤੇ ਕੰਮ ਕਰ ਦੇ ਰਹੇ। 1989 ਵਿਚ ਯੂਨੀਵਰਸਿਟੀ ਤੋਂ ਰਿਟਾਇਰ ਹੋ ਕੇ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁਕ ਬੋਰਡ ਦੇ ਡਾਇਰੈਕਟਰ ਲੱਗ ਗਏ। ਡਾ.ਕਰਨੈਲ ਸਿੰਘ ਥਿੰਦ ਜਿੱਥੇ ਵੱਖ ਵੱਖ ਯੂਨੀਵਰਸਿਟੀਆਂ ਨਾਲ ਬਤੌਰ ਮੈਂਬਰ ਸਿੰਡੀਕੇਟ, ਸੈਨੇਟ ਮੈਂਬਰ, ਅਕਾਦਮਿਕ ਕੌਂਸਲ ਮੈਂਬਰ, ਚੈਅਰਮੇਨ ਪੰਜਾਬੀ ਬੋਰਡ ਅਤੇ ਡੀਨ ਭਾਸ਼ਾ ਫ਼ੈਕਲਟੀ ਵਜੋਂ ਜੁੜੇ ਰਹੇ ਹਨ ਅਤੇ ਪੰਜਾਬੀ ਸਾਹਿਤ ਅਕਾਦਮੀ ਦੇ ਜੀਵਨ ਮੈਂਬਰ ਹਨ।

1973 ਵਿਚ ਡਾ. ਕਰਨੈਲ ਸਿੰਘ ਥਿੰਦ ਦੀ ਪੁਸਤਕ 'ਲੋਕਯਾਨ ਤੇ ਮੱਧਕਾਲੀਨ ਪੰਜਾਬੀ ਸਾਹਿਤ' ਛੱਪੀ। ਪਹਿਲੀ ਵਾਰ ਇਸ ਪੁਸਤਕ ਵਿਚ ਲੋਕਧਾਰਾ/ ਲੋਕਯਾਨ ਨੂੰ ਪਰਿਭਾਸ਼ਤ ਕਰਨ ਅਤੇ ਇਸ ਦੀਆਂ ਵੰਨਗੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਦਾ ਖੇਤਰ ਨਿਸ਼ਚਿੱਤ ਕਰਨ ਦਾ ਯਤਨ ਕੀਤਾ ਗਿਆ।

'ਪੰਜਾਬ ਦਾ ਲੋਕ ਵਿਰਸਾ' (ਭਾਗਦੂਜਾ), ਪੰਜਾਬੀ ਯੂਨੀਵਰਸਿਟੀ ਦੁਆਰਾ ਪ੍ਰਕਾਸ਼ਿਤ ਹੋ ਚੁੱਕਾ ਹੈ। ਲੋਕਯਾਨ ਤੋਂ ਇਲਾਵਾ ਡਾ. ਥਿੰਦ ਹੋਰਾਂ ਦੀ ਵਿਸ਼ੇਸ਼ਤਾ ਦਾ ਦੂਜਾ ਖੇਤਰ ਪਾਕਿਸਤਾਨ ਵਿਚ ਰਚਿਆ ਗਿਆ ਪੰਜਾਬੀ ਸਾਹਿਤ ਹੈ। ਇਸ ਸਬੰਧ ਵਿਚ ਪੰਜਾਬੀ ਯੂਨੀਵਰਸਿਟੀ ਦੁਆਰਾ ਉਨ੍ਹਾਂ ਦੀ ਹੁਣੇ ਹੁਣੇ ਛਪੀ ਪੁਸਤਕ 'ਪਾਕਿਸਤਾਨੀ ਪੰਜਾਬੀ ਸਾਹਿਤ ਦਾ ਸੰਖੇਪ ਜਾਇਜ਼ਾ' ਖ਼ਾਸ ਵਰਨਣ ਯੋਗ ਹੈ।

ਇਸ ਪੁਸਤਕ ਦਾ ਪਹਿਲਾ ਅਧਿਆਇ ਪਾਕਿਸਤਾਨ ਵਿਚ ਪੰਜਾਬੀ ਭਾਸ਼ਾ ਦੀ ਸਥਿਤੀ ਨਾਲ ਸਬੰਧਿਤ ਹੈ ਅਤੇ ਅੰਤਲਾ ਲੇਖ ਪਾਕਿਸਤਾਨੀ ਮੂਲ ਦੇ ਬਦੇਸ਼ਾਂ ਵਿਚ ਰਹਿੰਦੇ ਪੰਜਾਬੀ ਲੋਕਾਂ ਬਾਰੇ ਜਾਣਕਾਰੀ ਦੇਂਦਾ ਹੈ। •

## ਸੁਖਦੇਵ ਮਾਦਪੁਰੀ



ਪੁਨੀਤ ਕੌਰ
ਮੋਬਾਈਲ : 90562-18720

*ਮਾਦਪੁਰੀ ਬਚਪਨ ਤੋਂ ਹੀ ਲੋਕ ਸਾਹਿਤ ਨਾਲ ਜੁੜੇ ਹੋਏ ਸਨ ਜਾਂ ਕਹੋ ਉਨ੍ਹਾਂ ਨੂੰ ਗੁੜ੍ਹਤੀ ਹੀ ਲੋਕ ਸਾਹਿਤ ਦੀ ਮਿਲੀ। ਬੇਬੇ ਵਲੋਂ ਗਾਏ ਜਾਂਦੇ ਲੰਬੇ ਗੀਤ ਉਸ ਦੇ ਦਿਲ ਨੂੰ ਧੂ ਪਾਉਂਦੇ ਸਨ...*



ਸੁਖਦੇਵ ਮਾਦਪੁਰੀ ਦਾ ਜਨਮ 12 ਜੂਨ 1935 ਨੂੰ ਜ਼ਿਲ੍ਹਾ ਲੁਧਿਆਣਾ ਦੀ ਤਹਿਸੀਲ ਸਮਰਾਲਾ ਦੇ ਪਿੰਡ ਮਾਦਪੁਰ, ਦਇਆ ਸਿੰਘ ਦੇ ਘਰ ਮਾਤਾ ਸੁਰਜੀਤ ਕੌਰ ਦੇ ਉਦਰੋਂ ਹੋਇਆ। ਦੋਨੋਂ ਅਨਪੜ੍ਹ ਸਨ ਪਰ ਮਿਹਨਤੀ, ਸਿਰੜੀ, ਸੂਝਵਾਨ ਅਤੇ ਸਬਰ ਸੰਤੋਖ ਵਾਲ ਸਨ। ਪਛੜਿਆ ਹੋਇਆ ਇਲਾਕਾ ਹੋਣ ਕਰਕੇ ਪਿੰਡ ਵੀ ਸੁਖ ਸਹੂਲਤਾਂ ਤੋਂ ਬਾਂਝਾ ਸੀ। ਹਰ ਪਾਸੇ ਅਨਪੜ੍ਹਤਾ ਦਾ ਪਸਾਰਾ। ਬਹੁਤੇ ਲੋਕਾਂ ਵਾਂਗ ਉਸ ਦਾ ਪਰਿਵਾਰ ਵੀ ਖੇਤੀਬਾੜੀ ਤੇ ਨਿਰਭਰ ਸੀ। ਪਰ ਬੇਬੇ ਨੇ ਅਮਦਾਦੀ ਪ੍ਰਾਇਮਰੀ ਸਕੂਲ ਮਾਦਪੁਰ ਵਿਖੇ ਉਸ ਨੂੰ ਦਾਖ਼ਲ ਕਰਵਾ ਦਿੱਤਾ। ਉਸ ਦਾ ਪੜ੍ਹਾਈ ਦਾ ਮਾਧਿਅਮ ਉਰਦੂ ਸੀ। ਖ਼ਾਲਸਾ ਹਾਈ ਜਸਪਾਲੋਂ ਤੋਂ ਦਸਵੀਂ ਪਾਸ ਕੀਤੀ। ਪੜ੍ਹਾਈ ਦੇ ਨਾਲ-ਨਾਲ ਬਾਪੂ ਨਾਲ ਖੇਤੀ ਦੇ ਕੰਮ 'ਚ ਹੱਥ ਵਟਾਉਂਦਾ, ਹਰ ਕੰਮ ਨੂੰ ਬੜੀ ਲਗਨ ਨਾਲ ਕਰਦਾ ਰਿਹਾ ਉਹ।

ਸੁਖਦੇਵ ਮਾਦਪੁਰੀ 1954 'ਚ ਜੀਬੀਟੀ ਕਰ ਕੇ ਪ੍ਰਾਇਮਰੀ ਅਧਿਆਪਕ ਲੱਗ ਗਏ। ਇੱਥੇ ਉਨ੍ਹਾਂ ਸਕੂਲ ਦੇ ਬੱਚਿਆਂ ਲਈ ਬਾਲ ਸਾਹਿਤ ਦਾ ਸਿਰਜਣ ਸ਼ੁਰੂ ਕਰ ਦਿੱਤਾ। ਲੁਧਿਆਣੇ ਤੋਂ ਲਾਹੌਰ ਬੁੱਕ ਸ਼ਾਪ ਵੱਲੋਂ ਬੱਚਿਆਂ ਵਾਸਤੇ 'ਬਾਲ ਦਰਬਾਰ' ਨਾਂ ਦਾ ਰਸਾਲਾ ਪ੍ਰਕਾਸ਼ਿਤ ਹੁੰਦਾ ਸੀ। ਅਜਾਇਬ ਚਿੱਤਰਕਾਰ ਇਸ ਦੇ ਸੰਪਾਦਕ ਸਨ। ਜਿਨ੍ਹਾਂ ਨੇ ਉਸ ਪਾਸੋਂ ਬਹੁਤ ਸਾਰੀਆਂ ਕਹਾਣੀਆਂ ਤੇ ਲੇਖ ਲਿਖਵਾਏ। ਉਸ ਸਮੇਂ ਨਵਤੇਜ ਸਿੰਘ 'ਬਾਲ ਸੰਦੇਸ਼' ਦੇ ਸੰਪਾਦਕ ਸਨ ਜਿਨ੍ਹਾਂ ਨੇ ਵੀ ਬਾਲ ਸਾਹਿਤ ਲਿਖਣ ਲਈ ਉਸ ਨੂੰ ਪ੍ਰੇਰਿਆ।

ਉਹ ਬਚਪਨ ਤੋਂ ਹੀ ਲੋਕ ਸਾਹਿਤ ਨਾਲ ਜੁੜਿਆਂ ਹੋਇਆ ਸੀ ਜਾਂ ਕਹੋ ਗੁੜ੍ਹਤੀ ਹੀ ਲੋਕ ਸਾਹਿਤ ਦੀ ਮਿਲੀ। ਬੇਬੇ ਅਕਸਰ ਚੱਕੀ ਪੀਹਦਿਆਂ ਤੇ ਚਰਖਾ ਕੱਤਦਿਆਂ ਲੰਬੇ ਗੀਤ ਗਾਉਂਦੀ ਰਹਿੰਦੀ ਸੀ। ਇਹ ਗੀਤ ਉਸ ਦੇ ਦਿਲ ਨੂੰ ਧੂ ਪਾਉਂਦੇ, ਜੋ ਸੁਤੇ-ਸਿੱਧ ਉਸ ਦੇ ਮਨ ਮਸਤਕ ਵਿਚ ਵਸ ਗਏ। ਬਾਪੂ ਨੂੰ ਬਹੁਤ ਸਾਰੀਆਂ ਕਲੀਆਂ ਅਤੇ ਦੋਹੇ ਯਾਦ ਸਨ, ਉਹ ਖੇਤਾਂ ਵਿਚ ਕੰਮ ਕਰਦਿਆਂ ਲੰਬੀਆਂ ਹੇਕਾਂ ਲਾ ਕੇ ਗਾਉਂਦਾ ਹੁੰਦਾ ਸੀ। ਇਸ ਤਰ੍ਹਾਂ ਉਸ ਦੀ ਅੰਤਰ-ਆਤਮਾ ਨੇ ਲੋਕ ਗੀਤਾਂ ਨੂੰ ਇਕੱਠਾ ਕਰਨ ਲਈ ਪ੍ਰੇਰਿਆ। ਹੁਣ ਵੀ ਜਿੱਥੇ-ਕਿਤੇ ਪਤਾ ਲੱਗਦਾ ਬੇਬੇ, ਮਾਈ ਜਾਂ ਕਿਸੇ ਮੁਟਿਆਰ ਪਾਸੋਂ ਗੀਤ, ਕਹਾਣੀਆਂ ਸੁਣ ਕੇ ਉਹ ਲਿਖ ਲੈਂਦਾ ਹੈ। ਜੇ ਇਸ ਤਰ੍ਹਾਂ ਵੀ ਕਹਿ ਲਈਏ ਕਿ ਪੰਜਾਬੀ ਸੱਭਿਆਚਾਰ ਦੇ ਲੋਪ ਹੋ ਰਹੇ ਤੱਤਾਂ, ਲੋਕ ਬੁਝਾਰਤਾਂ, ਲੋਕ ਕਹਾਣੀਆਂ, ਲੋਕ ਗੀਤ, ਬਾਲ ਗੀਤ, ਲੋਕ ਨਾਚਾਂ ਆਦਿ ਨੂੰ ਉਸ ਨੇ ਆਪਣੀਆਂ ਪੁਸਤਕਾਂ ਵਿਚ ਸਾਂਭਣ ਦਾ ਯਤਨ ਕੀਤਾ ਹੈ ਤਾਂ ਗਲਤ ਨਹੀ ਹੋਵੇਗਾ। ਉਨ੍ਹਾਂ ਦਾ ਪਹਿਲਾ ਸੰਗ੍ਰਹਿ 'ਲੋਕ ਬੁਝਾਰਤਾਂ' 1956 ਵਿਚ ਛਪਿਆ। ਇਸ ਮਗਰੋਂ ਅਗਲਾ ਸੰਗ੍ਰਹਿ 'ਪੰਜਾਬੀ ਬੁਝਾਰਤਾਂ' ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ 1979 ਵਿਚ ਪ੍ਰਕਾਸ਼ਿਤ ਕੀਤਾ। 'ਪੰਜਾਬੀ ਸਭਿਆਚਾਰ ਦੀ ਆਰਸੀ' ਉਸ ਦੀ ਇਕ ਅਜਿਹੀ ਰਚਨਾ ਹੈ, ਜਿਸ ਵਿਚ ਪੰਜਾਬੀ ਸਭਿਆਚਾਰ ਅਤੇ ਲੋਕ ਵਿਰਸੇ ਦੇ ਭਿੰਨ-ਭਿੰਨ ਅੰਗਾਂ ਬਾਰੇ ਲੋੜੀਂਦੀ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਪੰਜਾਬੀਆਂ ਦੇ ਮਨੋਰੰਜਨ ਦੇ ਸਾਧਨਾਂ, ਲੋਕ ਸਾਹਿਤ ਦੇ ਵਿਭਿੰਨ ਰੂਪਾਂ, ਮੇਲਿਆਂ, ਲੋਕ ਨਾਚਾਂ, ਤਿਉਹਾਰਾਂ ਅਤੇ ਰਸਮਾਂ ਰਿਵਾਜਾਂ ਬਾਰੇ ਪਾਠਕ ਇਸ ਰਚਨਾ ਦੁਆਰਾ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। 'ਮਹਾਨ ਸੁਤੰਤਰਤਾ ਸੰਗਰਾਮੀ ਸਤਿਗੁਰੂ ਰਾਮ ਸਿੰਘ' ਦੀ ਜੀਵਨੀ ਪੰਜਾਬ ਸਰਕਾਰ ਨੇ ਉਨ੍ਹਾਂ ਤੋਂ ਲਿਖਵਾਈ ਤੇ ਇਕ ਨਾਟਕ 'ਪ੍ਰਾਇਆ ਧਨ' ਜੋ ਇਸਤਰੀ ਸਭਾ ਦੁਆਰਾ ਲਿਖਵਾਇਆ ਗਿਆ ਤੇ ਇਹ ਖੇਡਿਆ ਵੀ ਗਿਆ ਸੀ। ਇਸ ਨਾਟਕ ਔਰਤਾਂ ਦੇ ਹੱਕਾਂ ਲਈ ਲਿਖਿਆ ਗਿਆ ਸੀ। ਜਿਸ ਦਾ ਵਿਸ਼ਾ ਔਰਤਾਂ ਨੂੰ ਜਾਇਦਾਦ ਵਿੱਚੋਂ ਹੱਕ ਮਿਲਣਾ ਬਾਰੇ ਸੀ। ਮਾਲਵੇ ਵਿਚ ਕਲੀਆਂ ਲਾਉਣ ਦਾ ਬਹੁਤ ਰਿਵਾਜ ਰਿਹਾ ਹੈ, ਕਲੀਆਂ ਦਾ ਅਜੇ ਤਕ ਕੋਈ ਸੰਗ੍ਰਹਿ ਨਹੀਂ ਛਪਿਆ। ਲੋਕ ਦੋਹੇ ਅਤੇ ਮਾਹੀਆ ਕਾਵਿ ਰੂਪ ਵੀ ਵਿਖਰਿਆ ਪਿਆ ਹੈ। 'ਕੱਲਰ ਦੀਵਾ ਮੱਚਦਾ' ਪੁਸਤਕ ਵਿਚ ਉਸ ਨੇ ਦੋਹੇ ਅਤੇ ਮਾਹੀਆ ਕਾਵਿ ਰੂਪ ਨੂੰ ਸਾਂਭਣ ਦਾ ਯਤਨ ਕੀਤਾ ਹੈ। ਲੋਕ ਦੋਹੇ ਪੰਜਾਬੀ ਲੋਕ ਸਾਹਿਤ ਦੇ ਅਨਮੋਲ ਮੋਤੀ ਹਨ। ਜਿਨ੍ਹਾਂ ਵਿਚ ਪੰਜਾਬ ਦੀ ਸਦਾਚਾਰਕ, ਦਾਰਸ਼ਨਿਕ ਅਤੇ ਰੁਮਾਂਚਕ ਜ਼ਿੰਦਗੀ ਧੜਕਦੀ ਹੈ। ਲੋਕ ਦੋਹੇ ਵਾਂਗ ਹੀ 'ਮਾਹੀਆ' ਪੰਜਾਬੀ ਦਾ ਹਰਮਨ ਪਿਆਰਾ ਛੋਟੇ ਆਕਾਰ ਦਾ ਕਾਵਿ ਰੂਪ ਹੈ, ਜੋ ਪੰਜਾਬ ਦੀਆਂ ਸਾਰੀਆਂ ਉਪਭਾਸ਼ਾਵਾਂ ਵਿਚ ਰਚਿਆ ਮਿਲਦਾ ਹੈ।ਲੋਕ ਗਾਥਾਵਾਂ ਵਿਚ ਮੱਧਕਾਲ ਦੇ ਕਿੱਸਿਆਂ, ਵਾਰਾਂ ਤੇ ਜੰਗਨਾਮਿਆਂ ਦੇ ਬਿਰਤਾਂਤਕ-ਕਾਵਿ ਰਾਂਹੀ ਪੰਜਾਬੀ ਲੋਕ ਮਾਨਸ ਵਿਚ ਵਸੇ ਲੋਕ ਨਾਇਕਾਂ ਨੂੰ ਪਹਿਲੀ ਵਾਰ ਕਵਿਤਾ ਤੋਂ ਵਾਰਤਕ ਵਿਚ ਪੇਸ਼ ਕਰ ਕੇ ਇਕ ਵਿਲੱਖਣ ਕਾਰਜ ਕੀਤਾ ਹੈ। 'ਪੰਜਾਬ ਦੀਆਂ ਵਿਰਾਸਤੀ ਖੇਡਾਂ' ਪੁਸਤਕ 'ਚ ਸੁਖਦੇਵ ਮਾਦਪੁਰੀ ਦਾ ਇਕ ਹੋਰ ਸ਼ਲਾਘਾਯੋਗ ਕਾਰਜ ਹੈ। ਪੇਂਡੂ ਜੀਵਨ ਵਿੱਚੋਂ ਲੋਪ ਹੋ ਰਹੀਆਂ 77 ਵਿਰਾਸਤੀ ਖੇਡਾਂ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ ਹੈ। ਖੇਡਾਂ ਨਾਲ ਸੰਬੰਧਿਤ ਸ਼ਬਦਾਵਲੀ, ਖੇਡ ਕਾਰਜ ਵਿਧੀ ਅਤੇ ਸਭਿਆਚਾਰਕ ਮੁੱਲ-ਮਹੱਤਵ ਨੂੰ ਉਜਾਗਰ ਕੀਤਾ ਗਿਆ ਹੈ।

ਇਸ ਤਰ੍ਹਾਂ ਸਪੱਸ਼ਟ ਹੈ ਕਿ ਸੁਖਦੇਵ ਮਾਦਪੁਰੀ ਲੋਕਧਾਰਾ ਦੇ ਉਨ੍ਹਾਂ ਪੱਖਾਂ ਦਾ ਅਧਿਐਨ ਕਰਦੇ ਹਨ, ਜਿਨ੍ਹਾਂ ਤੇ ਸਾਨੂੰ ਹੁਣ ਤਕ ਬਹੁਤ ਘੱਟ ਕਾਰਜ ਹੋਇਆ ਮਿਲਦਾ ਹੈ। ਜਿਵੇਂ ਲੋਕ ਬੁਝਾਰਤਾਂ, ਲੋਕ ਖੇਡਾਂ, ਲੋਕ ਅਖਾਣ, ਲੋਕ ਗਾਥਾਵਾਂ ਆਦਿ। ਇਹ ਲੋਕ ਸਾਹਿਤ ਮਾਲਵਾ ਖੇਤਰ ਵਿਚ ਅਗਰਸਰ ਲੋਕਧਾਰਾ ਦੀ ਅਮੀਰ ਪਰੰਪਰਾ, ਸੱਭਿਆਚਾਰ ਅਤੇ ਲੋਕ ਮਾਨਸ ਦੀ ਤਰਜ਼ਮਾਨੀ ਕਰਦਾ ਹੈ। ਸੁਖਦੇਵ ਮਾਦਪੁਰੀ ਨੇ ਇਹ ਲੋਕਧਾਰਾਈ ਸਮੱਗਰੀ ਨੂੰ ਇਕੱਤਰ, ਸੰਪਾਦਿਤ ਤੇ ਅਧਿਐਨ ਕਰ ਕੇ ਲੋਕਧਾਰਾ ਵਿਚ ਵਡਮੁੱਲਾ ਯੋਗਦਾਨ ਪਾਇਆ। ਜਿਹੜਾ ਕਾਰਜ ਉਸ ਨੂੰ ਲੋਕਧਾਰਾ ਸ਼ਾਸਤਰੀ ਚਿੰਤਕ ਵਜੋਂ ਸਥਾਪਿਤ ਕਰਦਾ ਹੈ। ਮਾਦਪੁਰੀ ਦੀਆਂ ਰਚਨਾਵਾਂ ਦੀ ਖਾਸੀਅਤ ਇਹ ਹੈ ਕਿ ਉਸ ਨੇ ਲੋਕ ਸਾਹਿਤ ਨੂੰ ਜਿਵੇਂ ਲੋਕਾਂ ਕੋਲੋਂ ਸੁਣਿਆਂ ਉਸ ਨੂੰ ਉਸੇ ਤਰ੍ਹਾਂ ਲੋਕ ਭਾਸ਼ਾ ਵਿਚ ਕਲਮਬੱਧ ਕੀਤਾ। ਜੋ ਪ੍ਰਮਾਣਿਕਤਾ ਦੇ ਆਧਾਰ ਦਾ ਪ੍ਰਮਾਣ ਹੈ। •

## ਗ਼ਜ਼ਲ





ਗੋਡੇ ਗੋਡੇ ਧੁੱਪ ਚੜ੍ਹੀ ਹੈ।
ਕਿਉਂ ਕਰ ਨੈਣੀ ਨੀਂਦ ਅੜੀ ਹੈ।

ਅੱਖਾਂ ਬਦਲੇ ਸੁਪਨੇ ਦੇਵੋ,
ਸ਼ਾਸਕ ਨੀਤੀ ਇਝ ਘੜੀ ਹੈ।

ਗੂੜ੍ਹੀ ਨੀਂਦਰ ਸ਼ਾਇਰ ਨ ਲੋਚਣ,
ਇਕ ਝਪਕੀ ਪਲ ਝੱਟ ਬੜੀ ਹੈ।

ਕਿੰਜ ਸ਼ਹੀਦੀ ਪਾਈ ਜਾਂਦੀ,
ਖ਼ੁਦ ਜਾਮਨ ਸਰਹਿੰਦ ਗੜ੍ਹੀ ਹੈ।

ਹੁਸਨ ਸਮੂਰਤ, ਸੁੰਦਰ ਸੂਰਤ,
ਅੱਲ੍ਹੜ ਕਾਦਰ ਆਪ ਘੜੀ ਹੈ।

ਜਾਬਰ ਆਖੇ ਸੀਸ ਝੁਕਾਓ,
ਨਾਬਰ ਪੱਲੇ ਅਣਖ ਬੜੀ ਹੈ।

ਪੱਥਰ 'ਚੋਂ ਭਗਵਾਨ ਦੀ ਮੂਰਤ,
ਕਿਰਤੀ ਸੰਦਾਂ ਨਾਲ ਘੜੀ ਹੈ।

ਨੈਣ ਨਿਰਾਸੇ, ਦੀਦ ਹਿਰਾਸੇ,
ਚੀਕ ਲਬਾਂ 'ਤੇ ਆਣ ਖੜ੍ਹੀ ਹੈ।

ਉਸ ਨੂੰ ਕੌਣ ਮਿਟਾ ਸਕਦਾ ਹੈ,
ਮੱਥੇ ਪੱਕੀ ਸੋਚ ਜੜੀ ਹੈ।

ਮਾਣ ਕਰੋਂ ਹਥਿਆਰਾਂ ਦਾ ਤੂੰ,
ਅਪਣੇ ਹੱਥੀਂ ਕਲਮ ਫੜੀ ਹੈ।

ਰਾਜਾ ! ਤੇਰੇ ਜਬਰ ਦੀ ਨਿਸਬਤ,
ਸਾਡੀ ਧੌਣ 'ਚ ਵੱਧ ਤੜ੍ਹੀ ਹੈ।

ਪੁੱਠੇ ਕਾਰੇ, ਬੰਦਾ ਕਰਦਾ,
ਸੂਲ਼ੀ ਸਾਰੀ ਧਰਤ ਚੜ੍ਹੀ ਹੈ।

ਅੱਟਣ ਵਾਲੇ ਹੱਥਾਂ 'ਸੂਫ਼ੀ',
ਅਪਣੀ ਕਿਸਮਤ ਆਪ ਘੜੀ ਹੈ।

• ਅਮਰ 'ਸੂਫ਼ੀ',
ਮੋਬਾਈਲ : 98555 43660

## ਕਵਿਤਾ



ਉਹ ਕੁੜੀ ਮੇਰੀ ਜਾਂ ਵਰਗੀ ਸੀ
ਆਉਂਦੇ ਜਾਂਦੇ ਸਾਹ ਵਰਗੀ ਸੀ।

ਪੌਣਾਂ ਵਿਚ ਰਸ ਘੋਲਦੀ
ਜਦ ਵੀ ਮੂੰਹੋਂ ਬੋਲਦੀ
ਸੋਹਣੀ ਆਪਣੇ ਨਾਂ ਵਰਗੀ ਸੀ।
ਆਉਂਦੇ ਜਾਂਦੇ ...

ਕਲੋਲ ਵੱਟਾਂ 'ਤੇ ਕਰਦੀ ਸੀ
ਪੱਬ ਪੋਲੇ-ਪੋਲੇ ਧਰਦੀ ਸੀ
ਠੰਢੀ-ਠੰਢੀ ਵਾਅ ਵਰਗੀ ਸੀ।
ਆਉਂਦੇ ਜਾਂਦੇ ...

ਗੁੱਸਾ ਰਤਾ ਨਾ ਕਰਦੀ ਸੀ
ਕਦੇਂ ਕਦਾਈ ਲੜਦੀ ਸੀ
ਨਾ ਨਾ ਉਹ ਦੀ ਹਾਂ ਵਰਗੀ ਸੀ।
ਆਉਂਦੇ ਜਾਂਦੇ ...

ਮਾੜਾ ਨਾ ਉਹ ਚਾਹੁੰਦੀ ਸੀ
ਗਲਤ ਗੱਲ ਤੇ ਸਮਝਾਉਂਦੀ ਸੀ
ਲੱਗਦੀ ਮੈਨੂੰ ਮਾਂ ਵਰਗੀ ਸੀ।
ਆਉਂਦੇ ਜਾਂਦੇ ...

ਬੜਾ ਹੀ ਯਾਦ ਆਉਂਦੀ ਆ
ਖ਼ੋਰੇ ਕਿੱਥੇ ਖੋ ਗਈ ਆ
ਮੇਰੀ ਸੱਜੀ ਬਾਂਹ ਵਰਗੀ ਸੀ
ਆਉਂਦੇ ਜਾਂਦੇ ..

• ਕਮਲ ਸੇਖੋਂ

## ਗੀਤ



ਨਾ ਵੱਢੀਏ , ਨਾ ਕੱਟੀਏ ਸੋਹਣੇ ਰੁੱਖਾਂ ਨੂੰ
'ਵਾਜ਼ ਮਾਰ ਕੇ ਨਾ ਬੁਲਾਈਏ ਦੁੱਖਾਂ ਨੂੰ
ਨਾ ਵੱਢੀਏ , ਨਾ ਕੱਟੀਏ ਸੋਹਣੇ ਰੁੱਖਾਂ ਨੂੰ...।

ਪੀ ਲੈਂਦੇ ਇਹ ਧੂੰਏ ਵਰਗੀਆਂ ਜ਼ਹਿਰਾਂ ਨੂੰ
ਰੱਖਦੇ ਸੋਹਣਾ ਸਾਫ਼ ਇਹ ਪਿੰਡਾਂ ਸ਼ਹਿਰਾਂ ਨੂੰ
ਦਿੰਦੇ ਸੋਹਣਾ ਵਾਤਾਵਰਨ ਮਨੁੱਖਾਂ ਨੂੰ
ਨਾ ਵੱਢੀਏ ,ਨਾ ਕੱਟੀਏ ਸੋਹਣੇ ਰੁੱਖਾਂ ...।

ਧੁੱਪ, ਗਰਮੀ ਵਿਚ ਦਿੰਦੇ ਮੀਂਹ ਤੇ ਛਾਵਾਂ ਨੇ
ਬਣ ਕੇ ਮਿੱਤਰ ਵੰਡਦੇ ਸੀਤ ਹਵਾਵਾਂ ਨੇ
ਦਿੰਦੇ ਹਾਸੇ, ਖੇੜੇ ਸਾਡੇ ਮੁੱਖਾਂ ਨੂੰ
ਨਾ ਵੱਢੀਏ, ਨਾ ਕੱਟੀਏ ਸੋਹਣੇ ਰੁੱਖਾਂ ਨੂੰ...।

ਰੁੱਖਾਂ ਬਾਝੋਂ ਸਾਉਣ ਮਹੀਨਾ ਸੁੱਕ ਜਾਣਾ
ਤੀਆਂ, ਗਿੱਧੇ,ਪੀਘਾਂ, ਤ੍ਰਿੰਝਣ, ਮੁੱਕ ਜਾਣਾ
ਹੱਥੀ ਮਾਰ-ਮੁਕਾਈਏ ਨਾ ਸਭ ਸੁੱਖਾਂ ਨੂੰ
ਨਾ ਵੱਢੀਏ, ਨਾ ਕੱਟੀਏ ਸੋਹਣੇ ਰੁੱਖਾਂ ਨੂੰ...।

ਦੇਸ਼ ਦਾ ਇਹ ਵਡਮੁੱਲਾ ਧਨ ਵਧਾਉਣਾ ਹੈ
ਕਰੀਏ ਵਾਅਦਾ ਇਕ-ਇਕ ਰੁੱਖ ਲਗਾਉਣਾ ਹੈ
ਆਜੋ ਮਾਰੀਏ ਮਿਰਗ ਤ੍ਰਿਸ਼ਨੀ ਭੁੱਖਾਂ ਨੂੰ
ਨਾ ਵੱਢੀਏ, ਨਾ ਕੱਟੀਏ ਸੋਹਣੇ ਰੁੱਖਾਂ ਨੂੰ...।

ਜਸਵਿੰਦਰ ਫਗਵਾੜਾ ਸਾਂਝ ਪੁਰਾਣੀ ਹੈ
ਰੁੱਖ ਧਰਤੀ ਵਿਚ ਸਾਂਭੀ ਬੈਠੇ ਪਾਣੀ ਹੈ
ਦੇਣ ਬਹਾਰਾਂ ਧਰਤੀ ਮਾਂ ਦੀਆਂ ਕੁੱਖਾਂ ਨੂੰ
ਨਾ ਵੱਢੀਏ, ਨਾ ਕੱਟੀਏ ਸੋਹਣੇ ਰੁੱਖਾਂ ਨੂੰ
'ਵਾਜ਼ ਮਾਰ ਕੇ ਨਾ ਬੁਲਾਈਏ ਦੁੱਖਾਂ ਨੂੰ...।

• ਜਸਵਿੰਦਰ ਕੌਰ ਫਗਵਾੜਾ
ਮੋਬਾਈਲ : 94171-35083

ਮਿੰਨੀ ਕਹਾਣੀ

## ਰੱਬ

ਟੈਸਟ ਦੀ ਰਿਪੋਰਟ ਆਉਣ ਵਾਲੀ ਸੀ। ਅਮਨ ਦਿਲ ਵਿਚ ਡਰ ਜਿਹਾ ਲੈ ਕੇ ਆਪਣੀ ਸੱਸ ਨਾਲ ਆਉਣ ਵਾਲੀ ਖ਼ਬਰ ਦਾ ਇੰਤਜ਼ਾਰ ਕਰ ਰਹੀ ਸੀ। ਅਚਾਨਕ ਡਾਕਟਰ ਆਈ ਤੇ ਢਿੱਲੇ ਜਹੇ ਮੂੰਹ ਨਾਲ ਗਰਭ 'ਚ ਕੁੜੀ ਹੋਣ ਦੀ ਗੱਲ ਕਹਿ ਗਈ। ਕਮਰੇ 'ਚ ਸੰਨਾਟਾ ਛਾ ਗਿਆ।

ਜੇਰਾ ਜਿਹਾ ਕਰ ਕੇ ਅਮਨ ਦੀ ਸੱਸ ਨੇ ਡਾਕਟਰ ਨੂੰ ਇਸ਼ਾਰਾ ਕੀਤਾ ਤਾਂ ਅਮਨ ਦਾ ਰੋਮ ਰੋਮ ਕੁਰਲਾ ਉੱਠਿਆ 'ਬੀਜੀ, ਜਿਹੜੇ ਰੱਬ ਦੇ ਅੱਗੇ ਆਪਾਂ ਸਵੇਰੇ ਨੱਕ ਰਗੜ ਕੇ ਆਏ ਆਂ? ਕੀ ਇਹ ਸਭ ਸਹੀ ਹੋਵੇ, ਉਸ ਤਾਂ ਇਹ ਨੀਂ ਕਿਹਾ ਕਿ ਧੀ ਨੂੰ ਕੁੱਖ 'ਚ ਮਰਵਾ ਦਿਉ, ਹੋ ਸਕਦਾ ਆਪਣਾ ਚੰਗਾ ਏਸੇ 'ਚ ਹੀ ਹੋਵੇ'? ਅਮਨ ਨੇ ਤਰਲਾ ਜਿਹਾ ਪਾਇਆ। 'ਚੁੱਪ ਕਰ ਨੀਂ, ਜੇ ਤੇਰਾ ਰੱਬ ਐਡਾ ਸੱਚਾ ਹੁੰਦਾ ਤਾਂ ਕੋਈ ਚੱਜ ਦੀ ਖ਼ਬਰ ਨਾ ਆਉਂਦੀ'? ਏਨਾ ਕਹਿ ਕੇ ਓਹ ਡਾਕਟਰ ਨਾਲ ਸਲਾਹ ਕਰਨ ਲੱਗ ਪਈ।ਅਮਨ ਦੀ ਸੱਸ ਜੋ ਸਵੇਰੇ ਰੱਬ ਤੇ ਡੋਰੀਆਂ ਸੁੱਟ ਰਹੀ ਸੀ, ਹੁਣ ਆਪ ਰੱਬ ਬਣ ਕੇ ਹੁਕਮ ਚਲਾ ਰਹੀ ਸੀ।

• ਅਰਸ਼ ਸਿੱਧੂ, ਮੋਬਾਈਲ : 94642-15070

# ਬਾਂਝਪਨ ਦਾ ਇਲਾਜ ਕਰਨ ਵਾਲੀ ਦਵਾਈ ਖੋਜੀ



ਕੈਂਸਰ ਦੇ ਇਲਾਜ ਮਗਰੋਂ ਔਰਤਾਂ ਵਿੱਚ ਆਮਤੌਰ 'ਤੇ ਹੋਣ ਵਾਲੇ ਬਾਂਝਪਨ ਤੋਂ ਉਨ੍ਹਾਂ ਨੂੰ ਸੁਰੱਖਿਅਤ ਰੱਖਣ ਲਈ ਵਿਗਿਆਨੀਆਂ ਨੇ ਇੱਕ ਦਵਾਈ ਦੀ ਖੋਜ ਕਰ ਲਈ ਹੈ। ਜਿਹੜੀਆਂ ਔਰਤਾਂ ਦੇ ਕੈਂਸਰ ਦਾ ਇਲਾਜ ਰੇਡੀਏਸ਼ਨ ਅਤੇ ਕੁਝ ਤਰ੍ਹਾਂ ਦੀਆਂ ਕੀਮੋਥੈਰੇਪੀ ਦਵਾਈਆਂ ਜਰੀਏ ਕੀਤਾ ਜਾਂਦਾ ਹੈ, ਉਹ ਦਵਾਈਆਂ ਆਮ ਤੌਰ 'ਤੇ ਉਨ੍ਹਾਂ ਵਿੱਚ ਬਾਂਝਪਨ ਲਿਆਉਂਦੀਆਂ ਹਨ। ਪਹਿਲਾਂ ਹੋਏ ਸ਼ੋਧ ਮੁਤਾਬਕ ਛਾਤੀ ਕੈਂਸਰ ਤੋਂ ਬਚ ਚੁੱਕੀਆਂ ਸਾਰੀਆਂ ਔਰਤਾਂ ਵਿੱਚੋਂ ਲੱਗਭਗ 40 ਫ਼ੀਸਦੀ ਔਰਤਾਂ ਵਿੱਚ ਸਮੇਂ ਤੋਂ ਪਹਿਲਾਂ ਬੱਚੇਦਾਨੀ ਨੂੰ ਖਰਾਬ ਹੁੰਦੇ ਦੇਖਿਆ ਗਿਆ। ਇਸ ਵਿੱਚ ਬੱਚੇਦਾਨੀ ਦੀਆਂ ਸਧਾਰਨ ਕਿਰਿਆਵਾਂ ਬੰਦ ਹੋ ਜਾਂਦੀਆਂ ਹਨ ਅਤੇ ਅਕਸਰ ਬਾਂਝਪਨ ਦੀ ਸਥਿਤੀ ਸਾਹਮਣੇ ਆਉਂਦੀ ਹੈ। ਔਰਤਾਂ ਵਿੱਚ ਜਨਮ ਤੋਂ ਹੀ ਆਂਡਿਆਂ ਦਾ ਸਟਾਕ ਹੁੰਦਾ ਹੈ, ਜੋ ਪੂਰੀ ਜ਼ਿੰਦਗੀ ਚੱਲਦਾ ਹੈ। ਪਰ ਇਹ ਅੰਡੇ ਸਰੀਰ ਦੇ ਸਭ ਤੋਂ ਸੰਵੇਦਨਸ਼ੀਲ ਸੈੱਲਾਂ ਵਿੱਚੋਂ ਇੱਕ ਹੁੰਦੇ ਹਨ, ਜੋ ਇਸ ਤਰ੍ਹਾਂ ਦੇ ਕੈਂਸਰ ਇਲਾਜ ਵਿੱਚ ਖਤਮ ਹੋ ਸਕਦੇ ਹਨ। ਇਸ ਸ਼ੋਧ ਵਿੱਚ ਇੱਕ ਚੈਕਪੁਆਇੰਟ (ਸੀ. ਐੱਚ. ਕੇ2) ਦਾ ਪਤਾ ਲਗਾਇਆ ਗਿਆ ਸੀ, ਜੋ ਰੇਡੀਏਸ਼ਨ ਨਾਲ ਆਂਡਿਆਂ ਦੇ ਹਾਦਸਾਗ੍ਰਸਤ ਹੋ ਜਾਣ 'ਤੇ ਕਿਰਿਆਸ਼ੀਲ ਹੋ ਜਾਂਦੇ ਹਨ। ਸੀ. ਐੱਚ. ਕੇ2 ਉਸ ਰਸਤੇ ਨੂੰ ਨੁਕਸਾਨ ਪਹੁੰਚਾਉਂਦਾ ਹੈ, ਜੋ ਹਾਦਸਾਗ੍ਰਸਤ ਡੀ. ਐੱਨ. ਏ. ਵਾਲੇ ਆਂਡਿਆਂ ਨੂੰ ਹਟਾ ਦਿੰਦਾ ਹੈ। ਇਹ ਇੱਕ ਕੁਦਰਤੀ ਪ੍ਰਕਿਰਿਆ ਹੈ, ਜੋ ਵਿਕਾਰੀ ਬੱਚੇ ਨੂੰ ਜਨਮ ਦੇਣ ਤੋਂ ਬਚਾਉਂਦੀ ਹੈ।

ਡਾਕਟਰਾਂ ਦੁਆਰਾ ਆਂਡਿਆਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਇਸ ਤਰ੍ਹਾਂ ਦੇ ਕੈਂਸਰ ਦੇ ਇਲਾਜ ਨੂੰ ਜ਼ਰੂਰੀ ਸਮਝਿਆ ਜਾਣ 'ਤੇ ਔਰਤਾਂ ਆਪਣੇ ਆਂਡਿਆਂ ਦੇ ਸੈੱਲਾਂ ਨੂੰ ਹਟਾ ਜਾਂ ਫ਼ਰੀਜ਼ ਕਰਵਾ ਕੇ ਰੱਖ ਸਕਦੀਆਂ ਹਨ ਪਰ ਇਸ ਨਾਲ ਇਲਾਜ ਵਿੱਚ ਦੇਰੀ ਹੋ ਸਕਦੀ ਹੈ। ਇਸ ਦੇ ਇਲਾਵਾ ਆਂਡਿਆਂ ਦੀ ਕਮੀ ਕਾਰਨ ਔਰਤਾਂ ਕੁਦਰਤੀ ਤੌਰ 'ਤੇ ਮੀਨੋਪੌਜ਼ (ਮਾਹਵਾਰੀ ਦਾ ਬੰਦ ਹੋਣਾ) ਵੱਲ ਵੱਧਦੀਆਂ ਹਨ। ਇਸ ਅਧਿਐਨ ਜਰੀਏ ਵਿਗਿਆਨੀਆਂ ਨੇ ਸੀ. ਐੱਚ. ਕੇ2 ਨਿਰੋਧੀ ਜਾਂ ਸੰਬੰਧਿਤ ਦਵਾਈਆਂ ਦੇਣ ਅਤੇ ਕੈਂਸਰ ਥੈਰੇਪੀ ਨੂੰ ਨਾਲ-ਨਾਲ ਸ਼ੁਰੂ ਕਰਨ ਦਾ ਨਜ਼ਰੀਆ ਉਪਲਬਧ ਕਰਵਾਇਆ ਹੈ।

# ਮੋਟਾਪੇ ਦਾ ਕਾਰਨ ਬਣਦੀਆਂ ਨੇ ਸਵੇਰ ਦੀਆਂ ਇਹ ਗ਼ਲਤੀਆਂ



ਮੋਟਾਪਾ ਅੱਜਕਲ ਲੋਕਾਂ ਦੀ ਆਮ ਸਮੱਸਿਆ ਹੈ। ਗਲਤ ਖਾਣ-ਪੀਣ ਅਤੇ ਲਾਈਫ਼ਸਟਾਈਲ ਦੀ ਵਜ੍ਹਾ ਨਾਲ ਉਹ ਮੋਟਾਪੇ ਦਾ ਸ਼ਿਕਾਰ ਹੋ ਜਾਂਦੇ ਹਨ, ਜੋ ਮੋਟਾਪੇ ਦਾ ਮੁੱਖ ਕਾਰਨ ਹਨ। ਇਸ ਨਾਲ ਨਾ ਸਿਰਫ਼ ਭਾਰ ਵਧਦਾ ਹੈ ਬਲਕਿ ਸਰੀਰ ਨੂੰ ਕਈ ਬੀਮਾਰੀਆਂ ਵੀ ਲੱਗ ਜਾਂਦੀਆਂ ਹਨ। ਅਜਿਹੇ ਵਿੱਚ ਡਾਈਟਿੰਗ ਦੇ ਇਲਾਵਾ ਤੁਸੀਂ ਆਪਣੀ ਰੋਜ਼ਾਨਾ ਦੇ ਕੰਮਾਂ ਵਿੱਚ ਕੁਝ ਬਦਲਾਅ ਕਰਕੇ ਮੋਟਾਪੇ ਨੂੰ ਘੱਟ ਕਰ ਸਕਦੇ ਹੋ। ਆਓ ਜਾਣਦੇ ਹਾਂ ਸਵੇਰੇ ਕੀਤੀਆਂ ਹੋਈਆਂ ਕਿਹੜੀਆਂ ਗਲਤੀਆਂ ਦੇ ਕਾਰਨ ਭਾਰ ਵਧਦਾ ਹੈ।

1. ਨੀਂਦ ਘੱਟ ਲੈਣਾ

ਰਾਤ ਵਿੱਚ ਘੱਟ ਤੋਂ ਘੱਟ 8 ਘੰਟੇ ਦੀ ਨੀਂਦ ਲੈਣਾ ਬਹੁਤ ਜਰੂਰੀ ਹੈ ਪਰ ਇਸ ਭੱਜਦੋੜ ਭਰੀ ਜ਼ਿੰਦਗੀ ਵਿੱਚ ਲੋਕਾਂ ਦੇ ਕੋਲ ਭਰਪੂਰ ਨੀਂਦ ਲੈਣ ਦਾ ਸਮਾਂ ਨਹੀਂ ਹੁੰਦਾ। ਰੋਜ਼ਾਨਾ ਘੱਟ ਨੀਂਦ ਲੈਣ ਦੀ ਵਜ੍ਹਾ ਨਾਲ ਸਰੀਰ ਵਿੱਚ ਭਾਰ ਵਧਾਉਣ ਵਾਲੇ ਹਾਰਮੋਨਸ ਲੇਵਲ ਵਧ ਜਾਂਦਾ ਹੈ ਜਿਸ ਨਾਲ ਸਰੀਰ ਮੋਟਾਪੇ ਦਾ ਸ਼ਿਕਾਹ ਹੋ ਜਾਂਦਾ ਹੈ।

**ਗਲਤ ਖਾਣ-ਪੀਣ ਅਤੇ ਲਾਈਫ਼ਸਟਾਈਲ ਦੀ ਵਜ੍ਹਾ ਨਾਲ ਉਹ ਮੋਟਾਪੇ ਦਾ ਸ਼ਿਕਾਰ ਹੋ ਜਾਂਦੇ ਹਨ, ਜੋ ਮੋਟਾਪੇ ਦਾ ਮੁੱਖ ਕਾਰਨ ਹਨ। ਇਸ ਨਾਲ ਨਾ ਸਿਰ.ਫ ਭਾਰ ਵਧਦਾ ਹੈ ਬਲਕਿ ਸਰੀਰ ਨੂੰ ਕਈ ਬੀਮਾਰੀਆਂ ਵੀ ਲੱਗ ਜਾਂਦੀਆਂ ਹਨ।**

2. ਸਵੇਰੇ ਪਾਣੀ ਨਾਲ ਪੀਣਾ

ਕਈ ਲੋਕ ਸਵੇਰੇ ਉੱਠਦੇ ਹੀ ਬੈੱਡ ਟੀ ਪੀਂਦੇ ਹਨ। ਖਾਲੀ ਪੇਟ ਪਾਣੀ ਨਾ ਪੀਣ ਦੀ ਵਜ੍ਹਾ ਨਾਲ ਪੇਟ ਸਾਫ਼ ਨਹੀਂ ਹੁੰਦਾ, ਜਿਸ ਨਾਲ ਭਾਰ ਵਧਣ ਲੱਗਦਾ ਹੈ। ਅਜਿਹੇ ਵਿੱਚ ਸਵੇਰੇ ਉਠਦੇ ਹੀ 1 ਗਲਾਸ ਪਾਣੀ ਜ਼ਰੂਰ ਪੀਣਾ ਚਾਹੀਦਾ ਹੈ। ਜਿਸ ਸਰੀਰ ਦੇ ਜ਼ਹਿਰੀਲੇ ਪਦਾਰਥ ਬਾਹਰ ਨਿਕਲ ਜਾਂਦੇ ਹਨ ਅਤੇ ਮੈਟਾਬੋਲੀਜ਼ਮ ਵੀ ਤੇਜ਼ ਹੁੰਦਾ ਹੈ।

3. ਸਮੇਂ 'ਤੇ ਨਾਸ਼ਤਾ ਨਾ ਕਰਨਾ

ਕਈ ਲੋਕ ਸਵੇਰੇ ਸਮਾਂ ਨਾ ਹੋਣ ਦੀ ਵਜ੍ਹਾ ਨਾਲ ਬ੍ਰੇਕਫ਼ਾਸਟ ਨਹੀਂ ਕਰਦੇ ਜਾਂ ਦੇਰ ਨਾਲ ਕਰਦੇ ਹਨ। ਇਸ ਨਾਲ ਰਾਤ ਨੂੰ ਖਾਣੇ ਅਤੇ ਨਾਸ਼ਤੇ ਵਿੱਚ ਬਹੁਤ ਲੰਬਾ ਗੈਪ ਪੈ ਜਾਂਦਾ ਹੈ, ਜਿਸ ਨਾਲ ਸਰੀਰ ਵਿੱਚ ਮੈਟਾਬੋਲੀਜ਼ਮ ਘੱਟ ਹੋ ਜਾਂਦਾ ਹੈ ਅਤੇ ਭਾਰ ਵਧਣ ਲੱਗਦਾ ਹੈ।

4. ਪ੍ਰੋਟੀਨ ਦੀ ਕਮੀ

ਸਰੀਰ ਵਿੱਚ ਪ੍ਰੋਟੀਨ ਦੀ ਕਮੀ ਹੋਣ 'ਤੇ ਵੀ ਮੈਟਾਬੋਲਿਜਮ ਵਿਗੜ ਜਾਂਦਾ ਹੈ ਅਤੇ ਭਾਰ ਵੀ ਵਧਣ ਲੱਗਦਾ ਹੈ। ਅਜਿਹੇ ਵਿੱਚ ਤੁਸੀਂ ਆਪਣੇ ਆਹਾਰ ਵਿੱਚ ਦੁੱਧ, ਦਹੀਂ, ਪਨੀਰ ਅਤੇ ਅੰਡਾ ਜ਼ਰੂਰ ਸ਼ਾਮਲ ਕਰੋ।

5. ਕਸਰਤ ਨਾ ਕਰਨਾ

ਭਾਰ ਵਧਣ ਦਾ ਸਭ ਤੋਂ ਵੱਡਾ ਕਾਰਨ ਕਸਰਤ ਨਾ ਕਰਨਾ ਹੈ। ਇਸ ਨਾਲ ਸਰੀਰ ਦੀ ਕੈਲੋਰੀ ਬਰਨ ਨਹੀਂ ਹੁੰਦੀ ਅਤੇ ਹੌਲੀ-ਹੌਲੀ ਸਰੀਰ ਮੋਟਾਪੇ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਲਈ ਰੋਜ਼ਾਨਾ ਦਿਨ ਵਿੱਚ ਘੱਟ ਤੋਂ ਘੱਟ ਅੱਧਾ ਘੰਟਾ ਕਸਰਤ ਜ਼ਰੂਰ ਕਰੋ।

# ਪਹਿਲਾਂ ਖਾਈ ਜਾਓ, ਫਿਰ ਪਛਤਾਈ ਜਾਓ



ਡਟ ਕੇ ਖਾਣ-ਪੀਣ ਦੀ ਪਰੰਪਰਾ ਜਿਹੀ ਚੱਲ ਪਈ ਹੈ। ਛੋਟੀ-ਵੱਡੀ ਸਫਲਤਾ ਮਿਲਣ ਅਤੇ ਖੁਸ਼ੀ ਹੋਣ 'ਤੇ ਲੋਕ ਖਾਣ ਅਤੇ ਖਵਾਉਣ ਲਈ ਤਿਆਰ ਮਿਲ ਜਾਂਦੇ ਹਨ। ਭੁੱਖ ਨਹੀਂ, ਭੁੱਖੇ ਨਹੀਂ, ਫਿਰ ਵੀ ਲੋਕ ਡਟ ਕੇ ਖਾਣੇ ਲਈ ਤਿਆਰ ਰਹਿੰਦੇ ਹਨ। ਪਾਰਟੀਆਂ ਦੇਣਾ, ਲੈਣਾ ਆਮ ਹੋ ਗਿਆ ਹੈ। ਖਾਈ ਜਾਓ, ਖਾਈ ਜਾਓ ਦਾ ਖ਼ਤਰਨਾਕ ਰਿਵਾਜ ਵਧ ਰਿਹਾ ਹੈ। ਲੋਕ ਬੇਪ੍ਰਵਾਹ ਹੋ ਕੇ ਭੋਜਨ ਕਰਨ ਲਈ ਤਤਪਰ ਰਹਿੰਦੇ ਹਨ।

ਪਾਰਟੀਆਂ ਵਗੈਰਾ ਵਿਚ ਲੋਕ ਡਟ ਕੇ ਖਾ ਰਹੇ ਹਨ। ਬੇਮੇਲ ਅਤੇ ਬੇਵਜ੍ਹਾ ਭੋਜਨ ਕਰ ਰਹੇ ਹਨ। ਘਰਾਂ ਵਿਚ ਟੀ. ਵੀ. ਦੇਖਦੇ ਸਮੇਂ ਖਾਣ ਦੀ ਆਦਤ ਪੈ ਗਈ ਹੈ। ਖਾਣੇ ਦਾ ਉਲਟਾ ਜਿਹਾ ਰਿਵਾਜ ਚੱਲਣ ਲੱਗਾ ਹੈ। ਰਾਤ ਨੂੰ ਜਦੋਂ ਦਿਨ ਦੇ ਮੁਕਾਬਲੇ ਘੱਟ ਖਾਣਾ ਚਾਹੀਦਾ ਹੈ, ਉਦੋਂ ਹੀ ਲੋਕ ਪਾਰਟੀ, ਸਮਾਗਮ ਵਿਚ ਜਾਂ ਟੀ. ਵੀ. ਦੇ ਸਾਹਮਣੇ ਡਟ ਕੇ ਜਾਂ ਤੁੰਨ-ਤੁੰਨ ਕੇ ਖਾ ਰਹੇ ਹੁੰਦੇ ਹਨ। ਇਸ ਤਰ੍ਹਾਂ ਵਾਧੂ ਖਾਣ ਨਾਲ ਮੋਟਾਪਾ ਅਤੇ ਬਿਮਾਰੀਆਂ ਦੀਆਂ ਸਮੱਸਿਆਵਾਂ ਵਧ ਰਹੀਆਂ ਹਨ। ਆਧੁਨਿਕ ਆਜੀਵਿਕਾ ਅਤੇ ਦੌੜ-ਭੱਜ ਵਾਲੀ ਜੀਵਨ ਸ਼ੈਲੀ ਨੇ ਖਾਣ-ਪੀਣ ਦੇ ਤਰੀਕੇ ਅਤੇ ਸਮੇਂ ਨੂੰ ਬਦਲ ਦਿੱਤਾ ਹੈ, ਜੋ ਅਜਿਹੀਆਂ ਮੁਸੀਬਤਾਂ ਨੂੰ ਵਧਾਉਣ ਵਿਚ ਸਹਾਇਕ ਸਿੱਧ ਹੋ ਰਿਹਾ ਹੈ।

**ਬੇਪ੍ਰਵਾਹ ਖਾਣ-ਪੀਣ :** ਪਾਰਟੀ, ਸਮਾਗਮ ਜਾਂ ਟੀ. ਵੀ. ਦੇ ਸਾਹਮਣੇ ਖਾਣ ਦੇ ਕਾਰਨ ਸਾਡਾ ਧਿਆਨ ਵੀ ਪਾਰਟੀ, ਸਮਾਗਮ ਜਾਂ ਟੀ. ਵੀ. ਵੱਲ ਹੁੰਦਾ ਹੈ ਅਤੇ ਅਸੀਂ ਬੇਧਿਆਨੀ ਵਿਚ ਖਾਂਦੇ ਰਹਿੰਦੇ ਹਾਂ। ਕਿਹੋ ਜਿਹਾ ਖਾ ਰਹੇ ਹਾਂ? ਕਿੰਨਾ ਖਾ ਰਹੇ ਹਾਂ? ਜਾਂ ਕਿਸ ਦੇ ਨਾਲ ਕੀ ਖਾ ਰਹੇ ਹਾਂ? ਇਹ ਸਭ ਭੁੱਲ ਜਾਂਦੇ ਹਾਂ। ਸਵਾਦ ਜਾਂ ਖਾਣੇ ਦੇ ਸੱਦੇ ਅਤੇ ਖਾਣੇ ਦੀਆਂ ਚੀਜ਼ਾਂ ਨੂੰ ਦੇਖ ਕੇ ਅਸੀਂ ਇਸ ਅਧੀਨ ਹੋ ਕੇ ਸਭ ਕੁਝ ਖਾਣੇ 'ਤੇ ਟੁੱਟ ਪੈਂਦੇ ਹਾਂ। ਅਜਿਹੇ ਵਿਚ ਲੋਕ ਲੋੜ ਤੋਂ ਜ਼ਿਆਦਾ ਖਾਂਦੇ ਹਨ।

**ਬੇਮੇਲ ਖਾਣ-ਪੀਣ :** ਪਾਰਟੀਆਂ ਵਗੈਰਾ 'ਚ ਅਸੀਂ ਕੀ ਖਾਂਦੇ ਹਾਂ, ਕਿਸ ਦੇ ਨਾਲ ਜਾਂ ਕਿਸ ਤੋਂ ਬਾਅਦ ਕੀ ਖਾਣਾ ਚਾਹੀਦਾ ਜਾਂ ਕੀ ਨਹੀਂ ਖਾਣਾ ਚਾਹੀਦਾ, ਇਹ ਅਸੀਂ ਭੁੱਲ ਜਾਂਦੇ ਹਾਂ। ਨਤੀਜੇ ਵਜੋਂ ਸਭ ਕੁਝ ਬੇਮੇਲ ਹੋ ਜਾਂਦਾ ਹੈ। ਖਾਣ ਵਾਲੇ ਨੂੰ ਖਾਣੇ ਦੇ ਸਵਾਦ ਦਾ ਜਾਂ ਉਸ ਤੋਂ ਤ੍ਰਿਪਤੀ ਦਾ ਮਜ਼ਾ ਜ਼ਰੂਰ ਆਉਂਦਾ ਹੈ ਪਰ ਸਨੈਕਸ, ਖਾਣਾ, ਕੌਫੀ, ਕੋਲਡ ਡ੍ਰਿੰਕਸ, ਆਈਸਕ੍ਰੀਮ, ਸਭ ਚੀਜ਼ਾਂ ਪੇਟ ਵਿਚ ਇਕੱਠੀਆਂ ਮਿਲ ਕੇ ਜਦੋਂ ਬਖੇੜਾ ਖੜ੍ਹਾ ਕਰਦੀਆਂ ਹਨ ਤਾਂ ਉਦੋਂ ਸਾਨੂੰ ਬਾਅਦ ਵਿਚ ਹੋਸ਼ ਆਉਂਦੀ ਹੈ ਅਤੇ ਗੜਬੜੀ ਦਾ ਪਤਾ ਲਗਦਾ ਹੈ।

**ਖਾਈ ਜਾਓ ਦਾ ਖਮਿਆਜ਼ਾ :** ਖਾਈ ਜਾਓ ਦੀ ਸੋਚ ਦਾ ਮਾੜਾ ਨਤੀਜਾ ਖਾਣ ਵਾਲੇ ਨੂੰ ਖਾਣੇ ਤੋਂ ਬਾਅਦ ਹੀ ਪਤਾ ਲਗਦਾ ਹੈ। ਪਾਰਟੀ ਜਾਂ ਸਮਾਗਮ ਵਿਚ ਲੋਕ ਸਨੈਕਸ ਅਤੇ ਭੋਜਨ ਵਾਲੀਆਂ ਚੀਜ਼ਾਂ ਇਕੱਠੀਆਂ ਹੀ ਖਾ ਜਾਂਦੇ ਹਨ। ਕੋਲਡ ਡ੍ਰਿੰਕਸ, ਆਈਸਕ੍ਰੀਮ, ਚਾਹ, ਕੌਫੀ ਸਭ ਡਕਾਰ ਜਾਂਦੇ ਹਨ। ਇਹ ਕਬਜ਼, ਅਪਚ, ਪੇਟ ਦਰਦ, ਅਮਲਤਾ, ਪੇਟ ਵਿਚ ਜਲਣ, ਮੋਟਾਪਾ, ਦਿਲ ਦੇ ਰੋਗ ਅਤੇ ਨਾਲ ਹੀ ਹੋਰ ਰੋਗਾਂ ਦਾ ਕਾਰਨ ਬਣਦਾ ਹੈ। ਖਾਈ ਜਾਓ, ਖਾਈ ਜਾਓ ਤੋਂ ਬਾਅਦ ਪਛਤਾਈ ਜਾਓ ਦੀ ਸਥਿਤੀ ਪੈਦਾ ਹੁੰਦੀ ਹੈ। ਇਸ ਖਾਈ ਜਾਓ ਦੇ ਕੁਝ ਮਾੜੇ ਨਤੀਜੇ ਛੇਤੀ ਪਤਾ ਲੱਗ ਜਾਂਦੇ ਹਨ ਅਤੇ ਕੁਝ ਬਾਅਦ ਵਿਚ ਪਤਾ ਲੱਗਦੇ ਹਨ। ਪਹਿਲਾਂ-ਪਹਿਲ ਤਾਂ ਸਰੀਰ ਬਹੁਤ ਕੁਝ ਝੱਲ ਜਾਂਦਾ ਹੈ, ਟਾਲ ਜਾਂਦਾ ਹੈ, ਫਿਰ ਬਾਅਦ ਵਿਚ ਜਦੋਂ ਵੱਡੀਆਂ ਪ੍ਰੇਸ਼ਾਨੀਆਂ ਸਾਹਮਣੇ ਆਉਂਦੀਆਂ ਹਨ ਤਾਂ ਅਸੀਂ ਸਮਝਦੇ ਹਾਂ ਅਤੇ ਜਾਗਦੇ ਹਾਂ। ਉਦੋਂ ਤੱਕ ਕੁਝ ਬਿਮਾਰੀਆਂ ਨੂੰ ਸਰੀਰ ਵਿਚ ਘਰ ਬਣਾਉਣ ਦਾ ਮੌਕਾ ਮਿਲ ਚੁੱਕਾ ਹੁੰਦਾ ਹੈ।

**ਨਤੀਜਾ, ਹੱਲ ਅਤੇ ਸਾਵਧਾਨੀਆਂ :** ਤੁਸੀਂ ਪਾਰਟੀ ਵਿਚ ਸ਼ਾਮਿਲ ਜ਼ਰੂਰ ਹੋਵੋ ਪਰ ਪੂਰੀ ਪਾਰਟੀ ਜਾਂ ਸਮੂਹ ਭੋਜਨ ਦੇ ਦੌਰਾਨ ਤੁਸੀਂ ਹੋਸ਼ ਬਣਾਈ ਰੱਖੋ। ਖਾਣੇ ਦੇ ਸੱਦੇ ਅਤੇ ਪੇਸ਼ ਕੀਤੀਆਂ ਗਈਆਂ ਚੀਜ਼ਾਂ 'ਤੇ ਵਿਵੇਕਪੂਰਨ ਫੈਸਲਾ ਲਓ। ਮੇਜ਼ 'ਤੇ ਰੱਖੀਆਂ ਗਈਆਂ ਜਾਂ ਪਾਰਟੀ ਵਿਚ ਪਰੋਸੀਆਂ ਗਈਆਂ ਖਾਣ-ਪੀਣ ਦੀਆਂ ਚੀਜ਼ਾਂ ਨੂੰ ਪਹਿਲਾਂ ਦੇਖੋ, ਫਿਰ ਤੈਅ ਕਰੋ ਕਿ ਸਵਾਦ ਲਈ ਖਾਓਗੇ ਜਾਂ ਸਿਹਤ ਲਈ। ਹਮੇਸ਼ਾ ਪਲੇਟ ਛੋਟੀ ਲਓ। ਚਮਚ ਛੋਟਾ ਲਓ। ਪਲੇਟ ਵਿਚ ਘੱਟ ਮਾਤਰਾ ਵਿਚ ਆਪਣੇ ਸਵਾਦ ਵਾਲੀ ਚੀਜ਼ਾਂ ਜਾਂ ਸਿਹਤ ਵਾਲੀ ਚੀਜ਼ ਰੱਖੋ ਅਤੇ ਉਸ ਨੂੰ ਚਮਚ ਨਾਲ ਥੋੜ੍ਹਾ-ਥੋੜ੍ਹਾ ਕਰਕੇ ਆਰਾਮ ਨਾਲ ਖਾਓ। ਜੇ ਸੂਪ ਹੈ ਤਾਂ ਉਸ ਨੂੰ ਖਾਣੇ ਤੋਂ ਪਹਿਲਾਂ ਇਕ ਕਟੋਰੀ ਜਾਂ ਕੱਪ ਸੂਪ ਲੈ ਲਓ। ਫਿਰ ਕੁਝ ਦੇਰ ਦੇ ਫਰਕ ਨਾਲ ਆਪਣੀ ਮਨਪਸੰਦ ਜਾਂ ਸਿਹਤਮੰਦ ਚੀਜ਼ ਘੱਟ ਮਾਤਰਾ ਵਿਚ ਪਲੇਟ ਵਿਚ ਰੱਖ ਕੇ ਚਮਚ ਨਾਲ ਥੋੜ੍ਹਾ-ਥੋੜ੍ਹਾ ਕਰਕੇ ਖਾਓ। ਅਜਿਹਾ ਕਰੋਗੇ ਤਾਂ ਸਵਾਦ ਵਾਲੀਆਂ ਚੀਜ਼ਾਂ ਨਾਲ ਤੁਸੀਂ ਛੇਤੀ ਸੰਤੁਸ਼ਟ ਹੋ ਜਾਓਗੇ ਅਤੇ ਜ਼ਿਆਦਾ ਖਾਣੇ ਤੋਂ ਬਚ ਜਾਓਗੇ।

ਸਿਹਤ ਲਈ ਸਲਾਦ, ਫਲ, ਜੂਸ 'ਤੇ ਧਿਆਨ ਦਿਓ। ਪੁੰਗਰੀਆਂ ਚੀਜ਼ਾਂ ਹਨ ਤਾਂ ਉਨ੍ਹਾਂ ਨੂੰ ਲਓ ਪਰ ਆਰਾਮ ਨਾਲ ਥੋੜ੍ਹਾ-ਥੋੜ੍ਹਾ ਖਾਓ। ਖਾਣਾ ਕੁਝ ਵੀ ਖਾਓ ਪਰ ਅਖੀਰ ਵਿਚ ਚਾਹ, ਕੌਫੀ, ਕੋਲਡ ਡ੍ਰਿੰਕਸ ਜਾਂ ਆਈਸਕ੍ਰੀਮ ਕਦੇ ਨਾ ਲਓ। ਜੋ ਵੀ ਲੈਣ ਦੀ ਇੱਛਾ ਹੋਵੇ, ਘੱਟ ਮਾਤਰਾ ਵਿਚ ਲਓ ਅਤੇ ਬੜੇ ਆਰਾਮ ਨਾਲ ਫੁਰਸਤੀਆ ਅੰਦਾਜ਼ ਵਿਚ ਖਾਓ। ਖਾਂਦੇ ਸਮੇਂ ਗੱਲਾਂ ਘੱਟ ਕਰੋ। ਹਮੇਸ਼ਾ ਘੱਟ ਮਾਤਰਾ ਵਿਚ ਪੋਸ਼ਕ ਚੀਜ਼ਾਂ ਖਾਓ। ਤੇਜ਼ ਮਸਾਲਾ, ਗ੍ਰੇਵੀ, ਕੋਲਡ ਡ੍ਰਿੰਕਸ, ਆਈਸਕ੍ਰੀਮ ਤੋਂ ਤੌਬਾ ਕਰੋ ਜਾਂ ਘੱਟ ਮਾਤਰਾ ਵਿਚ ਲਓ। ਕਿਸੇ ਦੇ ਕਹਿਣ 'ਤੇ ਵਿਵੇਕਪੂਰਨ ਫੈਸਲਾ ਲਓ। ਸਿਹਤ ਦੀ ਕੁੰਜੀ ਤੁਹਾਡੇ ਆਪਣੇ ਹੱਥ ਵਿਚ ਹੈ।

# ਮਾਹਾਵਾਰੀ ਨੂੰ ਨਿਯਮਿਤ ਕਰਨ ਦੇ ਘਰੇਲੂ ਉਪਾਅ



ਔਰਤਾਂ ਨੂੰ ਹਰ ਮਹੀਨੇ ਮਾਹਾਵਾਰੀ ਦੇ ਦਰਦ ਵਿੱਚੋਂ ਲੰਘਣਾ ਪੈਂਦਾ ਹੈ। ਇਸ ਨਾਲ ਸਰੀਰ ਵਿੱਚ ਕਈ ਤਰ੍ਹਾਂ ਦੇ ਬਦਲਾਅ ਅਤੇ ਕਮਜ਼ੋਰੀ ਆ ਜਾਂਦੀ ਹੈ। ਕਈ ਵਾਰ ਤਾਂ ਸਰੀਰ ਵਿੱਚ ਦਰਦ, ਪਿੱਠ ਵਿੱਚ ਦਰਦ, ਵਾਲਾਂ ਦਾ ਝੜਨਾ, ਘਬਰਾਹਟ ਦੇ ਇਲਾਵਾ ਸਿਹਤ ਨਾਲ ਜੁੜੀਆਂ ਹੋਰ ਵੀ ਬਹੁਤ ਪ੍ਰੇਸ਼ਾਨੀਆਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ ਜਿਸ ਦਾ ਕਾਰਨ ਕਮਜ਼ੋਰੀ ਹੋ ਸਕਦਾ ਹੈ। ਕਈ ਵਾਰ ਤਾਂ ਸਰੀਰ ਵਿੱਚ ਕਮਜ਼ੋਰੀ ਆ ਜਾਣ ਦੇ ਕਾਰਨ ਮਾਹਾਵਾਰੀ ਵਿੱਚ ਦੇਰੀ ਆ ਜਾਂਦੀ ਹੈ ਅਤੇ ਕੁਝ ਲੋਕਾਂ ਨੂੰ ਤਾਂ 1-2 ਮਹੀਨੇ ਮਾਹਾਵਾਰੀ ਆਉਂਦੀ ਹੀ ਨਹੀਂ ਹੈ। ਇਸ ਦਾ ਸਹੀ ਸਮੇਂ 'ਤੇ ਇਲਾਜ ਨਾ ਕੀਤਾ ਜਾਵੇ ਤਾਂ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਮਰ ਤੋਂ ਪਹਿਲਾਂ ਮਾਹਾਵਾਰੀ ਬੰਦ ਹੋਣ 'ਤੇ ਬਹੁਤ ਸਾਰੇ ਰੋਗ ਸਰੀਰ ਨੂੰ ਘੇਰ ਲੈਂਦੇ ਹਨ। ਮਾਹਾਵਾਰੀ ਦਾ ਰੁਕਣਾ ਵੀ ਸਰੀਰ ਵਿੱਚ ਹੋਣ ਵਾਲੀ ਗੜਬੜੀ ਦਾ ਹੀ ਕਾਰਨ ਹੈ। ਜੇ ਤੁਹਾਨੂੰ ਵੀ ਇਸੇ ਤਰ੍ਹਾਂ ਦੀ ਕੋਈ ਪ੍ਰੇਸ਼ਾਨੀ ਹੈ ਤਾਂ ਕੁਝ ਘਰੇਲੂ ਨੁਸਖੇ ਅਪਣਾ ਕੇ ਮਾਹਾਵਾਰੀ ਨੂੰ ਨਿਯਮਿਤ ਕਰ ਸਕਦੇ ਹੋ। ਇਸ ਲਈ ਆਪਣੇ ਡਾਕਟਰ ਦੀ ਸਲਾਹ ਜ਼ਰੂਰ ਲਓ।

1. ਰਾਤ ਨੂੰ ਇਨ੍ਹਾਂ ਚੀਜ਼ਾਂ ਦੇ ਨਾਲ ਪੀਓ ਦੁੱਧ

ਰਾਤ ਨੂੰ ਸੌਣ ਤੋਂ ਪਹਿਲਾਂ ਇੱਕ ਗਲਾਸ ਗਰਮ ਦੁੱਧ ਵਿੱਚ ਥੋੜ੍ਹੀ ਜਿਹੀ ਮਿਸ਼ਰੀ ਪਾ ਕੇ ਪੀਓ ਅਤੇ ਇਸ ਨਾਲ 4 ਛੁਹਾਰੇ ਖਾਓ। ਰੋਜ਼ਾਨਾ 3-4 ਦਿਨ ਇਸ ਦੀ ਵਰਤੋਂ ਕਰਨ ਨਾਲ ਫ਼ਾਇਦਾ ਮਿਲਦਾ ਹੈ।

2. ਸਵੇਰੇ ਇੰਝ ਖਾਓ ਬਾਦਾਮ

ਰਾਤ ਨੂੰ 2 ਛੁਹਾਰੇ ਅਤੇ 4 ਬਾਦਾਮ ਨੂੰ ਪਾਣੀ ਵਿੱਚ ਭਿਓਂ ਕੇ ਰੱਖ ਦਿਓ। ਸਵੇਰੇ ਇਸ ਦੇ ਨਾਲ ਥੋੜ੍ਹੀ ਜਿਹੀ ਮਿਸ਼ਰੀ ਨੂੰ ਪੀਸ ਕੇ ਮੱਖਣ ਦੇ ਨਾਲ ਇਸ ਦੀ ਵਰਤੋਂ ਕਰੋ। ਮਾਹਾਵਾਰੀ ਨਾਲ ਜੁੜੀਆਂ ਸਮੱਸਿਆਵਾਂ ਦੂਰ ਹੋ ਜਾਣਗੀਆਂ।

3. ਐਲੋਵੇਰਾ ਵੀ ਹੈ ਲਾਭਕਾਰੀ

ਹਰ ਰੋਜ਼ 50 ਗ੍ਰਾਮ ਐਲੋਵੇਰਾ ਜੂਸ ਨੂੰ 1 ਗਲਾਸ ਪਾਣੀ ਵਿੱਚ ਪਾ ਕੇ ਪੀਓ। ਰਾਤ ਦੇ ਸਮੇਂ ਦੁਬਾਰਾ ਇਸ ਦੀ ਵਰਤੋਂ ਕਰੋ। ਇਸ ਗੱਲ ਦਾ ਧਿਆਨ ਰੱਖੋ ਕਿ ਇਸ ਨੂੰ ਪੀਣ ਤੋਂ 1 ਘੰਟਾ ਪਹਿਲਾਂ ਅਤੇ ਬਾਅਦ ਵਿੱਚ ਕੁਝ ਨਾ ਖਾਓ।

# ਪੇਟ 'ਚ ਅਲਸਰ ਦੇ ਲੱਛਣਾਂ ਨੂੰ ਨਾ ਕਰੋ ਨਜ਼ਰਅੰਦਾਜ਼

ਮਾਡਰਨ ਲਾਈਫ਼ ਸਟਾਈਲ ਵਿੱਚ ਗਲਤ ਖਾਣ-ਪੀਣ ਦੀ ਵਜ੍ਹਾ ਕਾਰਨ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਸਿਹਤ ਸੰਬੰਧੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਵਿੱਚੋਂ ਇੱਕ ਹੈ ਪੇਟ ਦਾ ਅਲਸਰ। ਪੇਟ ਦਾ ਅਲਸਰ ਮਤਲੱਬ ਪੇਟ ਵਿੱਚ ਹੋਣ ਵਾਲੇ ਛਾਲੇ। ਸਮੱਸਿਆ ਵਧਣ 'ਤੇ ਇਹ ਛਾਲੇ ਜਖਮ ਦੇ ਰੂਪ ਵਿੱਚ ਬਦਲ ਜਾਂਦੇ ਹਨ। ਪੇਟ ਵਿੱਚ ਅਲਸਰ ਹੋਣ ਦਾ ਕਾਰਨ ਸਾਡੀਆਂ ਖਾਣ-ਪੀਣ ਦੀਆਂ ਗਲਤ ਆਦਤਾਂ ਹਨ। ਅਲਸਰ ਕਈ ਤਰ੍ਹਾਂ ਦੇ ਹੁੰਦੇ ਹਨ ਜਿਵੇਂ ਕਿ ਪੇਪਟਿਕ ਅਲਸਰ, ਗੈਸਟ੍ਰਿਕ ਅਲਸਰ, ਇਸੋਫ਼ੇਗਲ ਅਲਸਰ। ਅੱਜ ਅਸੀਂ ਤੁਹਾਨੂੰ ਪੇਟ ਵਿੱਚ ਅਲਸਰ ਹੋਣ ਦੇ ਲੱਛਣ ਅਤੇ ਸੰਕੇਤਾਂ ਬਾਰੇ ਦੱਸਣ ਜਾ ਰਹੇ ਹਾਂ ਆਓ ਜਾਣਦੇ ਹਾਂ ਇਨ੍ਹਾਂ ਬਾਰੇ ਪੇਟ ਵਿੱਚ ਅਲਸਰ ਹੋਣ ਦੇ ਲੱਛਣ

1. ਛਾਤੀ ਵਿੱਚ ਜਲਣ: ਅਸਲ ਵਿੱਚ ਗਲਤ ਖਾਣ-ਪੀਣ ਦੀਆਂ ਆਦਤਾਂ ਦੇ ਕਾਰਨ ਪੇਟ ਵਿੱਚ ਐਸਿਡ ਬਣ ਜਾਂਦਾ ਹੈ। ਪੇਟ ਵਿੱਚ ਮੌਜੂਦ ਐਸਿਡ ਉਪਰ ਦੇ ਪਾਸੇ ਪਾਈਪ ਵਿੱਚ ਆ ਜਾਂਦਾ ਹੈ, ਜਿਸ ਨਾਲ ਛਾਤੀ ਵਿੱਚ ਜਲਣ ਹੋਣ ਲੱਗਦੀ ਹੈ।

2. ਵੋਮਟਿੰਗ ਆਉਣਾ: ਵਾਰ-ਵਾਰ ਜੀ ਮਚਲਾਉਣਾ ਜਾਂ ਫ਼ਿਰ ਵੋਮਟਿੰਗ ਆਉਣਾ ਵੀ ਪੇਟ ਵਿੱਚ ਅਲਸਰ ਹੋਣ ਦਾ ਲੱਛਣ ਹੈ। ਇਸ ਨੂੰ ਨਜ਼ਰ ਅੰਦਾਜ਼ ਨਾ ਕਰੋ। ਉਂਝ ਹੀ ਵੋਮਟਿੰਗ ਵਿੱਚ ਬਲੱਡ ਆਉਣਾ ਵੀ ਇਸ ਦਾ ਲੱਛਣ ਹੋ ਸਕਦਾ ਹੈ।

3. ਪੇਟ ਫ਼ੁੱਲਣਾ : ਅਕਸਰ ਲੋਕਾਂ ਨੂੰ ਪੇਟ ਫ਼ੁੱਲਣ ਵਰਗੀਆਂ ਸਮੱਸਿਆਵਾਂ ਰਹਿੰਦੀਆਂ ਹਨ। ਇਹ ਪੇਟ ਵਿੱਚ ਅਲਸਰ ਹੋਣ ਦੀ ਨਿਸ਼ਾਨੀ ਹੋ ਸਕਦੀ ਹੈ।

4. ਭਾਰ ਘੱਟ ਹੋਣਾ: ਜੇ ਤੁਹਾਡਾ ਅਚਾਨਕ ਭਾਰ ਘੱਟ ਹੋਣ ਲੱਗੇ ਤਾਂ ਇਹ ਵੀ ਅਲਸਰ ਦਾ ਲੱਛਣ ਹੋ ਸਕਦਾ ਹੈ।

5. ਭੁੱਖ ਲੱਗਣਾ:ਵਾਰ-ਵਾਰ ਭੁੱਖ ਲੱਗਣਾ ਜਾਂ ਫ਼ਿਰ ਦਿਨ ਵਿੱਚ ਕਈ ਵਾਰ ਖਾਣਾ ਵੀ ਅਲਸਰ ਦੀ ਨਿਸ਼ਾਨੀ ਹੈ।





# ਦਿਲ ਲਈ ਖਤਰਨਾਕ ਹੈ ਬਲੱਡ ਪ੍ਰੈਸ਼ਰ, ਸ਼ੂਗਰ ਤੇ ਮੋਟਾਪਾ



ਡਾ. ਮਨਜੀਤ ਸਿੰਘ ਬੱਲ
83508- 00237

ਦਿਲ ਐਸਾ ਜ਼ਬਰਦਸਤ ਪੰਪ ਹੈ ਜੋ ਬਿਨਾਂ ਥੱਕੇ ਤੇ ਬਿਨਾਂ ਆਰਾਮ ਕੀਤੇ ਪੂਰੀ ਉਮਰ ਕੰਮ ਕਰਦਾ ਹੈ। ਇਹ ਹਰੇਕ ਮਿੰਟ 5 ਤੋਂ 6 ਲੀਟਰ ਖ਼ੂਨ ਪੰਪ ਕਰਕੇ ਅੱਗੇ ਭੇਜਦਾ ਜੋ ਦਿਲ ਦੇ ਆਪਣੇ ਪੱਠਿਆਂ ਸਮੇਤ, ਸਰੀਰ ਦੇ ਸਾਰੇ ਅੰਗਾਂ ਤੇ ਤੰਤੂਆਂ ਨੂੰ ਆਕਸੀਜਨ ਤੇ ਤਾਕਤ ਪ੍ਰਦਾਨ ਕਰਦਾ ਹੈ। ਵਧਦੀ ਉਮਰ ਨਾਲ ਖ਼ੂਨ ਦੀਆਂ ਨਾੜੀਆਂ ਦੇ ਅੰਦਰ ਚਰਬੀ ਦੀ ਪੇਪੜੀ ਜਿਹੀ ਜੰਮ ਜਾਂਦੀ ਹੈ ਜਿਸ ਨੂੰ 'ਐਥਰੋ-ਸਕਲੀਰੋਸਿਸ' ਕਿਹਾ ਜਾਂਦਾ ਹੈ। ਇਸ ਕਾਰਨ ਦਿਲ ਨੂੰ ਪੂਰੀ ਤਾਕਤ ਨਹੀਂ ਮਿਲਦੀ। ਇਸ ਨੂੰ 'ਕੋਰੋਨਰੀ ਆਰਟਰੀ ਡਿਸਈਜ਼' ਕਹਿੰਦੇ ਹਨ। ਦਿਮਾਗ ਦੀ ਨਾੜੀ ਵਿੱਚ ਪੇਪੜੀ ਜੰਮ ਜਾਵੇ ਤਾਂ ਸਟਰੋਕ; ਦਿਲ ਦੀ ਨਾੜੀ 'ਚ ਹੋਵੇ ਤਾਂ ਛਾਤੀ ਵਿੱਚ ਦਰਦ, ਦਿਲ ਦਾ ਦੌਰਾ ਜਾਂ ਅਚਾਨਕ ਮੌਤ; ਲੱਤਾਂ ਦੀਆਂ ਨਾੜੀਆਂ 'ਚ ਹੋਵੇ ਤਾਂ (ਗੈਂਗਰੀਨ) ਉਂਗਲਾਂ ਕਾਲੀਆਂ ਹੋ ਕੇ ਝੜ ਜਾਂਦੀਆਂ ਹਨ।

ਕੋਰੋਨਾਰੀ ਆਰਟਰੀ ਡਿਸਈਜ਼: ਹੋ ਸਕਦਾ ਹੈ ਕਿ ਕਾਫ਼ੀ ਸਮਾਂ ਕੋਈ ਵੀ ਅਲਾਮਤਾਂ ਨਾ ਹੋਣ, ਜਾਂ ਫ਼ਿਰ ਪੌੜੀਆਂ ਚੜ੍ਹਨ ਜਾਂ ਭਾਰਾ ਕੰਮ ਕਰਨ ਵੇਲੇ ਛਾਤੀ ਵਿੱਚ ਪੀੜ ਹੁੰਦੀ ਹੋਵੇ, ਜਾਂ ਫ਼ਿਰ ਦਿਲ ਦਾ ਦੌਰਾ ਪੈ ਜਾਵੇ ਤੇ ਇਲਾਜ ਨਾਲ ਵਿਅਕਤੀ ਠੀਕ ਹੋ ਜਾਵੇ, ਤੇ ਜਾਂ ਫ਼ਿਰ ਵੱਡਾ ਦੌਰਾ ਪਵੇ ਤੇ ਅਚਾਨਕ ਮੌਤ ਹੋ ਜਾਵੇ। ਭਾਵੇਂ ਜਾਗਰੂਕਤਾ ਕਰਕੇ ਪਿਛਲੇ ਕੁਝ ਸਾਲਾਂ ਦੌਰਾਨ ਅਜਿਹੇ ਕੇਸਾਂ ਦੀ ਦਰ ਘਟੀ ਹੈ ਫ਼ਿਰ ਵੀ ਭਾਰਤ ਸਮੇਤ ਵਿਕਾਸਸ਼ੀਲ ਦੇਸ਼ਾਂ ਵਿੱਚ ਇਹ ਇੱਕ ਵੱਡੀ ਸਮੱਸਿਆ ਹੈ। ਭਾਰਤੀਆਂ ਵਿੱਚ ਇਹ ਰੋਗ ਹੋਣ ਦੇ ਵਧੇਰੇ ਚਾਂਸ ਹੁੰਦੇ ਹਨ। ਖ਼ੂਨ ਵਿੱਚ ਘੱਟ ਕੋਲੈਸਟਰੋਲ ਨਾਲ ਵੀ ਇਹ ਤਹਿ ਜੰਮ ਜਾਂਦੀ ਹੈ। ਭਾਰਤੀਆਂ ਵਿੱਚ ਇਹ, ਮੁਕਾਬਲਤਨ ਛੋਟੀ ਉਮਰ ਵਿੱਚ ਹੋ ਜਾਂਦੀ ਹੈ। ਮੌਤਾਂ ਦੇ ਚਾਂਸ, ਗੋਰਿਆਂ ਨਾਲੋਂ ਦੋ ਗੁਣਾਂ ਜ਼ਿਆਦਾ ਹੁੰਦੇ ਹਨ। ਅਜਿਹਾ ਕਿਉਂ ਹੈ?

ਘਿਓ, ਮੱਖਣ, ਚਰਬੀ, ਮਿਠਾਈਆਂ ਤੇ ਹੋਰ ਭੋਜਨ ਖਾਣ ਵੇਲੇ ਅਸੀਂ ਕਿਸੇ ਵੀ ਤਰ੍ਹਾਂ ਦਾ ਹਿਸਾਬ ਨਹੀਂ ਰੱਖਦੇ। ਨਾ ਹੀ ਅਸੀਂ ਬਲੱਡ ਪ੍ਰੈਸ਼ਰ, ਸ਼ੂਗਰ, ਮੋਟਾਪੇ ਨੂੰ ਗੰਭੀਰਤਾ ਨਾਲ ਲੈਂਦੇ ਹਾਂ। ਖਾਈ ਜਾਣਾ ਪਰ ਵਰਜ਼ਿਸ਼ ਵਾਲੇ ਕੰਮ ਨਹੀਂ ਕਰਨੇ। ਸ਼ਹਿਰੀਕਰਣ ਇਸ ਦਾ ਇੱਕ ਹੋਰ ਕਾਰਨ ਹੈ ਜਿਸ ਕਰਕੇ ਜੀਵਨ ਢੰਗ ਬਦਲ ਗਿਆ ਹੈ।

ਉਮਰ (ਔਰਤਾਂ ਦੀ 45 ਸਾਲ ਤੋਂ ਤੇ ਮਰਦਾਂ ਦੀ 55 ਸਾਲ ਤੋਂ ਵਡੇਰੀ), ਮਰਦ ਜਾਂ ਔਰਤ ਹੋਣਾ, ਪਰਿਵਾਰਕ ਪਿੱਠ-ਭੂਮੀ ਤੇ ਜਿਨਸ ਵਰਗੇ ਕਾਰਨ ਤੁਹਾਡੇ ਵੱਸ ਵਿੱਚ ਨਹੀਂ ਹਨ ਪ੍ਰੰਤੂ ਹਾਈ ਕੋਲੈਸਟਰੋਲ, ਤੰਬਾਕੂਨੋਸ਼ੀ, ਬਲੱਡ ਪ੍ਰੈਸ਼ਰ, ਸ਼ੂਗਰ ਰੋਗ, ਮੋਟਾਪਾ, ਸ਼ਰਾਬ ਦਾ ਸੇਵਨ ਕਾਰਨ ਜਾਂ ਵਰਜਿਸ਼ ਕਰਨਾ ਵੱਸ ਵਿੱਚ ਹੈ। ਕੋਲੈਸਟਰੋਲ ਭੋਜਨ (ਮੀਟ-ਮੁਰਗਾ, ਆਂਡਾ, ਦੁੱਧ ਆਦਿ) 'ਚੋਂ ਆਉਂਦਾ ਹੈ ਤੇ ਕੁਝ ਸਰੀਰ ਦੇ ਅੰਦਰ ਬਣਦਾ ਹੈ। ਕੋਲੈਸਟਰੋਲ ਨੂੰ ਐਲਡੀਐਲ (ਲੋਅ ਡੈਨਸਿਟੀ ਲਾਇਪੋਪ੍ਰੋਟੀਨ) ਕਹਿੰਦੇ ਹਨ ਜੋ ਐਥਰੋਸਕਲੀਰੋਸਿਸ ਪੈਦਾ ਕਰਕੇ ਦਿਲ ਦਾ ਦੁਸ਼ਮਣ ਬਣਦਾ ਹੈ। ਜਦ ਕਿ ਐਚਡੀਐਲ (ਹਾਈ ਡੈਨਸਿਟੀ ਲਾਇਪੋਪ੍ਰੋਟੀਨ) ਸਾਡੇ ਲਈ ਲਾਹੇਵੰਦਾ ਹੈ ਤੇ ਦਿਲ ਨੂੰ ਕਾਇਮ ਰੱਖਣ ਵਿੱਚ ਸਹਾਈ ਹੁੰਦਾ ਹੈ। ਜਿਨ੍ਹਾਂ ਦਾ ਭਾਰ ਜ਼ਿਆਦਾ ਹੈ (ਸਾਧਾਰਨ ਭਾਰ ਤੋਂ 10-30% ਵਧੇਰੇ), ਉਨ੍ਹਾਂ ਨੂੰ ਦਿਲ ਦੀ ਸਮੱਸਿਆ 2- 6 ਗੁਣਾਂ ਵਧੇਰੇ ਹੁੰਦੀ ਹੈ। 'ਵੇਸਟ' ਤੇ 'ਹਿੱਪ' ਦੀ ਨਾਰਮਲ ਅਨੁਪਾਤ ਔਰਤਾਂ ਵਿੱਚ 0.85 ਤੇ ਪੁਰਸ਼ਾਂ ਵਿੱਚ 0.95 ਹੋਣੀ ਚਾਹੀਦੀ ਹੈ। ਸਵੇਰੇ ਉਠ ਕੇ ਰੋਜ਼ ਸੈਰ ਕਰੋ। ਸਿਗਰਿਟਨੋਸ਼ੀ ਬਲੱਡ ਪ੍ਰੈਸ਼ਰ ਵਧਾਉਂਦੀ ਹੈ ਤੇ ਐਚਡੀਐਲ ਘਟਾਉਂਦੀ ਹੈ। ਖ਼ੂਨ ਦੀਆਂ ਨਾੜੀਆਂ ਤੇ ਸੈਲਾਂ ਨੂੰ ਨੁਕਸਾਨ ਪਹੁਚਾਉਂਦੀ ਤੇ ਹਰਟ ਅਟੈਕ ਵਧਾਉਂਦੀ ਹੈ। ਕੋਲੈਸਟਰੋਲ ਦਾ ਪੱਧਰ ਕੁਝ ਵੀ ਹੋਵੇ, ਜੇਕਰ ਵਿਅਕਤੀ ਨੂੰ ਸ਼ੂਗਰ ਰੋਗ ਹੈ ਤਾਂ ਦਿਲ ਦੇ ਦੌਰੇ ਜਾਂ ਬ੍ਰੇਨ ਸਟਰੋਕ ਦਾ ਖ਼ਤਰਾ ਦੁੱਗਣਾ ਜਾਂ ਤਿਗਣਾ ਹੋ ਜਾਂਦਾ ਹੈ। ਸਾਧਾਰਨ ਵਿਅਕਤੀ ਨਾਲੋਂ ਸ਼ੂਗਰ ਦਾ ਮਰੀਜ਼, ਕਈ ਗੁਣਾਂ ਵਧੇਰੇ ਦਿਲ ਦਾ ਰੋਗੀ ਬਣਦਾ ਹੈ। ਸ਼ੂਗਰ ਦੇ ਤਕਰੀਬਨ 80% ਰੋਗੀਆਂ ਦੀ,ਦਿਲ ਦੇ ਦੌਰੇ ਕਾਰਨ ਮੌਤ ਹੁੰਦੀ ਹੈ।

ਦਿਲ ਦੀ ਸਮੱਸਿਆ ਤੋਂ ਬਚਣ ਲਈ ਵੱਖ ਵੱਖ ਤਰ੍ਹਾਂ ਦੇ ਫ਼ਲ ਤੇ ਸਲਾਦ ਖਾਓ, ਹੋ ਸਕੇ ਤਾਂ ਦਿਨ ਵਿੱਚ ਤਿੰਨ ਚਾਰ ਵਾਰ। ਇਨ੍ਹਾਂ ਵਿੱਚ ਵਿਟਾਮਿਨਜ਼, ਖਣਿਜ ਤੇ ਐਂਟੀ ਆਕਸੀਡੈਂਟ ਬਹੁਤ ਹੁੰਦੇ ਹਨ। ਚਰਬੀ, ਅਲਪ ਮਾਤਰਾ ਵਿੱਚ ਹੁੰਦੀ ਜਾਂ ਕਹਿ ਲਓ ਕਿ ਹੁੰਦੀ ਹੀ ਨਹੀਂ। ਘੱਟ ਚਰਬੀ ਜਾਂ ਚਰਬੀ-ਰਹਿਤ ਆਹਾਰ ਖਾਓ। ਘੱਟ ਚਰਬੀ ਵਾਲਾ ਜਾਂ ਚਰਬੀ ਰਹਿਤ (ਸਕਿੱਮਡ ਜਾਂ ਟੋਨਡ) ਦੁੱਧ ਵਰਤੋ। ਰੈਡ ਮੀਟ ਤੋਂ ਪ੍ਰਹੇਜ਼ ਕਰੋ। ਮੱਛੀ ਤੇ ਕੁਝ ਹੱਦ ਤੱਕ ਕੁੱਕੜ (ਚਿਕਨ) ਲਾਹੇਵੰਦ ਹਨ। ਅਨਾਜ ਵੀ ਅਲੱਗ ਅਲੱਗ ਤਰ੍ਹਾਂ ਦੇ ਖਾਓ। ਛਾਣ-ਬੂਰੇ (ਸੂੜ੍ਹੇ) ਵਾਲੇ ਆਟੇ ਦੀਆਂ ਰੋਟੀਆਂ ਸਿਹਤ ਲਈ ਚੰਗੀਆਂ ਹਨ। ਲੂਣ ਦੀ ਵਰਤੋਂ ਘਟ ਕਰ ਦਿਓ।

ਜੇ ਤੁਸੀਂ ਪੈਗ ਲਾਉਣ ਦੇ ਆਦੀ ਹੋ ਤਾਂ ਇੱਕ ਹੀ ਲਓ। ਥਾਲੀ ਭਰ ਕੇ ਖਾਣਾ ਬੰਦ ਕਰ ਦਿਓ। ਵਧੇਰੇ ਕੈਲਰੀਜ਼ ਤੇ ਘੱਟ ਪੋਸ਼ਟਿਕਤਾ ਵਾਲੀਆਂ ਵਸਤਾਂ ਜਿਵੇਂ ਕੈਂਡੀਜ਼, ਸੌਫ਼ਟ ਡਰਿੰਕਸ, ਜੈਮ, ਜੈਲੀਜ਼ ਤੇ ਹੋਰ ਜੰਕ ਫ਼ੂਡ ਨਾ ਹੀ ਲਓ ਤਾਂ ਚੰਗਾ ਹੈ। ਮਲਾਈ, ਪਰੌਂਠੇ, ਆਈਸ ਕਰੀਮ, ਸਮੋਸੇ, ਕਚੌੜੀਆਂ, ਰਬੜੀ, ਮੱਖਣ, ਪਨੀਰ, ਦੇਸੀ ਘਿਓ ਆਦਿ ਦਾ ਸੇਵਨ ਘੱਟ ਕਰ ਦਿਓ। ਅੰਡੇ ਦਾ ਪੀਲਾ ਭਾਗ, ਬੱਕਰੇ, ਭੇਡੂ ਆਦਿ ਦਾ (ਰੇਡ) ਮੀਟ, ਬਟਰ ਚਿਕਨ, ਪੂਰੀ ਚਰਬੀ ਵਾਲਾ ਦੁੱਧ, ਦੇਸੀ ਘਿਓ, ਮਲਾਈ, ਆਈਸ ਕਰੀਮ, ਰਬੜੀ, ਇਹਨਾਂ ਦੀ ਘਰੋੜੀ, ਮੱਖਣ, ਆਦਿ ਵਿੱਚ ਜ਼ਿਆਦਾ ਕੋਲੈਸਟਰੋਲ ਤੇ ਸੈਚੂਰੇਟਡਫ਼ੈਟ ਹੁੰਦੇ ਹਨ। ਬੇਕਰੀ ਦੇ ਬਿਸਕੁਟ, ਪੈਟੀਜ਼, ਕੇਕ ਤੇ ਪੇਸਟ੍ਰੀਆਂ ਵਿੱਚ ਵੀ ਕਾਫ਼ੀ ਚਰਬੀ ਹੁੰਦੀ ਹੈ। ਦਾਲ, ਸਬਜ਼ੀ ਨੂੰ ਤੜਕਾ ਲਾਉਣ ਲਈ ਸੈਚੂਰੇਟਡ ਫ਼ੈਟੀ ਏਸਿਡਜ਼ ਜਿਵੇਂ ਬਨਾਸਪਤੀ ਘਿਓ,ਕੋਕੋਨਟ ਤੇ ਪਾਮ ਆਇਲ ਦਿਲ ਲਈ ਮਾੜੇ ਹਨ, ਇਨ੍ਹਾਂ ਤੋਂ ਪ੍ਰਹੇਜ਼ ਕਰੋ।

ਐਵੇਂ ਨਹੀਂ ਕਿਹਾ ਜਾਂਦਾ 'ਸਿਆਣੇ ਦਾ ਆਖਿਆ ਤੇ ਔਲ਼ੇ ਦਾ ਖਾਧਾ ਬਾਅਦ 'ਚ ਪਤਾ ਲਗਦੇ'। ਔਲ਼ੇ ਦਾ ਤੇਲ, ਮੂੰਗਫ਼ਲੀ, ਕਨੋਲਾ ਤੇ ਸਰੋਂ ਦਾ ਤੇਲ; ਪੂਫ਼ਾ ਸੂਰਜਮੁਖੀ ਦਾ ਤੇਲ, ਸੋਇਆ ਬੀਨ ਦਾ ਤੇਲ; ਤੇ ਓਮੇਗਾ 3-ਫ਼ੈਟੀ ਏਸਿਡਜ਼ ਬਦਲ ਬਦਲ ਕੇ ਵਰਤੋ। ਲਸਣ ਦੀ ਵਰਤੋਂ ਲਾਹੇਵੰਦ ਹੈ। ਜ਼ਰੂਰੀ ਨਹੀਂ ਕਿ ਤੁਸੀਂ ਵਰਜ਼ਿਸ਼ ਵਾਸਤੇ ਜਿੰਮ ਹੀ ਜਾਓ; 30 ਤੋਂ 45 ਮਿੰਟ ਦੀ ਰੋਜ਼ਾਨਾ ਸੈਰ ਤੇ ਵਧੇਰੇ ਕਿਰਿਆਸ਼ੀਲ ਰਹਿਣ ਵਾਲੇ ਕੰਮ ਮੋਟਾਪਾ ਘਟਾਉਂਦੇ ਤੇ ਚੁਸਤ ਦਰੁਸਤ ਰੱਖਦੇ ਹਨ। ਜੇ ਤੁਸੀਂ ਤੰਬਾਕੂ ਦਾ ਸੇਵਨ ਕਰਦੇ ਹੋ ਤਾਂ ਅੱਜ ਹੀ ਇਸ ਨੂੰ ਛੱਡਣ ਦਾ ਫ਼ੈਸਲਾ ਕਰ ਲਓ। ਇਹ ਛੱਡਣ ਤੋਂ ਬਾਅਦ 24 ਘੰਟੇ ਦੇ ਅੰਦਰ ਹੀ ਦਿਲ ਦੇ ਦੌਰੇ ਦਾ ਖ਼ਤਰਾ ਘਟਣਾ ਸ਼ੁਰੂ ਹੋ ਜਾਂਦਾ ਹੈ। ਮੂੰਹ ਦੀ ਬਦਬੋ ਤੇ ਸਵਾਦ ਤਕਰੀਬਨ ਇੱਕ ਹਫ਼ਤੇ ਵਿੱਚ ਠੀਕ ਹੋ ਜਾਂਦੇ ਹਨ। 'ਸਮੋਕਰਜ਼' ਵਾਲੀ ਖੰਘ ਤਿੰਨਾਂ ਮਹੀਨਿਆਂ ਵਿੱਚ ਹਟ ਜਾਂਦੀ ਹੈ।

ਇਹ ਨੰਬਰ ਚੇਤੇ ਰੱਖੋ- 200 100 40 200। ਇਹ ਮੋਬਾਇਲ ਨੰਬਰ ਨਹੀਂ ਹੈਗਾ, ਇਹ ਹੈ-ਕੋਲੈਸਟ੍ਰੋਲ 200 ਮਿਲੀਗ੍ਰਾਮ ਤੋਂ ਘੱਟ, ਐਲਡੀਐਲ (ਲੋਅ ਡੈਨਸਿਟੀ ਲਾਇਪੋ-ਪ੍ਰੋਟੀਨ) < 100 ਮਿਲੀਗ੍ਰਾਮ %, ਐਚਡੀਐਲ (ਹਾਈ ਡੈਨਸਿਟੀ ਲਾਇਪੋਪ੍ਰੋਟੀਨ) < 40 ਮਿਲੀਗ੍ਰਾਮ % ਤੇ ਟ੍ਰਾਈਲਿਸਰਾਇਡ < 200 ਮਿਲੀਗ੍ਰਾਮ %। ਅਰਥਾਤ ਭੋਜਨ, ਵਰਜ਼ਿਸ਼ ਤੇ ਕੰਮ-ਕਾਜ ਦੌਰਾਨ ਕਿਰਿਆਸ਼ੀਲ ਰਹਿਣ ਨਾਲ ਇਨ੍ਹਾਂ ਦੇ ਲੈਵਲ, ਉਕਤ ਅਨੁਸਾਰ ਘੱਟ ਰੱਖਣ ਦੇ ਉਪਰਾਲੇ ਕਰਨੇ ਚਾਹੀਦੇ ਹਨ ਆਰੰਭ ਵਿੱਚ ਹਾਈ ਬਲੱਡ ਪ੍ਰੈਸ਼ਰ ਦੇ ਕੋਈ ਲੱਛਣ ਨਹੀਂ ਹੁੰਦੇ, ਸੋ ਗਾਹੇ-ਬ-ਗਾਹੇ ਇਹ ਚੈਕ ਕਰਵਾਉਂਦੇ ਰਹਿਣਾ ਚਾਹੀਦਾ ਹੈ। ਜਿਹੜੇ ਵਿਅਕਤੀ ਬਲੱਡ ਪ੍ਰੈਸ਼ਰ ਦੇ ਮਰੀਜ਼ ਹਨ, ਉਨ੍ਹਾਂ ਨੂੰ ਨਿਰੰਤਰ ਪ੍ਰਹੇਜ਼, ਕਸਰਤ ਤੇ ਬਾਕਾਇਦਾ ਦਵਾ ਲੈਣੀ ਚਾਹੀਦੀ ਹੈ। ਤੇ ਡਾਕਟਰ ਦੀ ਸਲਾਹ ਤੋਂ ਬਿਨਾ, ਆਪਣੇ ਆਪ ਇਲਾਜ ਬਦਲਨਾ ਜਾਂ ਬੰਦ ਨਹੀਂ ਕਰਨਾ ਚਾਹੀਦਾ। ਆਪਣੇ ਡਾਕਟਰ ਦੀ ਸਲਾਹ ਮੰਨੋ ਤੇ ਉਹੀ ਦਵਾਈਆਂ ਖਾਓ ਜੋ ਡਾਕਟਰ ਨੇ ਦੱਸੀਆਂ ਹਨ, ਆਪਣੀ ਮਰਜ਼ੀ ਨਾ ਕਰੋ।



# ਪਟਿਆਲਾ ਜ਼ਿਲ੍ਹੇ 'ਚ ਭੰਗ ਦੀ ਬੂਟੀ ਪਨਪਣ ਤੋਂ ਰੋਕਣ ਲਈ ਡਿਪਟੀ ਕਮਿਸ਼ਨਰ ਵੱਲੋਂ ਕਮੇਟੀਆਂ ਗਠਿਤ

## ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪਿੰਡਾਂ ਤੇ ਸ਼ਹਿਰਾਂ 'ਚ ਭੰਗ ਦੀ ਬੂਟੀ ਦਾ ਹੋਵੇਗਾ ਸਫ਼ਾਇਆ

**ਪਟਿਆਲਾ, 31 ਮਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਜਾਰੀ ਨਿਰਦੇਸ਼ਾਂ ਦੇ ਮੱਦੇਨਜ਼ਰ ਪਟਿਆਲਾ ਜ਼ਿਲ੍ਹੇ ਅੰਦਰ ਭੰਗ ਦੀ ਬੂਟੀ ਪਨਪਣ ਤੋਂ ਰੋਕਣ ਲਈ ਸਬ ਡਵੀਜਨ ਪੱਧਰ 'ਤੇ ਕਮੇਟੀਆਂ ਦਾ ਗਠਨ ਕੀਤਾ ਹੈ। ਇਹ ਕਮੇਟੀਆਂ ਬਲਬੀਰ ਸਿੰਘ ਉਰਫ਼ ਪੰਜੂ ਬਨਾਮ ਸਟੇਟ ਆਫ਼ ਪੰਜਾਬ ਮਾਮਲੇ ਵਿੱਚ ਉਚ ਅਦਾਲਤ ਵੱਲੋਂ ਜਾਰੀ ਹਦਾਇਤਾਂ ਤਹਿਤ ਭੰਗ ਦੇ ਬੂਟੇ ਦੀ ਕਾਸ਼ਤ ਉਪਰ ਕੰਟਰੋਲ ਕਰਨ ਲਈ ਕੰਮ ਕਰਨਗੀਆਂ।

ਡਿਪਟੀ ਕਮਿਸ਼ਨਰ ਵੱਲੋਂ ਜਾਰੀ ਹੁਕਮਾਂ ਮੁਤਾਬਕ ਸਬ ਡਵੀਜਨ ਪੱਧਰ 'ਤੇ ਸਬੰਧਤ ਐਸ.ਡੀ.ਐਮਜ, ਡੀ.ਐਸ.ਪੀਜ, ਬੀ.ਡੀ.ਪੀ.ਓਜ (ਪੇਂਡੂ ਖੇਤਰ ਲਈ) ਤੇ ਸਬੰਧਤ ਨਗਰ ਕੌਂਸਲ ਜਾਂ ਨਗਰ ਪੰਚਾਇਤ ਦੇ ਕਾਰਜ ਸਾਧਕ ਅਫ਼ਸਰ (ਸ਼ਹਿਰੀ ਖੇਤਰਾਂ ਲਈ) ਨੂੰ ਇਸ ਕਮੇਟੀ ਵਿੱਚ ਸ਼ਾਮਲ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਭੰਗ ਦੀ ਬੂਟੀ ਬਾਰੇ ਜ਼ਿਲ੍ਹੇ ਦੇ ਵੱਖ-ਵੱਖ ਖੇਤਰਾਂ ਵਿੱਚ ਸਰਵੇ ਕਰਨ ਲਈ ਸ਼ਹਿਰੀ ਖੇਤਰ ਵਿੱਚ ਸਬੰਧਤ ਪਟਵਾਰੀ, ਪੁਲਿਸ ਤੇ ਨਗਰ ਕੌਂਸਲ ਦੇ ਮੁਲਾਜਮ ਡਿਊਟੀ ਨਿਭਾਉਣਗੇ। ਜਦੋਂਕਿ ਪਿੰਡਾਂ ਵਿੱਚ ਪਟਵਾਰੀ ਸਮੇਤ ਸਬੰਧਤ ਪੁਲਿਸ ਥਾਣੇ ਜਾਂ ਚੌਂਕੀ ਦੇ ਮੁਲਾਜਮ ਤੇ ਪਿੰਡ ਦੇ ਨੰਬਰਦਾਰ ਵੱਲੋਂ ਇਹ ਕੰਮ ਕੀਤਾ ਜਾਵੇਗਾ ਅਤੇ ਸਰਕਾਰੀ ਵਿਭਾਗਾਂ ਦੀ ਮਲਕੀਤੀ ਵਾਲੀ ਥਾਂ ਵਿੱਚ ਸਬੰਧਤ



ਵਿਭਾਗ ਦੇ ਮੁਖੀ ਵੱਲੋਂ ਨਾਮਜਦ ਮੁਲਾਜਮ ਅਤੇ ਸਬੰਧਤ ਥਾਣੇ ਦਾ ਮੁਲਾਜਮ ਇਸ ਸਰਵੇ ਲਈ ਡਿਊਟੀ ਕਰਨਗੇ।

ਸ਼ੌਕਤ ਅਹਿਮਦ ਪਰੇ ਵੱਲੋਂ ਜਾਰੀ ਹੁਕਮ, ਜੋਕਿ ਐਸ.ਐਸ.ਪੀ., ਸਮੂਹ ਐਸ.ਡੀ.ਐਮਜ, ਬੀ.ਡੀ.ਪੀ.ਓਜ, ਸਾਰੇ ਕਾਰਜ ਸਾਧਕ ਅਫ਼ਸਰਾਂ, ਜ਼ਿਲ੍ਹਾ ਮਾਲ ਅਫ਼ਸਰਾਂ ਅਤੇ ਸਾਰੇ ਵਿਭਾਗੀ ਮੁਖੀਆਂ ਨੂੰ ਭੇਜੇ ਗਏ ਹਨ, ਵਿੱਚ ਕਿਹਾ ਗਿਆ ਹੈ ਕਿ ਇਹ ਟੀਮਾਂ ਆਪਣਾ ਸਰਵੇ 4 ਹਫ਼ਤਿਆਂ ਵਿੱਚ ਮੁਕੰਮਲ ਕਰਨਗੀਆਂ। ਭੰਗ ਦੀ ਬੂਟੀ ਦੀ ਕਾਸ਼ਤ ਰੋਕਣ ਲਈ ਸਥਾਨਕ ਧਾਰਮਿਕ ਅਸਥਾਨਾਂ ਤੋਂ ਰੋਜ਼ਾਨਾ ਅਨਾਊਂਸਮੈਂਟ ਵੀ ਕਰਵਾਈ ਜਾਵੇਗੀ। ਕਿਉਂਕਿ ਬਰਸਾਤਾਂ ਵਿੱਚ ਭੰਗ ਦੀ ਬੂਟੀ ਹੋਰ ਵੀ ਜਿਆਦਾ ਫੈਲਦੀ ਹੈ, ਇਸ ਲਈ ਇਸ ਨੂੰ ਨਸ਼ਟ ਕਰਨ ਵਾਲੀਆਂ ਟੀਮਾਂ ਸਰਵੇ ਇਹ ਯਕੀਨੀ ਬਨਾਉਣਗੀਆਂ ਕਿ ਭੰਗ ਦੇ ਬੂਟੇ ਨੂੰ ਕਾਨੂੰਨ ਮੁਤਾਬਕ ਹੁਣੇ ਹੀ ਨਸ਼ਟ ਕੀਤਾ ਜਾਵੇ।

ਡਿਪਟੀ ਕਮਿਸ਼ਨਰ ਵੱਲੋਂ ਜਾਰੀ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਐਨ.ਡੀ.ਪੀ.ਐਸ. ਐਕਟ 1985 ਅਤੇ ਨਾਰਕੋਟਿਕਸ ਕੰਟਰੋਲ ਬਿਊਰੋ ਵੱਲੋਂ ਜਾਰੀ ਡਰੱਗ ਲਾਅ ਇਨਫੋਰਸਮੈਂਟ ਅਫ਼ਸਰ ਦੀ ਹੈਂਡਬੁਕ 'ਚ ਦਿੱਤੇ ਨਿਰਦੇਸ਼ਾਂ ਨੂੰ ਗਠਿਤ ਟੀਮਾਂ ਲਾਗੂ ਕਰਨਾ ਯਕੀਨੀ ਬਨਾਉਣਗੀਆਂ। ਉਪਰੰਤ ਇਹ ਸਾਰੀਆਂ ਟੀਮਾਂ ਆਪਣੀ ਐਕਸ਼ਨ ਟੇਕਨ ਰਿਪੋਰਟ ਵੀ ਐਸ.ਡੀ.ਐਮਜ਼ ਕੋਲ ਜਮ੍ਹਾਂ ਕਰਵਾਉਣਗੀਆਂ। ਜੇਕਰ ਇਨ੍ਹਾਂ ਟੀਮਾਂ ਨੂੰ ਭੰਗ ਦੇ ਬੂਟੇ ਮਿਲਦੇ ਹਨ ਤਾਂ ਇਨ੍ਹਾਂ ਨੂੰ ਤੁਰੰਤ ਨਿਯਮਾਂ ਮੁਤਾਬਕ ਨਸ਼ਟ ਕੀਤਾ ਜਾਵੇਗਾ ਅਤੇ ਇਹ ਟੀਮਾਂ ਇਹ ਵੀ ਯਕੀਨੀ ਬਨਾਉਣਗੀਆਂ ਕਿ ਲੋਕਾਂ ਨੂੰ ਵੀ ਜਾਗਰੂਕ ਕੀਤਾ ਜਾਵੇ ਕਿ ਭੰਗ ਦੇ ਬੂਟੇ ਉਗਾਉਣ ਵਾਲੇ ਵਿਰੁੱਧ ਨਿਯਮਾਂ ਮੁਤਾਬਕ ਅਤੇ ਐਨ.ਡੀ.ਪੀ.ਐਸ. ਐਕਟ 1985 ਤਹਿਤ ਕਾਰਵਾਈ ਕੀਤੀ ਜਾਵੇਗੀ।

# ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕੀਤਾ ਬਠਿੰਡਾ ਦਾ ਦੌਰ

**ਬਠਿੰਡਾ 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਭਾਰਤ ਦੇ ਰੱਖਿਆ ਮੰਤਰੀ ਮਾਨਯੋਗ ਰਾਜਨਾਥ ਸਿੰਘ ਜੀ ਕੱਲ ਭਾਜਪਾ ਦੀ ਵਿਸ਼ਾਲ ਰੈਲੀ ਨੂੰ ਸੰਬੋਧਨ ਕਰਨ ਲਈ ਬਠਿੰਡਾ ਪਹੁੰਚੇ। ਉਨ੍ਹਾਂ ਦਾ ਹੈਲੀਕਾਪਟਰ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਹੈਲੀਪੈਡ 'ਤੇ ਉਤਰਿਆ। ਜਿੱਥੇ ਭਾਜਪਾ ਵਰਕਰਾਂ ਨੇ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਰਿਸੀਵ ਕੀਤਾ। ਇਥੋਂ ਉਹਨਾਂ ਦਾ ਕਾਫ਼ਿਲਾ ਸੈਪਲ ਹੋਟਲ ਪਹੁੰਚਿਆ।

ਇਸ ਪਿੱਛੋਂ ਉਹ ਰੈਲੀ ਸਥਾਨ ਤੇ ਪਹੁੰਚੇ। ਜਿੱਥੇ ਉਹਨਾਂ ਨੇ ਬਠਿੰਡਾ ਲੋਕ ਸਭਾ ਸੀਟ ਤੋਂ ਭਾਜਪਾ ਉਮੀਦਵਾਰ ਬੀਬਾ ਪਰਮਪਾਲ ਕੌਰ ਦੇ ਸਮਰਥਨ ਵਿੱਚ ਬੋਲਦਿਆਂ ਕਿਹਾ ਕਿ ਸਭ ਤੋਂ ਕਾਬਲ ਉਮੀਦਵਾਰ ਹਨ।

ਜਿਹਨਾਂ ਦੇ ਭਾਸ਼ਣ ਨੂੰ ਸੁਣ ਕੇ ਪਤਾ ਲੱਗਦਾ ਹੈ ਕਿ ਬਠਿੰਡਾ ਦੇ ਲੋਕਾਂ ਲਈ ਪਰਮਪਾਲ ਸਭ ਤੋਂ ਬਿਹਤਰ ਸਾਂਸਦ ਸਾਬਤ ਹੋਣਗੇ। ਭਾਜਪਾ ਦੇ ਵਰਿਸ਼ਟ ਆਗੂ ਅਤੇ ਭਾਰਤ ਦੇ ਰੱਖਿਆ ਮੰਤਰੀ ਸ਼੍ਰੀ ਰਾਜਨਾਥ ਸਿੰਘ ਨੇ ਕਿਹਾ ਕਿ ਅੱਜ ਦੇਸ਼ ਦੇ ਪ੍ਰਧਾਨ ਮੰਤਰੀ ਸ਼੍ਰੀ ਮੋਦੀ ਦੀ ਅਗਵਾਈ ਵਿੱਚ ਨਵੀਂ ਸੋਚ ਦੇ ਨਾਲ ਨਵੇਂ ਭਾਰਤ ਦਾ ਨਿਰਮਾਣ ਅਸੀਂ ਭਾਰਤਵਾਸੀ ਹੀ ਨਹੀਂ, ਸਗੋਂ ਪੂਰੀ ਦੁਨੀਆ ਦੇਖ ਰਹੀ ਹੈ। ਉਹਨਾਂ ਕਿਹਾ ਕਿ ਦੇਸ਼ ਵਿੱਚ ਵਿਕਾਸ ਦੀ ਗਤੀ ਜੋ ਸ਼੍ਰੀ ਨਰਿੰਦਰ ਮੋਦੀ ਦੇ ਸਾਸ਼ਨ ਕਾਲ ਵਿੱਚ ਦੇਖੀ ਗਈ ਹੈ

ਉਹ ਪਿਛਲੀਆਂ ਸਰਕਾਰਾਂ ਦੇ ਕਿਸੇ ਵੀ ਸਾਸ਼ਨ ਕਾਲ ਵਿੱਚ ਨਹੀਂ ਦੇਖੀ ਗਈ।ਰਾਜਨਾਥ ਸਿੰਘ ਦੀ ਰੈਲੀ ਵਿੱਚ ਮੱਧ ਪ੍ਰਦੇਸ਼ ਦੇ ਸਾਬਕਾ ਸੀਐਮ ਸ਼ਿਵਰਾਜ ਸਿੰਘ ਚੌਹਾਨ, ਬੀਜੇਪੀ ਦੇ ਜ਼ਿਲਾ ਪ੍ਰਧਾਨ ਸਰੂਪ ਚੰਦ ਸਿੰਗਲਾ, ਪ੍ਰਦੇਸ਼ ਮਹਾਮੰਤਰੀ ਦਿਆਲ ਸਿੰਘ ਸੋਢੀ, ਸੁਨੀਲ ਸਿੰਗਲਾ, ਜਗਦੀਪ ਨਕਈ, ਨਵੀਨ ਸਿੰਗਲਾ, ਮੋਹਨ ਲਾਲ ਗਰਗ, ਆਰਕੇ ਨਾਇਕ, ਹਰਮਿੰਦਰ ਜੱਸੀ, ਸ਼ਾਮ ਲਾਲ ਬਾਂਸਲ, ਨਰਿੰਦਰ ਮਿੱਤਲ, ਰਾਕੇਸ਼ ਜੈਨ, ਗੁਰਵਿੰਦਰ ਮਾਂਗਟ, ਅਸ਼ੋਕ ਬਾਲਿਆਂ ਵਾਲੀ, ਉਮੇਸ਼ ਸ਼ਰਮਾ, ਪ੍ਰਿਤਪਾਲ ਸਿੰਘ ਸੂਰਤ ਤੋਂ ਨਿਰਵਿਰੋਧ ਚੁਣੇ ਗਏ ਐਮ.ਪੀ. ਮੁਕੇਸ਼ ਦਲਾਲ, ਵਰਿੰਦਰ ਸ਼ਰਮਾ , ਰਵੀ ਮੋਰਿਆ ਸਮੇਤ ਅਤੇ ਕਈ ਬੀਜੇਪੀ ਆਗੂ ਮੌਜੂਦ ਸਨ

# ਜੁਨੇਜਾ ਜੀ ਦੀ ਅਗਵਾਈ ਹੇਠ ਫੈਕਟਰੀ ਏਰੀਆ ਵਿੱਚ ਵਿਸ਼ਾਲ ਰੈਲੀ



**ਪਟਿਆਲਾ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਹਰਪਾਲ ਜੁਨੇਜਾ ਜੀ ਦੀ ਅਗਵਾਈ ਹੇਠ ਫੈਕਟਰੀ ਏਰੀਆ ਵਿੱਚ ਆਪ ਪਾਰਟੀ ਦੇ ਹੱਕ ਵਿੱਚ ਹਜ਼ਾਰਾਂ ਲੋਕਾਂ ਜਿੰਨੇ ਮਰਜੀ ਦਾ ਇਕੱਠ ਕਰਕੇ ਵਿਸ਼ਾਲ ਰੈਲੀ ਕੀਤੀ ਗਈ ਪ੍ਰੋਗਰਾਮ ਕੀਤਾ ਗਿਆ ਇਸ ਮੌਕੇ ਹਰਪਾਲ ਜਨੇਜਾ ਜੀ ਜੀ ਦੇ ਯਤਨ ਸਦਕਾ ਮਾਨਵ ਸੇਵਾ ਪਰਿਸ਼ਦ ਪੰਜਾਬ ਦੀ ਪ੍ਰਧਾਨ ਅਤੇ ਪਟਿਆਲਾ ਲੋਕ ਸਭਾ ਤੋਂ ਆਜ਼ਾਦ ਉਮੀਦਵਾਰ ਮੈਡਮ ਡਿੰਪਲ ਵੱਲੋਂ ਆਪਣੇ ਸੈਂਕੜੋ ਸਾਥੀਆਂ ਦੇ ਨਾਲ ਆਪ ਪਾਰਟੀ ਨੂੰ ਸਮਰਥਨ ਦਿੱਤਾ ਗਿਆ ਇਸ ਮੌਕੇ ਸਿਹਤ ਮੰਤਰੀ ਡਾਕਟਰ ਬਲਵੀਰ ਸਿੰਘ ਅਤੇ ਸੀਨੀਅਰ ਲੀਡਰਸ਼ਿਪ ਵੱਲੋਂ ਮੈਡਮ ਡਿੰਪਲ ਅਤੇ ਉਹਨਾਂ ਦੇ ਸਾਥੀਆਂ ਨੂੰ ਪਾਰਟੀ ਵਿੱਚ ਸ਼ਾਮਿਲ ਕਰ ਦਿੱਤਾ ਗਿਆ

ਡਿੰਪਲ ਨੇ ਦੱਸਿਆ ਕਿ ਉਹ ਆਪ ਪਾਰਟੀ ਦੀ ਜਾਨੇ ਦੇ ਵਿੱਚ ਕੀਤੇ ਜਾ ਰਹੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਉਸਨੇ ਪਾਰਟੀ ਨੂੰ ਸਮਰਥਨ ਦੇਣ ਦਾ ਫੈਸਲਾ ਕੀਤਾ ਹੈ। ਕਿਉਂਕਿ ਅੱਜ ਤੱਕ ਕਿਸੇ ਵੀ ਪਾਰਟੀ ਨੇ ਜਨਰਲ ਵਰਗ ਬਾਰੇ ਨਹੀਂ ਸੋਚਿਆ ਲੋਕਾਂ ਨੂੰ ਮੁਫਤ ਬਿਜਲੀ ਸੇ ਸੁਵਿਧਾਵਾਂ ਵਧੀਆ ਸਿੱਖਿਆ ਅਤੇ ਕਈ ਅਜਿਹੇ ਵਧੀਆ ਉਪਰਾਲੇ ਪਾਰਟੀ ਵੱਲੋਂ ਪੰਜਾਬ ਵਿੱਚ ਕੀਤੇ ਜਾ ਰਹੇ ਹਨ ਜਿਸ ਨਾਲ ਜਨਤਾ ਖੁਸ਼ ਹੈ ਅਤੇ ਉਹ ਕੇਂਦਰ ਵਿੱਚ ਵੀ ਆਪ ਪਾਰਟੀ ਦੀ ਸਰਕਾਰ ਚਾਹੁੰਦੀ ਹੈ ਤੇ ਉਹ ਪਟਿਆਲਾ ਦੀ ✲ਜਨਤਾ ਨੂੰ ਅਪੀਲ ਕਰਦੇ ਹਨ ਕਿ ਉਹ ਉਹਨਾਂ ਨੂੰ ਵੋਟ ਪਾਉਣ ਦੀ ਥਾਂ ਇੱਕ ਜੂਨ ਨੂੰ ਝਾੜੂ ਦਾ ਬਟਨ ਦਬਾ ਕੇ ਆਪ ਪਾਰਟੀ ਦੇ ਉਮੀਦਵਾਰ ਡਾਕਟਰ ਬਲਬੀਰ ਸਿੰਘ ਜੀ ਨੂੰ ਪਟਿਆਲਾ ਤੋਂ ਜੇਤੂ ਬਣਾਉਣ ਅਤੇ ਕੇਂਦਰ ਵਿੱਚ ਆਪ ਪਾਰਟੀ ਦਾ ਝੰਡਾ ਲਹਿਰਾਉਣ ਇਸ ਮੌਕੇ ਹਰਚੰਦ ਸਿੰਘ ਬਰਸਟ ਚੇਅਰਮੈਨ ਮੰਡੀ ਬੋਰਡ ਸਰਦਾਰ ਬਲਤੇਜ ਪੰਨੂ ਮੀਡੀਆ ਸਲਾਹਕਾਰ ਮੁੱਖ ਮੰਤਰੀ ਪੰਜਾਬ ਮੇਘਚੰਦ ਸ਼ੇਰ ਮਾਜਰਾ ਚੇਅਰਮੈਨ ਇੰਪਰੂਵਮੈਂਟ ਟਰਸਟ ਪਟਿਆਲਾ ਪ੍ਰੀਤੀ ਮਲਹੋਤਰਾ ਪ੍ਰਧਾਨ ਮਹਿਲਾ ਵਿੰਗ ਆਪ ਪਾਰਟੀ ਅਜੇ ਰੋਇਲ ਆਪ ਆਗੂ ਚੇਅਰਮੈਨ ਮਾਨਵ ਸੇਵਾ ਪਰਿਸ਼ਦ ਪੰਜਾਬ ਆਪਣੇ ਅੱਜ ਐਮਪੀ ਦਾ ਰਾਹੁਲ ਮਹਿਤਾ ਪ੍ਰਿੰਸ ਲਾਬਾ ਨਵਨੀਤ ਵਾਲੀਆ ਸਿਮਰਨ ਗਰੇਵਾਲ ਮੋਂਟੀ ਗਰੋਵਰ ਅਤੇ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਮੌਜੂਦ ਰਹੀ

# ਥਾਣਾ ਸਦਰ ਪਟਿਆਲਾ ਨੇ ਕੀਤਾ ਦੋ ਵਿਅਕਤੀਆਂ ਵਿਰੁੱਧ ਕੇਸ ਦਰਜ

**ਪਟਿਆਲਾ, 31 ਮਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਣਾ ਸਦਰ ਪਟਿਆਲਾ ਪੁਲਿਸ ਨੇ ਦੋ ਵਿਅਕਤੀਆਂ ਵਿਰੁੱਧ ਧਾਰਾ 379 ਆਈ.ਪੀ.ਸੀ. ਅਤੇ ਜੁਰਮ ਵਿਚ ਵਾਧਾ ਕਰਦਿਆਂ 411 ਆਈ. ਪੀ. ਸੀ. ਤਹਿਤ ਕੇਸ ਦਰਜ ਕੀਤਾ ਹੈ। ਪੁਲਿਸ ਮੁਤਾਬਕ ਏ. ਐਸ. ਆਈ. ਦਵਿੰਦਰ ਸਿੰਘ ਜੋ ਕਿ ਗੈਰ-ਸਮਾਜਿਕ ਅਨਸਰਾਂ ਦੀ ਭਾਲ ਵਿੱਚ ਕਰਤਾਰਪੁਰ ਚੌਂਕ ਕੋਲ ਮੌਜੂਦ ਸਨ ਨੂੰ ਸੂਚਨਾ ਮਿਲੀ ਕਿ ਜਸਕਰਨ ਸਿੰਘ ਪੁੱਤਰ ਦਰਸ਼ਨ ਸਿੰਘ, ਕਿਰਪਾਲ ਰਾਮ ਪੁੱਤਰ ਬੀਰਾ ਰਾਮ ਵਾਸੀ ਪਿੰਡ ਅਲੀਪੁਰ ਬਸਤੀ ਮੋਟਲਸਾਈਕਲ ਚੋਰੀ ਕਰਕੇ ਵੇਚਣ ਦੇ ਆਦੀ ਹਨ ਅਤੇ ਅੱਜ ਵੀ ਇੱਕ ਚੋਰੀ ਕੀਤਾ ਹੋਇਆ ਮੋਟਰਸਾਈਕਲ ਵੇਚਣ ਲਈ ਆ ਰਹੇ ਹਨ।

ਪੁਲਿਸ ਨੇ ਜਦੋਂ ਜਸਕਰਨ ਸਿੰਘ ਨੂੰ ਕਾਬੂ ਕਰਕੇ ਪੁੱਛਗਿੱਛ ਕੀਤੀ ਤਾਂ ਉਸ ਕੋਲੋਂ ਤਿੰਨ ਮੋਟਰਸਾਈਕਲ ਬਰਾਮਦ ਹੋਏ। ਪੁਲਿਸ ਨੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਸੁਰੱਖਿਆ ਡਿਊਟੀ ਤੇ ਤਾਇਨਾਤ ਪੁਲਿਸ ਅਮਲੇ ਦੀ ਵੋਟ ਪੋਸਟਲ ਬੈਲੇਟ ਪੇਪਰ ਨਾਲ ਪੁਆਉਣ ਲਈ ਫੈਸਿਲੀਟੇਸ਼ਨ ਸੈਂਟਰ ਸਥਾਪਤ

**ਪਟਿਆਲਾ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਚੋਣ ਕਮਿਸ਼ਨ ਵੱਲੋਂ ਹਰ ਇੱਕ ਵੋਟ ਨੂੰ ਕੀਮਤੀ ਜਾਣਦੇ ਹੋਏ ਹਰੇਕ ਯੋਗ ਵੋਟਰ ਦੀ ਵੋਟ ਪੁਆਉਣੀ ਯਕੀਨੀ ਬਣਾਈ ਜਾ ਰਹੀ ਹੈ। ਇਸ ਦੇ ਮੱਦੇਨਜ਼ਰ ਚੋਣ ਡਿਊਟੀ 'ਤੇ ਸੁਰੱਖਿਆ ਲਈ ਤਾਇਨਾਤ ਪੁਲਿਸ ਅਮਲੇ ਦੀ ਵੋਟ 28, 29 ਅਤੇ 31 ਮਈ ਨੂੰ ਪੋਸਟਲ ਬੈਲੇਟ ਪੇਪਰ ਨਾਲ ਪੁਆਉਣ ਲਈ ਪੀ.ਆਰ.ਟੀ.ਸੀ. ਦੇ ਮੁੱਖ ਦਫ਼ਤਰ, ਨਾਭਾ ਰੋਡ ਵਿਖੇ ਪੋਸਟਲ ਵੋਟਿੰਗ ਕੇਂਦਰ ਸਥਾਪਤ ਕੀਤਾ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਪਟਿਆਲਾ ਦੇ ਜ਼ਿਲ੍ਹਾ ਚੋਣ ਅਫ਼ਸਰ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਇੱਥੇ ਸਵੇਰੇ 9 ਤੋਂ ਸ਼ਾਮ 5 ਵਜੇ ਤੱਕ ਇਹ ਵੋਟਾਂ ਪੁਆਈਆਂ ਜਾਣਗੀਆਂ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੋਸਟਲ ਬੈਲਟ ਰਾਹੀਂ ਦਿੱਤੀ ਇਸ ਸੁਵਿਧਾ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਕੋਈ ਵੀ ਵਿਅਕਤੀ ਆਪਣੀ ਡਿਊਟੀ ਦੇ ਫਰਜ਼ ਕਾਰਨ ਵੋਟ ਪਾਉਣ ਤੋਂ ਵਾਂਝਾ ਨਾ ਰਹੇ।ਇਸ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ ਪੁਲਿਸ ਸੁਰੱਖਿਆ ਅਮਲਾ, ਜੋ ਕਿ ਚੋਣ ਡਿਊਟੀ 'ਤੇ ਤਾਇਨਾਤ ਹੈ, ਦੇ ਵੋਟਰਾਂ ਦੀਆਂ ਵੋਟਾਂ ਪੁਆਉਣ ਲਈ ਉਚਿਤ ਪ੍ਰਬੰਧ ਕੀਤੇ ਹਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਭਾਰਤੀ ਚੋਣ ਕਮਿਸ਼ਨ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ, ਜਰੂਰੀ ਸੇਵਾਵਾਂ ਦੀ ਸ਼੍ਰੇਣੀ ਵਿੱਚ ਸ਼ਾਮਲ ਵੱਖ-ਵੱਖ ਵਿਭਾਗਾਂ ਦੇ ਮੁਲਾਜਮਾਂ ਸਮੇਤ ਮੀਡੀਆ ਕਰਮੀ ਵੀ ਲੋਕ ਪ੍ਰਤੀਨਿਧਤਾ ਐਕਟ, 1951 ਦੀ ਧਾਰਾ 60 (ਸੀ) ਦੇ ਤਹਿਤ ਪੋਸਟਲ ਬੈਲਟ ਰਾਹੀਂ ਆਪਣੀ ਵੋਟ ਪਾ ਚੁੱਕੇ ਹਨ।ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਲੋਕ ਸਭਾ ਹਲਕਾ ਪਟਿਆਲਾ-13 ਲਈ ਦਿਵਿਆਂਗਜਨਾਂ, ਬਜ਼ੁਰਗਾਂ ਸਮੇਤ ਵਿਸ਼ੇਸ਼ ਲੋੜਾਂ ਵਾਲੇ ਵੋਟਰਾਂ ਦੀਆਂ ਵੋਟਾਂ 100 ਫੀਸਦੀ ਪੁਆਉਣ ਲਈ ਉਚੇਚੇ ਯਤਨ ਕਰ ਰਿਹਾ ਹੈ ਅਤੇ ਇਸੇ ਤਹਿਤ ਪਛਾਣ ਕੀਤੇ ਬਜ਼ੁਰਗਾਂ ਤੇ ਦਿਵਿਆਂਗਜਨਾਂ ਦੀਆਂ ਵੋਟਰਾਂ ਵੀ ਘਰ-ਘਰ ਜਾ ਕੇ ਪੁਆਈਆਂ ਗਈਆਂ ਹਨ ਤਾਂ ਕਿ ਕੋਈ ਵੀ ਯੋਗ ਵੋਟਰ ਆਪਣੀ ਵੋਟ ਪਾਉਣ ਤੋਂ ਵਾਂਝਾ ਨਾ ਰਹੇ।

# ਫੈਕਟਰੀ ਵਿੱਚ ਸ਼ੈਡ ਦੀ ਮੁਰੰਮਤ ਕਰਨ ਆਏ ਕਾਰੀਗਰ ਦੀ ਲਿਫਟ ਤੋਂ ਡਿੱਗ ਕੇ ਮੌਤ

**ਡੇਰਾ ਬਸੀ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੋਂ ਦੇ ਮੁਬਾਰਕਪੁਰ ਖੇਤਰ ਵਿੱਚ ਸਥਿਤ ਫੋਕਲ ਪੁਆਇੰਟ ਵਿੱਚ ਇਕ ਫੈਕਟਰੀ ਦੇ ਸ਼ੈਡ ਦੀ ਮੁਰੰਮਤ ਕਰਨ ਆਏ ਇਕ ਕਾਰੀਗਰ ਦੀ ਲਿਫ਼ਟ ਦੀ ਟਾਰ ਟੁੱਟਣ ਕਾਰਨ ਹੇਠਾਂ ਡਿੱਗ ਕੇ ਮੌਤ ਹੋ ਗਈ। ਮ੍ਰਿਤਕ ਦੀ ਪਛਾਣ 42 ਸਾਲਾ ਦੇ ਦਵਿੰਦਰ ਸਿੰਘ ਦੇ ਰੂਪ ਵਿੱਚ ਹੋਈ ਹੈ। ਮ੍ਰਿਤਕ ਆਪਣੇ ਪਿੱਛੇ ਵਿਧਵਾ ਪਤਨੀ ਅਤੇ ਦੋ ਬੱਚੇ ਛੱਡ ਗਿਆ ਹੈ।

ਇਕੱਤਰ ਕੀਤੀ ਜਾਣਕਾਰੀ ਅਨੁਸਾਰ ਫੋਕਲ ਪੁਆਇੰਟ ਵਿੱਚ ਸਥਿਤ ਪਟਿਆਲਾ ਪੈਕਰਜ਼ ਫੈਕਟਰੀ ਵਿੱਚ ਅੱਜ ਪਟਿਆਲਾ ਤੋਂ ਸ਼ੈਡ ਠੀਕ ਕਰਨ ਲਈ ਦੋ ਕਾਰੀਗਰ ਆਏ ਸੀ। ਇਨ੍ਹਾਂ ਵਿੱਚ 42 ਸਾਲਾ ਦਵਿੰਦਰ ਸਿੰਘ ਵਾਸੀ ਸੰਤ ਅਤਰ ਸਿੰਘ ਕਲੋਨੀ ਪਟਿਆਲਾ ਆਪਣੇ ਇਕ ਸਾਥੀ ਨਾਲ ਸ਼ੈਡ ਦੀ ਮੁਰੰਮਤ ਕਰਨ ਲਈ ਆਇਆ ਸੀ। ਦੋਵੇਂ ਜਣੇ 80 ਫੁੱਟ ਉੱਪਰ ਚੜਕੇ ਸ਼ੈਡ ਦੀ ਮੁਰੰਮਤ ਲਈ ਵੈਲਡਿੰਗ ਕਰ ਰਹੇ ਸੀ। ਦੁਪਹਿਰ ਨੂੰ ਦਵਿੰਦਰ ਸਿੰਘ ਲਿਫ਼ਟ ਤੋਂ ਹੇਠਾਂ ਆ ਰਿਹਾ ਸੀ

ਇਸ ਦੌਰਾਨ ਜਦ ਉਹ ਅੱਧੇ ਰਾਹ ਵਿੱਚ ਪੁਹੰਚਿਆ ਤਾਂ ਕਰੀਬ 40 ਫੁੱਟ ਤੇ ਜਾ ਕੇ ਲਿਫ਼ਟ ਦੀ ਟਾਰ ਟੁੱਟ ਗਈ। ਜਿਸ ਕਾਰਨ ਉਹ ਹੇਠਾਂ ਡਿੱਗ ਕੇ ਗੰਭੀਰ ਜ਼ਖ਼ਮੀ ਹੋ ਗਿਆ। ਉਸ ਨੂੰ ਲਿਫ਼ਟ ਦਾ ਦਰਵਾਜ਼ਾ ਤੋੜ ਕੇ ਬੜੀ ਮੁਸ਼ਕਲ ਨਾਲ ਬਾਹਰ ਕਢਿਆ ਗਿਆ। ਹਾਦਸੇ ਤੋਂ ਬਾਅਦ ਮੁਬਾਰਕਪੁਰ ਪੁਲੀਸ ਚੌਕੀ ਵਿੱਚ ਵੱਡੀ ਗਿਣਤੀ ਵਿੱਚ ਮ੍ਰਿਤਕ ਦੇ ਪਰਿਵਾਰਕ ਮੈਂਬਰ ਇਕੱਠੇ ਹੋਏ ਸੀ ਜਿਨਾਂ ਨੇ ਨੇ ਦੋਸ਼ ਲਾਇਆ ਕਿ ਜ਼ਖ਼ਮੀ ਨੂੰ ਹਸਪਤਾਲ ਲੈ ਜਾਣ ਲਈ ਲਾਪਰਵਾਹੀ ਵਰਤਦੇ ਹੋਏ ਦੇਰੀ ਕੀਤੀ ਗਈ ਜਿਸ ਕਾਰਨ ਉਸਦੀ ਮੌਤ ਹੋ



ਮਫੈਕਟਰੀ ਵਿੱਚ ਟੁੱਟੀ ਲਿਫਟ ਦੀ ਤਾਰ ਦਾ ਦ੍ਰਿਸ਼।

ਗਈ। ਮ੍ਰਿਤਕ ਦੇ ਨਾਲ ਆਏ ਉਸਦੇ ਸਾਥੀ ਵਰਿੰਦਰ ਸਿੰਘ ਵਾਸੀ ਪਟਿਆਲਾ ਨੇ ਦੱਸਿਆ ਕਿ ਉਹ ਆਪਣੇ ਉਸਤਾਦ ਨਾਲ ਸ਼ੈਡ ਦੀ ਮੁਰੰਮਤ ਕਰਨ ਲਈ ਆਏ ਸੀ।

ਉਸਨੇ ਦੋਸ਼ ਲਾਇਆ ਕਿ ਪਹਿਲਾਂ ਤਾਂ ਜ਼ਖ਼ਮੀ ਦਵਿੰਦਰ ਨੂੰ ਹਸਪਤਾਲ ਲੈ ਜਾਣ ਲਈ ਫੈਕਟਰੀ ਵਿੱਚ ਕੋਈ ਵਾਹਨ ਨਹੀ ਮਿਲਿਆ। ਇਸ ਮਗਰੋਂ ਫੈਕਟਰੀ ਪ੍ਰਬੰਧਕਾਂ ਨੇ ਨੇੜੇ ਡੇਰਾਬੱਸੀ ਹਸਪਤਾਲ ਵਿੱਚ ਲੈ ਜਾਣ ਦੀ ਥਾਂ ਜ਼ੀਰਕਪੁਰ ਦੇ ਇਕ ਨਿੱਜੀ ਹਸਪਤਾਲ ਤੋਂ ਐਂਬੂਲੈਂਸ ਮੰਗਾਈ ਜੋ ਪਹਿਲਾਂ ਤਾਂ ਦੇਰੀ ਨਾਲ ਆਈ ਅਤੇ ਬਾਅਦ ਵਿੱਚ ਰਾਹ ਵਿੱਚ ਭਾਰੀ ਜਾਮ ਹੋਣ ਕਾਰਨ ਹਸਪਤਾਲ ਵਿੱਚ ਪਹੁੰਚਣ ਵਿੱਚ ਦੇਰੀ ਹੋ ਗਈ। ਜਦ ਉਹ ਹਸਪਤਾਲ ਪਹੁੰਚਣ ਤੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਮੁਬਾਰਕਪੁਰ ਪੁਲੀਸ ਚੌਕੀ ਇੰਚਾਰਜ ਸਤਨਾਮ ਸਿੰਘ ਨੇ ਕਿਹਾ ਕਿ ਜ਼ੀਰਕਪੁਰ ਦੇ ਨਿੱਜੀ ਹਸਪਤਾਲ ਤੋਂ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਸਿਵਲ ਹਸਪਤਾਲ ਦੇ ਮੁਰਦਾਘਰ ਵਿੱਚ ਰਖਵਾ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਮ੍ਰਿਤਕ ਦੀ ਪਤਨੀ ਨੇ ਸ਼ਿਕਾਇਤ ਦੇ ਕੇ ਫੈਕਟਰੀ ਪ੍ਰਬੰਧਕਾਂ ਤੇ ਮੌਕੇ ਤੇ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਨਾ ਹੋਣ ਅਤੇ ਹਾਦਸੇ ਤੋਂ ਬਾਅਦ ਲਾਪ੍ਰਵਾਹੀ ਵਰਤਣ ਦੇ ਦੋਸ਼ ਲਾਏ ਹਨ ਜਿਸਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਉਨ੍ਹਾਂ ਨੇ ਕਿਹਾ ਕਿ ਫੈਕਟਰੀ ਪ੍ਰਬੰਧਕਾਂ ਨੂੰ ਜਾਂਚ ਵਿੱਚ ਸ਼ਾਮਲ ਕਰਨ ਲਈ ਬੁਲਾਇਆ ਗਿਆ ਹੈ ਜਿਸ ਮਗਰੋਂ ਅਗਲੀ ਕਾਰਵਾਈ ਕੀਤੀ ਜਾਏਗੀ।

# ਭ੍ਰਿਸ਼ਟਾਚਾਰੀਆਂ ਦੇ ਦਮ ਤੇ ਚੋਣ ਲੜ ਰਹੇ ਕਾਂਗਰਸ ਦੇ ਗਾਂਧੀ : ਧਰਮਿੰਦਰ ਸ਼ਰਮਾ



**ਲਾਲੜੂ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਲੋਕ ਸਭਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਨ. ਕੇ. ਸ਼ਰਮਾ ਦੇ ਭਰਾ ਧਰਮਿੰਦਰ ਸ਼ਰਮਾ ਨੇ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਕਾਂਗਰਸੀ ਉਮੀਦਵਾਰ ਧਰਮਵੀਰ ਗਾਂਧੀ ਨੂੰ ਘੇਰਦਿਆਂ ਕਿਹਾ ਕਿ ਉਹ ਇਮਾਨਦਾਰੀ ਦਾ ਦਾਅਵਾ ਕਰਦੇ ਹੋਏ ਭ੍ਰਿਸ਼ਟਾਚਾਰੀਆਂ ਦੇ ਦਮ'ਤੇ ਚੋਣ ਲੜ ਰਹੇ ਹਨ। ਧਰਮਿੰਦਰ ਸ਼ਰਮਾ ਅੱਜ ਆਪਣੇ ਭਰਾ ਐਨ.ਕੇ. ਸ਼ਰਮਾ ਦੇ ਸਮਰਥਨ ਵਿੱਚ ਚੋਣ ਪ੍ਰਚਾਰ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਡੇਰਾਬੱਸੀ ਹਲਕੇ ਵਿੱਚ ਧਰਮਵੀਰ ਗਾਂਧੀ ਦੀ ਚੋਣ ਮੁਹਿੰਮ ਚਲਾ ਰਹੇ ਦੀਪਇੰਦਰ ਸਿੰਘ ਢਿੱਲੋਂ ਮਾਈਨਿੰਗ ਮਾਫੀਆ ਦੇ ਸਰਪ੍ਰਸਤ ਰਹੇ ਹਨ। ਢਿੱਲੋਂ ਦੇ ਭਰਾ ਕਿੱਕੀ ਢਿੱਲੋਂ ਵਿਜੀਲੈਂਸ ਬਿਊਰੋ ਦੀ ਹਿਰਾਸਤ ਵਿੱਚ ਰਹਿ ਚੁੱਕੇ ਹਨ। ਲਾਕਡਾਊਨ ਦੌਰਾਨ ਜਦੋਂ ਐਨ.ਕੇ. ਸ਼ਰਮਾ ਅਤੇ ਉਨ੍ਹਾਂ ਦੇ ਸਮਰਥਕ ਇੱਥੇ ਲੋਕਾਂ ਦੀ ਮਦਦ ਕਰ ਰਹੇ ਸਨ, ਉਸ ਸਮੇਂ ਦੀਪਇੰਦਰ ਸਿੰਘ ਢਿੱਲੋਂ ਆਪਣੇ ਭਰਾ ਅਤੇ ਸਮਰਥਕਾਂ ਨਾਲ ਇੱਥੇ ਮਾਈਨਿੰਗ ਨੂੰ ਉਤਸ਼ਾਹਿਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਢਿੱਲੋਂ 'ਤੇ ਮਾਈਨਿੰਗ ਮਾਫੀਆ ਅਤੇ ਸ਼ਰਾਬ ਮਾਫੀਆ ਨੂੰ ਉਤਸ਼ਾਹਿਤ ਕਰਨ ਦੇਣ ਦੇ ਦੋਸ਼ ਲੱਗਦੇ ਰਹੇ ਹਨ। ਧਰਮਵੀਰ ਗਾਂਧੀ ਨੂੰ ਇਮਾਨਦਾਰੀ ਦੇ ਨਾਮ 'ਤੇ ਵੋਟਾਂ ਮੰਗਣ ਤੋਂ ਪਹਿਲਾਂ ਦੀਪਇੰਦਰ ਸਿੰਘ ਢਿੱਲੋਂ 'ਤੇ ਲੱਗੇ ਦੋਸ਼ਾਂ ਬਾਰੇ ਸਪੱਸ਼ਟੀਕਰਨ ਦੇਣਾ ਚਾਹੀਦਾ ਹੈ। ਧਰਮਿੰਦਰ ਸ਼ਰਮਾ ਨੇ ਅੱਜ ਪਟਿਆਲਾ ਵਿਖੇ ਹੋਈ ਰੈਲੀ ਦੌਰਾਨ ਲਾਲੜੂ ਇਲਾਕੇ ਤੋਂ ਆਏ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਕੜਾਕੇ ਦੀ ਗਰਮੀ ਦੇ ਬਾਵਜੂਦ ਹਜ਼ਾਰਾਂ ਲੋਕਾਂ ਦੇ ਇਕੱਠ ਨੇ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਦੇ ਲੋਕ ਹੁਣ ਸੱਤਾ ਅਕਾਲੀ ਦਲ ਨੂੰ ਸੌਂਪਣ ਲਈ ਤਿਆਰ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਵਾਰ ਉਨ੍ਹਾਂ ਦੇ ਹਲਕੇ ਤੋਂ ਲੋਕ ਸਭਾ ਵਿੱਚ ਜਾਣ ਦਾ ਮੌਕਾ ਮਿਲ ਰਿਹਾ ਹੈ।

ਇਸ ਮੌਕੇ ਨੂੰ ਨਾ ਗੁਆਓ ਅਤੇ ਐਨ.ਕੇ. ਸ਼ਰਮਾ ਨੂੰ ਭਾਰੀ ਵੋਟਾਂ ਨਾਲ ਜੇਤੂ ਬਣਾਓ। ਇਸ ਮੌਕੇ ਨਗਰ ਕੌਂਸਲ ਦੇ ਸਾਬਕਾ ਚੇਅਰਮੈਨ ਬਿੱਲੂ ਸਿੰਘ ਰਾਣਾ, ਬਹਾਦਰਗੜ੍ਹ ਝਰਮੜੀ, ਮਨਪ੍ਰੀਤ ਸਿੰਘ ਭੱਟੀ ਸਮੇਤ ਕਈ ਪਤਵੰਤੇ ਹਾਜ਼ਰ ਸਨ।

## ਵਿੱਤੀ ਤੰਗੀ ਤੋਂ ਪੇਸ਼ਾਨ ਚਲ ਰਹੇ 32 ਸਾਲਾ ਨੌਜਵਾਨ ਵੱਲੋਂ ਗਲ ਫਾਹਾ ਲੈ ਕੀਤੀ ਖ਼ੁਦਕੁਸ਼ੀ

**ਡੇਰਾ ਬਸੀ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੋਂ ਦੇ ਨੇੜਲੇ ਪਿੰਡ ਦਫਰਪੁਰ ਵਿਖੇ ਗੁਰੂ ਨਾਨਕ ਕਲੋਨੀ ਵਿੱਚ ਇਕ 32 ਸਾਲਾ ਨੌਜਵਾਨ ਨੇ ਗਲ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਮ੍ਰਿਤਕ ਦੀ ਪਛਾਣ ਅਜੈ ਸਿੰਘ ਵਾਸੀ ਸਿੰਘਪੁਰਾ, ਜੀਂਦ ਹਰਿਆਣਾ ਦੇ ਰੂਪ ਵਿੱਚ ਹੋਈ ਹੈ।ਮੁਬਾਰਕਪੁਰ ਪੁਲੀਸ ਚੌਕੀ ਇੰਚਾਰਜ ਸਤਨਾਮ ਸਿੰਘ ਨੇ ਦੱਸਿਆ ਕਿ ਮ੍ਰਿਤਕ ਆਪਣੀ ਪਤਨੀ ਨਾਲ ਪਿੰਡ ਦਫਰਪੁਰ ਦੀ ਗੁਰੂ ਨਾਨਕ ਕਲੋਨੀ ਵਿੱਚ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਸੀ ਅਤੇ ਡਰਾਈਵਰੀ ਕਰਦਾ ਸੀ। ਲੰਘੇ ਕਈਂ ਦਿਨਾਂ ਤੋਂ ਉਸ ਨੂੰ ਕੰਮ ਨਾ ਮਿਲਣ ਕਾਰਨ ਉਹ ਕਰਜ਼ ਹੇਠ ਦਬਿਆ ਹੋਇਆ ਸੀ। ਇਸਦੇ ਚਲਦਿਆਂ ਉਹ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਚਲ ਰਿਹਾ ਸੀ। ਲੰਘੀ ਰਾਤ ਉਸਨੇ ਆਪਣੇ ਘਰ ਗਲ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਇਸ ਦੌਰਾਨ ਉਸਦੀ ਪਤਨੀ ਪੇਕੇ ਗਈ ਹੋਈ ਸੀ। ਪਰਿਵਾਰ ਵੱਲੋਂ ਇਸਦੀ ਜਾਣਕਾਰੀ ਪੁਲੀਸ ਨੂੰ ਦਿੱਤੀ। ਪੁਲੀਸ ਨੇ ਮ੍ਰਿਤਕ ਦੀ ਲਾਸ਼ ਨੂੰ ਹੇਠਾਂ ਉੱਤਾਰ ਕੇ ਹਸਪਤਾਲ ਪਹੁੰਚਾ ਕੇ ਜਾਂਚ ਕਰਵਾਈ ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਪੁਲੀਸ ਨੇ ਦੱਸਿਆ ਕਿ ਮ੍ਰਿਤਕ ਤੋਂ ਕੋਈ ਵੀ ਸੁਸਾਈਡ ਨੋਟ ਬਰਾਮਦ ਨਹੀਂ ਹੋਇਆ। ਮ੍ਰਿਤਕ ਦੀ ਪਤਨੀ ਦੇ ਬਿਆਨ 'ਤੇ ਧਾਰਾ 174 ਤਹਿਤ ਕਾਰਵਾਈ ਕਰਦਿਆਂ ਲਾਸ਼ ਦਾ ਪੋਸਟਮਾਰਟਮ ਕਰਵਾਉਣ ਮਗਰੋਂ ਵਾਰਸਾਂ ਦੇ ਹਵਾਲੇ ਕਰ ਦਿੱਤੀ ਹੈ।

# ਮੰਤਰੀ ਜੋੜੇ ਮਾਜਰਾ ਅਤੇ ਵਿਧਾਇਕ ਦੇਵ ਮਾਨ ਨੇ ਉਮੀਦਵਾਰ ਡਾ ਬਲਵੀਰ ਸਿੰਘ ਦੇ ਹੱਕ ਵਿੱਚ ਕੀਤਾ ਗਿਆ ਚੋਣ ਪ੍ਰਚਾਰ

**ਨਾਭਾ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਵਿਧਾਨ ਸਭਾ ਨਾਭਾ ਵਿਖੇ ਲੋਕ ਸਭਾ ਹਲਕਾ ਪਟਿਆਲਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾਕਟਰ ਬਲਬੀਰ ਸਿੰਘ ਦੇ ਹੱਕ ਵਿੱਚ ਪੰਜਾਬ ਦੇ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾ ਮਾਜਰਾ ਅਤੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਵੱਲੋ ਵੱਖ ਵੱਖ ਪਿੰਡਾਂ ਵਿੱਚ ਜਾ ਕੇ ਚੋਣ ਪ੍ਰਚਾਰ ਕੀਤਾ ਗਿਆ। ਉੱਥੇ ਹੀ ਅੱਜ ਚੌਧਰੀ ਮਾਜਰਾ ਵਿਖੇ ਉਮੀਦਵਾਰ ਡਾਕਟਰ ਬਲਬੀਰ ਸਿੰਘ ਦੇ ਹੱਕ ਵਿੱਚ ਚੋਣ ਪ੍ਰਚਾਰ ਮੀਟਿੰਗ ਦਾ ਆਯੋਜਨ ਕੀਤਾ ਗਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਚੇਤਨ ਸਿੰਘ ਜੌੜਾ ਮਾਜਰਾ ਅਤੇ ਦੇਵ ਮਾਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਆਪਣਾ ਇੱਕ ਇੱਕ ਵੋਟ ਆਮ ਆਦਮੀ ਪਾਰਟੀ ਨੂੰ ਪਾ ਕੇ ਕਾਮਯਾਬ ਕਰੋ। ਉਨ੍ਹਾਂ ਕਿਹਾ ਕਿ ਹਲਕਾ ਲੋਕ ਸਭਾ ਪਟਿਆਲਾ ਦਾ ਸਰਬਪਖੀ ਵਿਕਾਸ ਹੋ ਰਿਹਾ ਹੈ,

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਜੀ ਵੱਲੋਂ ਵੱਖ ਵੱਖ ਸਕੂਲਾਂ ਨੂੰ ਲੱਖਾਂ ਕਰੋੜਾਂ ਦੀ ਗ੍ਰਾਂਟਾਂ ਦਿੱਤੀਆਂ ਗਈਆਂ ਹਨ ਤਾਂ ਜੋ ਸਾਡੇ ਸਰਕਾਰੀ ਸਕੂਲ ਪ੍ਰਾਈਵੇਟ ਸਕੂਲਾਂ ਨੂੰ ਮਾਰ ਦੇ ਸਕਣ। ਉਨਾਂ ਕਿਹਾ ਕਿ ਖੇਡਾਂ ਨੂੰ ਪ੍ਰਫੁੱਲਿਤ ਕਰਨ ਲਈ ਹਲਕੇ ਦੇ ਵੱਖ ਵੱਖ ਪਿੰਡਾਂ ਵਿੱਚ ਖੇਡ ਮੈਦਾਨ ਬਣਾਏ ਜਾ ਰਹੇ ਹਨ ਤਾਂ ਜੋ ਸਾਡੀ ਨੌਜਵਾਨ ਪੀੜੀ ਪ੍ਰੈਕਿਟਸ ਕਰ ਸਕਣ। ਉਨਾਂ ਕਿਹਾ ਕਿ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਆਮ ਆਦਮੀ ਕਲੀਨਿਕ ਖੋਲੇ ਗਏ ਹਨ ਤੇ ਰੋਜਾਨਾ ਸੈਂਕੜੇ ਲੋਕ ਮੁਹੱਲਾ ਕਲੀਨਿਕ ਵਿੱਚੋਂ ਆਪਣਾ ਇਲਾਜ ਮੁਫਤ ਕਰਵਾ ਰਹੇ ਹਨ। ਚੇਤਨ ਸਿੰਘ ਜੋੜਾ ਮਾਜਰਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਸੂਬੇ ਦੇ ਲੋਕਾਂ ਲਈ ਕਈ ਤਰ੍ਹਾਂ ਦੀਆਂ ਸਕੀਮਾਂ ਚਲਾਈਆਂ ਜਾ ਰਹੀਆਂ ਹਨ ਜਿਸ ਦਾ ਲੋਕ ਵੱਡੇ ਪੱਧਰ ਤੇ ਫਾਇਦਾ ਲੈ ਰਹੇ ਹਨ ਅਤੇ ਆਮ ਆਦਮੀ ਪਾਰਟੀ ਨਾਲ ਜੁੜ ਰਹੇ ਹਨ। ਇਸ ਮੌਕੇ ਜਸਵੀਰ ਸਿੰਘ ਜੱਸੀ ਸੋਹੀਆ ਵਾਲਾ, ਯੂਥ ਆਗੂ ਤੇਜਿੰਦਰ ਖਹਿਰਾ, ਜਸਪਾਲ ਸਿੰਘ ਕਲਿਆਣ ਸਾਬਕਾ ਚੇਅਰਮੈਨ, ਨੰਬਰਦਾਰ ਗੁਰਜੰਟ ਸਿੰਘ, ਧਰਮਿੰਦਰ ਸਿੰਘ ਸੁੱਖੇਵਾਲ, ਦੀਪਾ ਰਾਮਗੜ੍ਹ ਚੇਅਰਮੈਨ ਮਾਰਕੀਟ ਕਮੇਟੀ, ਗੁਰਦੀਪ ਸਿੰਘ ਟਿਵਾਣਾ, ਬਿੱਲਾ ਖੋਖ, ਸੁਖਦੀਪ ਸਿੰਘ ਖਹਿਰਾ, ਗੁਰਲਾਲ ਸਿੰਘ ਮੱਲੀ, ਜੀਤ ਸਿੰਘ, ਦਲਵੀਰ ਸਿੰਘ ਦੁੱਲਾ, ਹੈਪੀ ਬਾਵਾ, ਕੁਲਜੀਤ ਸਿੰਘ, ਰਜਨੀਸ਼ ਸੋਨੂ, ਬਿੱਲਾ ਕੋਟ, ਭੁਪਿੰਦਰ ਸਿੰਘ ਕੱਲਰ ਮਾਜਰੀ, ਅਰਮਾਨ ਸਿੰਘ ਪ੍ਰਧਾਨ, ਸੁਖਜਿੰਦਰ ਸਿੰਘ ਟੋਹੜਾ, ਮੇਜਰ ਸਿੰਘ ਤੁੰਗਾਂ, ਹਰਮਨਜੀਤ ਸਿੰਘ ਖਹਿਰਾ, ਹੈਰੀ ਖਹਿਰਾ, ਪ੍ਰਿੰਸ ਸ਼ਰਮਾ, ਕ੍ਰਿਸ਼ਨ ਕੁਮਾਰ, ਪੰਕਜ ਪੱਪੂ ਸਟੀਲ, ਸੰਜੇ ਮੱਗੋ, ਕਪਿਲ ਮਾਨ, ਦੀਪਕ ਨਾਗਪਾਲ, ਰਵੀ, ਮੱਖਣ ਨਿਰਮਾਣਾ, ਜਸਵੀਰ ਸਿੰਘ ਜੱਸਾ ਦੁਲੱਦੀ, ਕੁਲਬੀਰ ਸਿੰਘ ਰੋਹਟੀ, ਬੇਅੰਤ ਸਿੰਘ ਸੁੱਖੇਵਾਲ, ਸੂਬੇਦਾਰ ਗੁਰਿੰਦਰ ਸਿੰਘ, ਜੋਗਿੰਦਰ ਸਿੰਘ, ਹਰਜੀਤ ਸਿੰਘ ਗਿੱਲ, ਭੀਮ ਸਿੰਘ ਥੂਹੀ, ਗੱਗੀ ਬਨੇਰਾ, ਨਵਜੋਤ ਸਿੰਘ ਪੂਨੀਆ, ਗੱਗੀ ਬਾਬਰਪੁਰ, ਅਰਮਾਨ ਸਿੰਘ ਪ੍ਰਧਾਨ, ਸੁਖਜਿੰਦਰ ਸਿੰਘ ਟੋਹੜਾ, ਮੇਜਰ ਸਿੰਘ ਤੁੰਗਾਂ, ਹਰਮਨਜੀਤ ਸਿੰਘ ਖਹਿਰਾ, ਹੈਰੀ ਖਹਿਰਾਜਗਵਿੰਦਰ ਸਿੰਘ ਪੂਨੀਆ, ਜਸਵੀਰ ਸਿੰਘ ਵਜੀਦਪੁਰ, ਜਸਵਿੰਦਰ ਸਿੰਘ ਅਚੱਲ, ਲਾਡੀ ਕਲਿਹਾਣਾ, ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ

# ਵੋਟ ਮੰਗਣ ਤੋਂ ਪਹਿਲਾਂ ਔਰਤਾਂ ਦੇ ਇੱਕ ਹਜ਼ਾਰ ਰੁਪਏ ਮਾਸਿਕ ਭੱਤੇ ਦਾ ਹਿਸਾਬ ਦੇਣ ਆਪ ਆਗੂ : ਬਬੀਤਾ ਸ਼ਰਮਾ



**ਪਟਿਆਲਾ, 31 ਮਈ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਲੋਕ ਸਭਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਨ.ਕੇ. ਸ਼ਰਮਾ ਦੀ ਪਤਨੀ ਬਬੀਤਾ ਸ਼ਰਮਾ ਨੇ ਆਮ ਆਦਮੀ ਪਾਰਟੀ ਨੂੰ ਔਰਤਾਂ ਦੀ ਗੁਨਾਹਗਾਰਾਂ ਦੀ ਪਾਰਟੀ ਕਰਾਰ ਦਿੰਦਿਆਂ ਕਿਹਾ ਹੈ ਕਿ ਪੰਜਾਬ ਦੀਆਂ ਔਰਤਾਂ ਉਨ੍ਹਾਂ ਆਗੂਆਂ ਨੂੰ ਕਦੇ ਮੁਆਫ਼ ਨਹੀਂ ਕਰਨਗੀਆਂ ਜਿਨ੍ਹਾਂ ਨੇ ਇੱਕ ਹਜ਼ਾਰ ਰੁਪਏ ਮਹੀਨਾ ਭੱਤਾ ਦੇਣ ਦੇ ਫਾਰਮ ਭਰਵਾਏ ਅਤੇ ਲਾਭ ਦੇਣ ਤੋਂ ਪਲਟ ਗਏ। ਬਬੀਤਾ ਸ਼ਰਮਾ ਅੱਜ ਆਪਣੇ ਪਤੀ ਦੇ ਹੱਕ ਵਿੱਚ ਡੇਰਾਬੱਸੀ ਸ਼ਹਿਰ ਦੀਆਂ ਵੱਖ-ਵੱਖ ਕਲੋਨੀਆਂ ਵਿੱਚ ਮਹਿਲਾ ਸੰਗਠਨਾਂ ਨਾਲ ਮੀਟਿੰਗ ਕਰ ਰਹੀ ਸਨ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਚੋਣ ਪ੍ਰਚਾਰ ਲਈ ਆਉਣ ਤੋਂ ਪਹਿਲਾਂ ਔਰਤਾਂ ਦੇ ਖਾਤਿਆਂ ਵਿੱਚ 24-24 ਹਜ਼ਾਰ ਰੁਪਏ ਜਮ੍ਹਾਂ ਕਰਵਾਉਣ ਬਾਰੇ ਆਪਣੀ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ। ਅਜਿਹੀਆਂ ਸਿਆਸੀ ਪਾਰਟੀਆਂ ਨੂੰ ਵੋਟ ਮੰਗਣ ਦਾ ਕੋਈ ਹੱਕ ਨਹੀਂ ਜੋ ਔਰਤਾਂ ਨੂੰ ਗੁੰਮਰਾਹ ਕਰਕੇ ਉਨ੍ਹਾਂ ਦੀਆਂ ਵੋਟਾਂ ਹਾਸਲ ਕਰਦੀਆਂ ਹਨ। ਬਬੀਤਾ ਸ਼ਰਮਾ ਨੇ ਕਿਹਾ ਕਿ ਅਕਾਲੀ ਦਲ ਸਰਕਾਰ ਵੱਲੋਂ ਔਰਤਾਂ ਦੇ ਹਿੱਤ ਵਿੱਚ ਜੋ ਸਕੀਮਾਂ ਸ਼ੁਰੂ ਕੀਤੀਆਂ ਗਈਆਂ ਸਨ, ਉਨ੍ਹਾਂ ਵਿੱਚ ਕਾਂਗਰਸ ਸਰਕਾਰ ਨੇ ਕਟੌਤੀ ਕਰਨ ਦਾ ਕੰਮ ਕੀਤਾ ਅਤੇ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਉਨ੍ਹਾਂ ਸਕੀਮਾਂ ਨੂੰ ਬੰਦ ਕਰ ਰਹੀ ਹੈ। ਇਸ ਮੌਕੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਭੁਪਿੰਦਰ ਸਿੰਘ ਸੈਣੀ, ਸੁਰੇਸ਼ ਸ਼ਾਰਦਾ, ਗੁਰਬਲ ਸਿੰਘ ਪੂਨੀਆ, ਸੁਖਵਿੰਦਰ ਸਿੰਘ, ਮਲਕੀਤ ਕੌਰ, ਦਵਿੰਦਰ ਕੌਰ ਸੰਧੂ, ਰਾਮ ਧੀਮਾਨ, ਕ੍ਰਿਸ਼ਨ ਧੀਮਾਨ, ਤਰਨਬੀਰ ਸਿੰਘ ਪੂਨੀਆ, ਜਤਿੰਦਰ ਸਿੰਘ ਸਮੇਤ ਕਈ ਪਤਵੰਤੇ ਹਾਜ਼ਰ ਸਨ।

# ਇਹ ਸਮਾਂ ਚੁੱਪ ਰਹਿਣ ਦਾ ਨਹੀਂ ਸਗੋਂ ਮੈਦਾਨ ਵਿੱਚ ਡੱਟ ਜਾਣ ਦਾ ਹੈ -ਉਦੈਵੀਰ ਸਿੰਘ ਢਿੱਲੋਂ

**ਜ਼ੀਰਕਪੁਰ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਕਾਂਗਰਸ ਉਮੀਦਵਾਰ ਡਾਕਟਰ ਧਰਮਵੀਰ ਗਾਂਧੀ ਦੇ ਹੱਕ ਵਿੱਚ ਨਗਰ ਕੌਂਸਲ ਪ੍ਰਧਾਨ ਉਦੈਵੀਰ ਸਿੰਘ ਢਿੱਲੋਂ ਨੇ ਜ਼ੀਰਕਪੁਰ ਦੇ ਪਿੰਡ ਭੁੱਡਾ, ਸਿੰਘਪੁਰਾ, ਨਾਭਾ, ਦਿਆਲਪੁਰਾ, ਬਲਟਾਣਾ ਅਤੇ ਵੱਖ ਵੱਖ ਵਾਰਡਾਂ ਵਿਚ ਚੋਣ ਮੀਟਿੰਗਾਂ ਨੂੰ ਸੰਬੋਧਨ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਅੱਜ ਦੇਸ਼ ਦੀ ਸਭ ਤੋਂ ਵੱਡੀ ਲੋੜ ਹੈ ਕਿ ਇੰਡੀਆ ਗੱਠਜੋੜ ਦੀ ਜਿੱਤ ਲਈ ਇਸ ਲੜਾਈ ਨੂੰ ਇਕਜੁੱਟਤਾ ਨਾਲ ਲੜਿਆ ਜਾਵੇ ਕਿਉਂਕਿ ਦੇਸ਼ ਇਸ ਸਮੇਂ ਵੱਡੇ ਸੰਕਟ ਵਿੱਚੋਂ ਲੰਘ ਰਿਹਾ ਹੈ। ਹੁਣ ਇਹ ਸਮਾਂ ਚੁੱਪ ਰਹਿਣ ਦਾ ਨਹੀਂ ਸਗੋਂ ਮੈਦਾਨ 'ਚ ਨਿਤਰਨ ਦਾ ਹੈ। ਉਦੈਵੀਰ ਨੇ ਕਿਹਾ ਕਿ ਡਾ. ਗਾਂਧੀ ਦੀ ਸਾਫ਼ ਛਵੀ ਨੂੰ ਵੱਡੇ ਪੱਧਰ ਤੇ ਹੁੰਗਾਰਾ ਮਿਲ ਰਿਹਾ ਹੈ ਅਤੇ ਉਹ ਇਸ ਲੜਾਈ ਨੂੰ ਮੁਲਕ ਦੇ ਸੁਨਹਿਰੇ ਭਵਿੱਖ ਲਈ ਲੜ ਰਹੇ ਹਨ ਕਿਉਂਕਿ ਸੰਵਿਧਾਨ ਨੂੰ ਬਚਾਉਣ ਲਈ ਕਾਂਗਰਸ ਪਾਰਟੀ ਨੂੰ ਸੱਤਾ ਚ ਲਿਆਉਣਾ ਬਹੁਤ ਜ਼ਰੂਰੀ ਹੈ।

ਉਹਨਾਂ ਕਿਹਾ ਕਿ ਵਰਕਰ ਪਾਰਟੀ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ

# ਸ਼ਿਵ ਸੈਨਾ ਦੇ ਯੂਥ ਪ੍ਰਧਾਨ ਨੂੰ ਅਣਜਾਣ ਵਿਅਕਤੀ ਵੱਲੋਂ ਜਾਨੋ ਮਾਰਨ ਦੀ ਧਮਕੀ ਅਤੇ ਕੋਸ਼ਿਸ਼ ਕੀਤੀ ਗਈ।

**ਨਾਭਾ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**




ਸ਼ਿਵ ਸੈਨਾ ਦੇ ਯੂਥ ਪ੍ਰਧਾਨ ਕਿਸ਼ਨ ਪਵਾਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਮੇਨੂੰ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ।ਮੈਂ ਕ੍ਰਿਸ਼ਨ ਪਵਾਰ ♥/0 ਕਮਲਜੀਤ ਮਕਾਨ ਨੰਬਰ 447 ਫਰੈਂਡਸ ਕਲੋਨੀ ਕੈਟਰੋਡ ਨਾਭਾ। ਮੈਂ ਤਕਰੀਬਨ 23 ਸਾਲਾਂ ਤੋਂ ਰਹਿ ਰਿਹਾ ਹਾਂ ਪਿਛਲੇ ਕਈ ਸਾਲਾਂ ਤੋਂ ਸ਼ਿਵ ਸੇਨਾ ਪਾਰਟੀ ਵਿੱਚ ਜ਼ਿਲਾ ਯੂਥ ਪ੍ਰਧਾਨ ਪੱਖੋਂ ਕੰਮ ਕਰ ਰਿਹਾ ਹਾਂ। ਇਹਦੇ ਚੱਲਦੇ ਮੈਨੂੰ ਪਹਿਲਾਂ ਵੀ ਸ਼ੋਸ਼ਲ ਮੀਡੀਆ ਤੇ ਮਾਰਨ ਦੀ ਧਮਕੀ ਮਿਲਦੀ ਰਹੀ ਹੈ ਜਿਹਦੇ ਸੰਬੰਧੀ ਮੈਂ ਸਮੇਂ ਸਮੇਂ ਅਨੁਸਾਰ ਉਚ ਅਧਿਕਾਰੀਆਂ ਨੂੰ ਜਾਗਰੂਕਤ ਕਰਵਾਉਂਦਾ ਰਿਹਾ। ਮਿੱਤੀ 25-5-24 ਨੂੰ ਮੈਂ ਆਪਣੇ ਜਿਲਾ ਮਿਤ ਪ੍ਰਧਾਨ ਪੂਰਨ ਸਿੰਘ ਦੀ ਦੁਕਾਨ ਤੇ ਤਕਰੀਬਨ 8:45 ਤੇ ਰਾਤ ਨੂੰ ਮਿਲਨ ਗਿਆ ਜੋ ਦੁ

ਉਥੇ ਇੱਕ ਅਣਜਾਣ ਵਿਅਕਤੀ ਮੇਰੇ ਆਉਣ ਤੋ ਬਾਅਦ ਆਇਆ ਉਥੇ ਉਹਨੇ ਪਹਿਲਾਂ ਖੜਕੇ ਆਪਣੇ ਫੋਨ ਦੇ ਕੈਮਰਿਆਂ ਰਾਹੀ ਮੇਰੀ ਫੋਟੋ ਖਿੱਚੀ। ਜਦ ਮੈਂ ਉਹਦਾ ਵਿਰੋਧ ਕੀਤਾ ਤਾਂ ਉਹ ਚੁਪਚਾਪ ਬਾਹਰ ਚਲਾ ਗਿਆ। ਤਕਰੀਬਨ ਪੰਜ ਮਿੰਟਾ ਬਾਅਦ ਉਹ ਬੰਦਾ ਫਿਰ ਦੁਕਾਨ ਦੇ ਅੰਦਰ ਆ ਕੇ ਮੈਨੂੰ ਧਮਰੀਆਂ ਦਿੱਤਿਆਂ ਦੁਬਾਰਾ ਆਪਣੇ ਫੋਨ ਵਿੱਚ ਮੇਰੀ ਫੋਟੋ ਖਿੱਚੀ ਅਤੇ ਜਾਨੋ ਮਾਰਨ ਦੀ ਧਮਕੀ ਦਿੱਤੀ । ਉਥੇ ਬੈਠੇ ਲੋਕਾਂ ਰਾਹੀਂ ਉਹ ਸ਼ਕਸ਼ ਨੂੰ ਦੁਕਾਨ ਤੋਂ ਬਾਹਰ ਕਢਿਆ ਗਿਆ

ਉਸ ਵੇਲੇ ਆਪਣੀ ਕਮਰ ਤੇ ਹੱਥ ਰਖਿਆ ਜਿਵੇਂ ਕੀ ਉਹ ਕੋਈ ਹਥਿਆਰ ਕੱਢਣ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਉਸ ਤੋਂ ਬਆਦ ਤਕਰੀਬਨ ਕਈ ਗੇੜੇ ਸਪਲੈਂਡਰ ਮੋਟਰਸਾਇਕਲ ਤੇ ਦੁਕਾਨ ਦੇ ਬਾਹਰ ਗੇੜੇ ਮਾਰੇ ਜਿਹਦੀ ਜਾਣਕਾਰੀ ਮੈਂ ਐਮਰਜੈਂਸੀ ਨੰਬਰ 112 ਤੇ ਦਿੱਤੀ ਤਕਰੀਬਨ 9:15 ਵਜੇ ਦਿੱਤੀ। ਇਸ ਤੋਂ ਬਾਅਦ ਮੈਂ ਆਪਣੇ ਸਾਥਿਆਂ ਦੀ ਸੁਰਖਿਆ ਹੇਠ ਰਾਤ ਮਿਲਨ ਗਿਆ ਜੋ ਦੁਕਾਨ ਕੈਂਟ ਰੋਡ ਮਾੜਖਾਨੇ ਦੇ ਨਾਲ ਹੈ

ਉਥੇ ਇੱਕ ਅਣਜਾਣ ਵਿਅਕਤੀ ਮੇਰੇ ਆਉਣ ਤੋ ਬਾਅਦ ਆਇਆ ਉਥੇ ਉਹਨੇ ਪਹਿਲਾਂ ਖੜਕੇ ਆਪਣੇ ਫੋਨ ਦੇ ਕੈਮਰਿਆਂ ਰਾਹੀ ਮੇਰੀ

# ਪੰਜਾਬ ਸਰਕਾਰ ਨੇ ਸਨਅਤਾਂ ਤੇ ਖੇਤੀਬਾੜੀ ਨੂੰ ਤਬਾਹ ਕੀਤਾ, ਆਦਮਪੁਰ ਹਵਾਈ ਅੱਡਾ ਗੁਰੂ ਰਵਿਦਾਸ ਨੂੰ ਸਮਰਪਿਤ ਕੀਤਾ ਜਾਵੇ: ਮੋਦੀ




**ਹੁਸ਼ਿਆਰਪੁਰ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਇਥੇ ਭਾਜਪਾ ਉਮੀਦਵਾਰ ਅਨੀਤਾ ਸੋਮ ਪ੍ਰਕਾਸ਼ ਦੇ ਹੱਕ ਵਿਚ ਚੋਣ ਰੈਲੀ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਇੱਛਾ ਹੈ ਕਿ ਪੰਜਾਬ ਦੇ ਜਲੰਧਰ ਜ਼ਿਲ੍ਹੇ ਦੇ ਆਦਮਪੁਰ ਹਵਾਈ ਅੱਡੇ ਦਾ ਨਾਂ ਗੁਰੂ ਰਵਿਦਾਸ ਦੇ ਨਾਂ 'ਤੇ ਰੱਖਿਆ ਜਾਵੇ। ਗਰੀਬਾਂ ਦੀ ਭਲਾਈ ਮੇਰੀ ਸਰਕਾਰ ਦੀ ਸਭ ਤੋਂ ਵੱਡੀ ਤਰਜੀਹ ਹੈ ਅਤੇ ਇਸ ਦਿਸ਼ਾ ਵਿੱਚ ਗੁਰੂ ਰਵਿਦਾਸ ਇੱਕ ਵੱਡੀ ਪ੍ਰੇਰਨਾ ਹਨ। ਪੰਜਾਬ ਦੀ ਆਮ ਪਾਰਟੀ ਸਰਕਾਰ ਦੀ ਆਲੋਚਨਾ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਸਰਕਾਰ ਨੇ ਪੰਜਾਬ ਵਿੱਚ ਉਦਯੋਗ ਅਤੇ ਖੇਤੀਬਾੜੀ ਨੂੰ ਤਬਾਹ ਕਰ ਦਿੱਤਾ ਹੈ।

ਲੋਕ ਸਭਾ ਚੋਣਾਂ ਨੂੰ ਲੈ ਕੇ 31 ਮਈ ਨੂੰ ਪੰਜਾਬ ਵਿਚ ਹੋਣ ਵਾਲੀ ਵੋਟਿੰਗ ਲਈ ਅੱਜ ਸ਼ਾਮ 6 ਵਜੇ ਤੋਂ ਚੋਣ ਪ੍ਰਚਾਰ ਰੁੱਕ ਜਾਵੇਗਾ। ਲੋਕ ਸਭਾ ਚੋਣਾਂ ਦੇ ਆਖ਼ਰੀ ਚੋਣ ਪ੍ਰਚਾਰ ਲਈ ਅੱਜ ਪ੍ਰਧਾਨ ਮੰਤਰੀ ਨਰਿੰਦਰ ਨਰਿੰਦਰ ਮੋਦੀ ਵੱਲੋਂ ਹੁਸ਼ਿਆਰਪੁਰ ਵਿਚ ਅਨੀਤਾ ਸੋਮ ਪ੍ਰਕਾਸ਼ ਦੇ ਹੱਕ ਵਿਚ ਚੋਣ ਪ੍ਰਚਾਰ ਕੀਤਾ ਗਿਆ। ਆਪਣੇ ਸੰਬੋਧਨ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ 2024 ਦੀ ਮੇਰੀ ਇਹ ਆਖ਼ਰੀ ਚੋਣਾਵੀ ਸਭਾ ਹੈ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਛੋਟੀ ਕਾਂਸ਼ੀ ਵਜੋਂ ਜਾਣਿਆ ਜਾਂਦਾ ਹੈ। ਮੈਂ ਪੂਰੀ ਇਮਾਨਦਾਰੀ ਨਾਲ ਦੇਸ਼ ਦੀ ਸੇਵਾ ਵਿਚ ਜੁਟਿਆ ਹੋਇਆ ਹਾਂ।

ਅੱਜ ਦੇਸ਼ ਵਿਚ ਆਤਮ ਵਿਸ਼ਵਾਸ ਨਵਾਂ ਹੈ। ਕਾਫ਼ੀ ਸਮੇਂ ਬਾਅਦ ਇਹ ਸਮਾਂ ਆਇਆ ਹੈ ਕਿ ਜਦੋਂ ਪੂਰਨ ਬਹੁਮਤ ਵਾਲੀ ਕੇਂਦਰ ਸਰਕਾਰ ਹੈਟ੍ਰਿਕ ਲਗਾਉਣ ਜਾ ਰਹੀ ਹੈ। ਹਰ ਦੇਸ਼ਵਾਸੀ ਸਾਨੂੰ ਆਸ਼ਿਰਵਾਦ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਮੈਂ ਇਕ ਵਾਰ ਲਾਲ ਕਿਲ੍ਹੇ ਤੋਂ ਕਿਹਾ ਸੀ ਕਿ ਇਹੀ ਸਮਾਂ ਹੈ, ਜੋ ਸਹੀ ਸਮਾਂ ਹੈ। ਅੱਜ ਮੈਂ ਫਿਰ ਤੋਂ ਕਹਿ ਰਿਹਾ ਹਾਂ ਕਿ 21ਵੀਂ ਸਦੀ ਭਾਰਤ ਦੀ ਸਦੀ ਹੋਵੇਗੀ। ਵੀਰਾਂ ਦੀ ਧਰਤੀ ਪੰਜਾਬ ਤੋਂ ਕੌਣ ਜਾਣ ਸਕਦਾ ਹੈ ਕਿ ਦਮਦਾਰ ਸਰਕਾਰ ਕੀ ਹੁੰਦੀ ਹੈ ? ਦਮਦਾਰ ਸਰਕਾਰ ਉਹ ਹੈ, ਜਿਹੜੀ ਦੁਸ਼ਮਣਾਂ ਦੇ ਛੱਕੇ ਛੁਡਵਾ ਦੇਵੇ, ਦਮਦਾਰ ਸਰਕਾਰ ਉਹ ਹੁੰਦੀ ਹੈ, ਜਿਹੜੀ ਦੁਸ਼ਮਣਾਂ ਨੂੰ ਘਰ ਵਿਚ ਦਾਖ਼ਲ ਹੋ ਕੇ ਮਾਰੇ। ਅੱਜ ਦੇਸ਼ ਦਾ ਹਰ ਨਾਗਰਿਕ ਵਿਕਸਤ ਭਾਰਤ ਦੇ ਸੁਫ਼ਨੇ ਨਾਲ ਜੁੜਿਆ ਹੋਇਆ ਹੈ। ਪੰਜਾਬ ਵੀ ਬੋਲ ਰਿਹਾ ਹੈ ਕਿ ਫਿਰ ਇਕ ਵਾਰ 400 ਪਾਰ। ਉਨ੍ਹਾਂ ਕਿਹਾ ਕਿ ਅਸੀਂ ਤੀਜੇ ਟਰਮ ਦੇ ਰੋਡਮੈਪ ਲਈ ਵੀ ਕੰਮ ਕਰ ਲਿਆ ਹੈ। ਅਗਲੇ 25 ਸਾਲ ਦੇ ਵਿਜ਼ਨ 'ਤੇ ਸਾਡੀ ਸਰਕਾਰ ਅੱਗੇ ਵੱਧ ਰਹੀ ਹੈ।

ਆਪਣੇ ਮਨ ਦੀ ਗੱਲ ਦੱਸਦੇ ਪੀ. ਐੱਮ. ਮੋਦੀ ਨੇ ਕਿਹਾ ਕਿ ਅਸੀਂ ਅਯੁੱਧਿਆ ਵਿਚ ਪ੍ਰਭੂ ਸ਼੍ਰੀ ਰਾਮ ਜੀ ਦਾ ਮੰਦਿਰ ਬਣਾਇਆ, ਜੋਕਿ 500 ਸਾਲ ਬਾਅਦ ਬਣਿਆ ਹੈ। ਉਨ੍ਹਾਂ ਕਿਹਾ ਕਿ ਉਥੇ ਯਾਤਰੀਆਂ ਦੀ ਸੇਵਾ ਲਈ ਬਹੁਤ ਵੱਡਾ ਹਵਾਈ ਅੱਡਾ ਬਣਿਆ ਹੈ, ਜਿਸ ਦਾ ਨਾਂ ਭਗਵਾਨ ਮਹਾਰਿਸ਼ੀ ਵਾਲਮੀਕਿ ਜੀ ਦੇ ਨਾਂ 'ਤੇ ਰੱਖਿਆ ਹੈ। ਮੇਰੀ ਦਿਲੀ ਇੱਛਾ ਹੈ ਕਿ ਆਦਮਪੁਰ ਏਅਰਪੋਰਟ ਦਾ ਨਾਂ ਵੀ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਂ 'ਤੇ ਰੱਖਿਆ ਜਾਵੇ। ਸਰਕਾਰ ਬਣਨ ਤੋਂ ਬਾਅਦ ਇਸ ਦਿਸ਼ਾ ਵੱਲ ਤੇਜ਼ੀ ਨਾਲ ਕੰਮ ਕੀਤਾ ਜਾਵੇਗਾ। ਇਸ ਦੌਰਾਨ ਉਨ੍ਹਾਂ ਕਾਂਗਰਸ 'ਤੇ ਵੀ ਤਿੱਖੇ ਸ਼ਬਦੀ ਹਮਲੇ ਕੀਤੇ। ਇਸ ਦੌਰਾਨ ਨਰਿੰਦਰ ਮੋਦੀ ਨੇ ਜਨਤਾ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਹੁਸ਼ਿਆਰਪੁਰ ਤੋਂ ਭੈਣ ਅਨੀਤਾ ਸੋਮ ਪ੍ਰਕਾਸ਼ ਜੀ ਅਤੇ ਸ੍ਰੀ ਅਨੰਦਪੁਰ ਸਾਹਿਬ ਤੋਂ ਡਾ. ਸੁਭਾਸ਼ ਸ਼ਰਮਾ ਨੂੰ ਭਾਰੀ ਬਹੁਮਤ ਨਾਲ ਜਿਤਾਈਏ।

ਅੱਗੇ ਬੋਲਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਰਾਖਵਾਂਕਰਨ 'ਤੇ ਮੈਂ ਆਪਣੀ ਸਰਕਾਰ ਦੇ 10 ਸਾਲਾਂ ਵਿਚ ਲਗਾਤਾਰ ਐੱਸ.ਸੀ/ਐੱਸ.ਟੀ./ਓ.ਬੀ.ਸੀ. ਦੇ ਰਾਖਵਾਂਕਰਨ ਦੀ ਰੱਖਿਆ ਕੀਤੀ ਹੈ। ਕਾਂਗਰਸ ਅਤੇ ਇੰਡੀਆ-ਗਠਜੋੜ ਵਾਲੇ ਮੇਰੀ ਇਸ ਕੋਸ਼ਿਸ਼ ਤੋਂ ਵੀ ਭੜਕੇ ਹੋਏ ਹਨ। ਦਰਅਸਲ ਰਾਖਵਾਂਕਰਨ ਨੂੰ ਲੈ ਕੇ ਇਨ੍ਹਾਂ ਦੇ ਇਰਾਦੇ ਬੇਹੱਦ ਖ਼ਤਰਨਾਕ ਹਨ। ਇਨ੍ਹਾਂ ਦਾ ਪੂਰਾ ਟਰੈਕ ਰਿਕਾਰਡ ਐੱਸ.ਸੀ/ਐੱਸ.ਟੀ./ਓ.ਬੀ.ਸੀ. ਦਾ ਰਾਖਵਾਂਕਰਨ ਖੋਹਣ ਦਾ ਹੈ। ਉਨ੍ਹਾਂ ਕਿਹਾ ਕਿ ਮੈਂ ਇਕ ਸੰਕਲਪ ਲਿਆ ਹੈ ਕਿ ਕਿਸੇ ਨੂੰ ਵੀ ਅਨੁਸੂਚਿਤ ਭਾਈਚਾਰੇ ਦੇ ਲੋਕ, ਪਿਛੜੇ ਵਰਗ, ਆਦਿਵਾਸੀ ਲੋਕਾਂ ਦਾ ਰਾਖਵਾਂਕਰਨ ਖੋਹਣ ਨਹੀਂ ਦਿੱਤਾ ਜਾਵੇਗਾ।

# ਪੰਜਾਬ ਦੇ ਮੁੱਖ ਚੋਣ ਅਧਿਕਾਰੀ ਦਫ਼ਤਰ ਵੱਲੋਂ ਨੌਜਵਾਨ ਵੋਟਰਾਂ ਲਈ ਸਨੈਪਚੈਟ 'ਤੇ ਨਵੇਂ ਫਿਲਟਰ ਜਾਰੀ

## ਚੋਣਾਂ ਨਾਲ ਸਬੰਧਤ ਦੋ ਆਕਰਸ਼ਕ ਲੈਂਜ਼ਾਂ ਨਾਲ ਸੈਲਫ਼ੀ ਲੈ ਕੇ ਸ਼ੋਸ਼ਲ ਮੀਡੀਆ 'ਤੇ ਕਰ ਸਕਦੇ ਹਨ ਅਪਲੋਡ

**ਚੰਡੀਗੜ੍ਹ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਚੋਣਾਂ ਵਿੱਚ ਨੌਜਵਾਨ ਵੋਟਰਾਂ ਦੀ ਭਾਗੀਦਾਰੀ ਨੂੰ ਵਧਾਉਣ ਲਈ ਇੱਕ ਵਿਲੱਖਣ ਪਹਿਲਕਦਮੀ ਕਰਦਿਆਂ ਪੰਜਾਬ ਦੇ ਮੁੱਖ ਚੋਣ ਅਧਿਕਾਰੀ, ਦਫ਼ਤਰ ਵੱਲੋਂ ਦੋ ਸਨੈਪਚੈਟ ਲੈਂਜ਼ (ਫਿਲਟਰ) ਲਾਂਚ ਕੀਤੇ ਗਏ ਹਨ। ਇਹ ਲੈਂਜ਼ ਵੋਟਿੰਗ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਬਾਰੇ ਮਹੱਤਵਪੂਰਨ ਸੁਨੇਹਿਆਂ ਨੂੰ ਵਧੇਰੇ ਆਕਰਸ਼ਕ ਢੰਗ ਨਾਲ ਪ੍ਰਸਾਰਿਤ ਕਰਦੇ ਹਨ ਤਾਂ ਜੋ ਚੋਣਾਂ ਵਿੱਚ ਵੱਧ ਤੋ ਵੱਧ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਵੋਟਰਾਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਦਫ਼ਤਰ ਮੁੱਖ ਚੋਣ ਅਫ਼ਸਰ, ਪੰਜਾਬ ਦੀ ਟੀਮ ਵੱਲੋਂ ਸਨੈਪਚੈਟ ਲਈ ਦੋ ਤਰ੍ਹਾਂ ਦੇ ਲੈਂਜ਼ ਬਣਾਏ ਗਏ ਹਨ ਜਿਸ ਵਿੱਚ ਪਹਿਲਾ 'ਆਈ ਐਮ ਏ ਪਰਾਊਡ ਵੋਟਰ' ਅਤੇ ਦੂਜਾ ਯੂਜ਼ਰ ਦੇ ਚਿਹਰੇ 'ਤੇ ਚੋਣ ਲੋਗੋ ਦੇ ਪ੍ਰਿੰਟ ਵਾਲਾ ਲੈਂਜ਼ ਹੈ। 'ਆਈ ਐਮ ਏ ਪਰਾਊਡ ਵੋਟਰ÷ ਲੈਂਜ਼ ਦੀ ਵਰਤੋਂ ਕਰਕੇ ਯੂਜ਼ਰ ਆਪਣੀ 'ਸਿਆਹੀ ਲੱਗੀ ਉਂਗਲ' ਦੇ ਨਿਸ਼ਾਨ ਰਾਹੀਂ ਚੋਣ ਪ੍ਰਕਿਰਿਆ ਵਿੱਚ ਆਪਣੀ ਭਾਗੀਦਾਰੀ ਨੂੰ ਦਰਸਾ ਸਕਦੇ ਹਨ।

ਇਸ ਦੇ ਨਾਲ ਹੀ ਚੋਣ ਲੋਗੋ ਦੇ ਪ੍ਰਿੰਟ ਵਾਲਾ ਦੂਜਾ ਲੈਂਜ਼ ਯੂਜ਼ਰਸ ਨੂੰ ਲੋਕਤੰਤਰ ਦੇ ਇਸ ਤਿਓਹਾਰ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਉਤਸ਼ਾਹਿਤ ਕਰਦਾ ਹੈ। ਯੂਜ਼ਰ ਇਹਨਾਂ ਫਿਲਟਰਾਂ ਜ਼ਰੀਏ ਸੈਲਫੀ ਲੈਣ ਲਈ ਸਨੈਪਚੈਟ 'ਤੇ ਕ੍ਰਮਵਾਰ 'ਪੰਜਾਬ ਵੋਟਰਸ' ਅਤੇ 'ਪ੍ਰਾਊਡ ਵੋਟਰਸ' ਲਈ ਸਰਚ ਕਰ ਸਕਦੇ ਹਨ।

ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਇਹ ਰੋਮਾਂਚਕ ਤਜ਼ਰਬਾ ਯੂਜ਼ਰਸ ਨੂੰ ਚੋਣਾਂ ਦੀ ਮਹੱਤਤਾ ਬਾਰੇ ਜਾਗਰੂਕ ਕਰਨ ਦੇ ਨਾਲ-ਨਾਲ ਇੱਕ ਨਾਗਰਿਕ ਦੇ ਮਾਣ-ਸਨਮਾਨ ਅਤੇ ਜ਼ਿੰਮੇਵਾਰੀ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਦਾ ਹੈ। ਉਨ੍ਹਾਂ ਕਿਹਾ ਕਿ ਦਫ਼ਤਰ, ਮੁੱਖ ਚੋਣ ਅਫ਼ਸਰ ਦਾ ਉਦੇਸ਼ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਸੁਚੱਜੇ ਢੰਗ ਨਾਲ ਵਰਤੋਂ ਕਰਦਿਆਂ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚ ਕਰਨਾ ਅਤੇ ਲੋਕਤੰਤਰ ਦੇ ਇਸ ਤਿਓਹਾਰ ਵਿੱਚ ਲੋਕਾਂ ਦੀ ਸਰਗਰਮ ਭਾਗੀਦਾਰੀ ਨੂੰ ਯਕੀਨੀ ਬਣਾਉਣਾ ਹੈ।

# ਲੋਕ ਸਭਾ ਚੋਣਾਂ ਨੂੰ ਲੈ ਕਾਂਗਰਸ ਪਾਰਟੀ ਦੇ ਨੌਜਵਾਨ ਵਰਕਰਾਂ ਵਿੱਚ ਭਾਰੀ ਉਤਸ਼ਾਹ

**ਮਾਛੀਵਾੜਾ ਸਾਹਿਬ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਵੇਂ- ਜਿਵੇਂ ਲੋਕ ਸਭਾ ਦੀਆਂ ਵੋਟਾਂ ਨਜ਼ਦੀਕ ਆ ਰਹੀਆਂ ਹਨ ਹਰ ਪਾਰਟੀ ਵਰਕਰ ਆਪਣੇ ਉਮੀਦਵਾਰ ਨੂੰ ਜਿਤਾਉਣ ਦੇ ਲਈ ਪੂਰੀ ਤਰ੍ਹਾਂ ਦਿਲ ਲਗਾ ਕੇ ਮਿਹਨਤ ਕਰ ਰਿਹਾ ਹੈ। ਇਸੇ ਤਰ੍ਹਾਂ ਅੱਜ ਮਾਛੀਵਾੜਾ ਸਾਹਿਬ ਦੇ ਵਾਰਡ ਨੰਬਰ ਪੰਜ,ਸੱਤ,ਅੱਠ ਅਤੇ ਨੌਂ ਵਿੱਚ ਕਾਂਗਰਸ ਪਾਰਟੀ ਤੇ ਯੂਥ ਸ਼ਹਿਰੀ ਪ੍ਰਧਾਨ ਅੰਮ੍ਰਿਤ ਪਾਲ ਸਿੰਘ ਅਤੇ ਨੌਜਵਾਨ ਆਗੂ ਯੁਵਰਾਜ ਜੀਤ ਸਿੰਘ ਰਾਏ ਨੇ ਡੋਰ ਟੂ ਡੋਰ ਜਾ ਕੇ ਵੋਟਰਾਂ ਨੂੰ ਜਾਗਰੂਕ ਕੀਤਾ ਅਤੇ ਕਿਹਾ ਕਿ ਆਉਣ ਵਾਲੀ ਇੱਕ ਜੂਨ ਨੂੰ ਹੱਥ ਪੰਜੇ ਵਾਲਾ ਬਟਣ ਦਬਾ ਕੇ ਕਾਂਗਰਸ ਪਾਰਟੀ ਦੇ ਲੋਕ ਸਭਾ ਦੇ ਉਮੀਦਵਾਰ ਡਾ.ਅਮਰ ਸਿੰਘ ਨੂੰ ਭਾਰੀ ਬਹੁਮਤ ਨਾਲ ਜੇਤੂ ਬਣਾਈਏ ਅਤੇ ਇੱਕ ਵਾਰ ਫਿਰ ਤੋਂ ਲੋਕ ਸਭਾ ਵਿੱਚ ਭੇਜੀਏ ਤੇ ਆਪਣੇ ਇਲਾਕੇ ਦੇ ਰਹਿੰਦੇ ਵਿਕਾਸ ਕਾਰਜਾਂ ਨੂੰ ਪੂਰਾ ਕਰ ਸਕੀਏ। ਇਸ ਮੌਕੇ ਨੌਜਵਾਨ ਆਗੂ ਰਾਏ ਅਤੇ ਅੰਮ੍ਰਿਤਪਾਲ ਨੇ ਕਿਹਾ ਕਿ ਹਲਕਾ



ਸਮਰਾਲਾ ਤੋਂ ਕਾਂਗਰਸ ਪਾਰਟੀ ਦੇ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਦੀ ਅਗਵਾਈ ਵਿੱਚ ਕਾਂਗਰਸ ਪਾਰਟੀ ਦਾ ਹਰ ਵਰਕਰ ਪੂਰੀ ਮਿਹਨਤ ਕਰ ਰਿਹਾ ਹੈ ਅਤੇ ਪਿੰਡਾਂ ਸ਼ਹਿਰਾਂ ਵਿੱਚ ਜਾ ਕੇ ਕਾਂਗਰਸ ਪਾਰਟੀ ਲਈ ਪ੍ਰਚਾਰ ਕਰ ਰਿਹਾ ਹੈ।

ਡਾ. ਅਮਰ ਸਿੰਘ ਕਾਂਗਰਸ ਪਾਰਟੀ ਦੇ ਉਮੀਦਵਾਰ ਦੇ ਹੱਕ ਵਿੱਚ ਰਾਏ ਅਤੇ ਅੰਮ੍ਰਿਤਪਾਲ ਨੇ ਆਪਣੇ ਸਾਥੀਆਂ ਸਮੇਤ ਸ਼ਹਿਰ ਦੇ ਕਈ ਵਾਰਡਾਂ 'ਚ ਘਰ-ਘਰ ਚੋਣ ਪ੍ਰਚਾਰ ਕੀਤਾ ਅਤੇ ਕਾਂਗਰਸ ਪਾਰਟੀ ਦੇ ਪੋਸਟਰ, ਚੋਣ ਮੈਨੀਫੈਸਟੋ ਵੰਡੇ ਅਤੇ ਗਾਰੰਟੀ ਕਾਰਡ ਵੀ ਭਰੇ ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਦੇ ਲੋਕ ਡਾ. ਅਮਰ ਸਿੰਘ ਨੂੰ ਵੱਧ ਤੋਂ ਵੱਧ ਵੋਟਾਂ ਪਾਕੇ ਪਾਰਲੀਮੈਂਟ ਵਿੱਚ ਐੱਮ. ਪੀ ਬਣਾ ਕੇ ਭੇਜਣਗੇ। ਨੌਜਵਾਨ ਯੂਥ ਆਗੂ ਰਾਏ ਅਤੇ ਅੰਮ੍ਰਿਤਪਾਲ ਨੇ ਦੱਸਿਆ ਕਿ ਇਸ ਵਾਰ ਕਾਂਗਰਸ ਪਾਰਟੀ ਮਾਛੀਵਾੜਾ ਸਾਹਿਬ ਦੇ ਸ਼ਹਿਰ ਤੋਂ ਭਾਰੀ ਜਿੱਤ ਪ੍ਰਾਪਤ ਕਰੇਗੀ। ਇਸ ਸਮੇਂ ਉਨ੍ਹਾਂ ਨਾਲ ਬਲਜੀਤ (ਬਿੱਲੂ), ਬੱਗੀ ਸਾਬਕਾ ਐੱਮ.ਸੀ, ਪ੍ਰਭਜੋਤ ਸਿੰਘ ਅਤੇ ਬੂਟਾ ਸਿੰਘ ਆਦਿ ਹਾਜ਼ਰ ਸਨ।

# ਡੀ.ਸੀ. ਵੱਲੋਂ ਲੋਕਾਂ ਨੂੰ ਸੀ-ਵਿਜਿਲ ਐਪ ਦੀ ਵੱਧ ਤੋਂ ਵੱਧ ਵਰਤੋਂ ਕਰਨ ਦਾ ਸੱਦਾ

**ਪਟਿਆਲਾ, 31 ਮਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਸ਼ੌਕਤ ਅਹਿਮਦ ਪਰੇ ਨੇ ਜ਼ਿਲ੍ਹਾ ਨਿਵਾਸੀਆਂ ਨੂੰ ਲੋਕ ਸਭਾ ਚੋਣਾਂ ਲਈ 31 ਮਈ ਨੂੰ ਪੈਣ ਵਾਲੀਆਂ ਵੋਟਾਂ ਤੋਂ ਪਹਿਲਾਂ ਆਪੋ-ਆਪਣੇ ਇਲਾਕੇ 'ਚ ਆਦਰਸ਼ ਚੋਣ ਜ਼ਾਬਤੇ ਦੀ ਕਿਸੇ ਤਰ੍ਹਾਂ ਦੀ ਉਲੰਘਣਾ ਦੀ ਰਿਪੋਰਟ ਕਰਨ ਲਈ ਸੀ-ਵਿਜਲ ਐਪ ਦੀ ਵੱਧ ਤੋਂ ਵੱਧ ਵਰਤੋਂ ਕਰਨ ਦਾ ਸੱਦਾ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਵੋਟਰ ਲੋਕ ਸਭਾ ਚੋਣਾਂ ਨੂੰ ਨਿਰਪੱਖ, ਸੁਤੰਤਰ ਅਤੇ ਸ਼ਾਂਤਮਈ ਢੰਗ ਨਾਲ ਕਰਵਾਉਣ ਲਈ ਚੋਣ ਜ਼ਾਬਤੇ ਦੀ ਉਲੰਘਣਾ ਬਾਰੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਤੁਰੰਤ ਸੂਚਿਤ ਕਰਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸੀ-ਵਿਜਿਲ ਐਪ ਲੋਕਾਂ ਲਈ ਇੱਕ ਅਜਿਹਾ ਟੂਲ ਸਾਬਤ ਹੋ ਰਿਹਾ ਹੈ, ਜਿਸ ਨਾਲ ਆਦਰਸ਼ ਚੋਣ ਜ਼ਾਬਤੇ ਦੀ ਪਾਲਣਾ ਯਕੀਨੀ ਬਣਾਈ ਜਾ ਰਹੀ ਹੈ, ਇਸ 'ਤੇ 100 ਮਿੰਟਾਂ ਦੇ ਅੰਦਰ-ਅੰਦਰ ਕਾਰਵਾਈ ਕੀਤੀ ਜਾਂਦੀ ਹੈ।

# ਚੋਣ ਡਿਊਟੀ ਵਿਚ ਕੁਤਾਹੀ ਵਰਤਣ ਵਾਲੇ ਫਤਹਿਗੜ੍ਹ ਚੂੜੀਆਂ ਦੇ ਬੀਡੀਪੀਓ ਸਮੇਤ 6 ਮੁਅੱਤਲ

**➣ ਆਮ ਆਦਮੀ ਪਾਰਟੀ ਦੇ ਗੁਰਦਾਸਪੁਰ ਦੇ ਜ਼ਿਲ੍ਹਾ ਪ੍ਰਧਾਨ ਦਿਹਾਤੀ ਨੂੰ ਨੋਟਿਸ ਜਾਰੀ ➣ ਪਿੰਡ ਬੱਦੋਵਾਲ ਕਲਾਂ ਦੇ 2 ਵਿਅਕਤੀਆਂ ਵਿਰੁੱਧ ਪਰਚਾ ਦਰਜ**

**ਚੰਡੀਗੜ੍ਹ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰਦਾਸਪੁਰ ਲੋਕ ਸਭਾ ਸੀਟ ਅਧੀਨ ਆਉਂਦੇ ਫਤਹਿਗੜ੍ਹ ਚੂੜੀਆਂ ਵਿਚ ਆਦਰਸ਼ ਚੋਣ ਜ਼ਾਬਤੇ ਨੂੰ ਸਹੀ ਢੰਗ ਨਾਲ ਲਾਗੂ ਨਾ ਕਰਾਉਣ ਵਾਲੇ ਫਤਹਿਗੜ੍ਹ ਚੂੜੀਆਂ ਦੇ ਬੀਡੀਪੀਓ (ਬਲਾਕ ਵਿਕਾਸ ਤੇ ਪੰਚਾਇਤ ਅਧਿਕਾਰੀ) ਸਮੇਤ 6 ਕਰਮਚਾਰੀਆਂ ਨੂੰ ਜ਼ਿਲ੍ਹਾ ਚੋਣ ਅਧਿਕਾਰੀ ਵੱਲੋਂ ਮੁਅੱਤਲ ਕਰ ਦਿੱਤਾ ਗਿਆ ਹੈ। ਚੋਣ ਜ਼ਾਬਤੇ ਦੀਆਂ ਉਲੰਘਣਾਵਾਂ ਦੀਆਂ ਸ਼ਿਕਾਇਤਾਂ ਮਿਲਣ ਤੋਂ ਬਾਅਦ ਗੁਰਦਾਸਪੁਰ ਦੇ ਰਿਟਰਨਿੰਗ ਅਫਸਰ-ਕਮ-ਜ਼ਿਲ੍ਹਾ ਚੋਣ ਅਧਿਕਾਰੀ ਨੇ ਪਰਗਟ ਸਿੰਘ ਬੀਡੀਪੀਓ, ਕੁਲਜਿੰਦਰ ਸਿੰਘ ਗ੍ਰਾਮ ਵਿਕਾਸ ਅਧਿਕਾਰੀ, ਮੇਜਰ ਸਿੰਘ ਪੰਚਾਇਤ ਸਕੱਤਰ, ਵਿਲੀਅਮ ਮਸੀਹ, ਸੁਖਜੀਤ ਸਿੰਘ ਤੇ ਸ਼ਮਸ਼ੇਰ ਸਿੰਘ ਸਾਰੇ ਗ੍ਰਾਮ ਰੋਜ਼ਗਾਰ ਸੇਵਕਾਂ ਨੂੰ ਤੁਰੰਤ ਪ੍ਰਭਾਵ ਤੋਂ ਮੁਅੱਤਲ ਕਰ ਦਿੱਤਾ ਹੈ। ਇਕ ਬੁਲਾਰੇ ਨੇ ਦੱਸਿਆ ਕਿ ਫਤਹਿਗੜ੍ਹ ਚੂੜੀਆਂ ਦੇ ਵਿਧਾਇਕ ਦੀ ਸ਼ਿਕਾਇਤ ਮਿਲੀ ਸੀ ਕਿ ਇਕ ਸਰਕਾਰੀ ਪਾਰਕ ਵਿਚ ਇੰਟਰਲਾਕਿੰਗ ਟਾਈਲਾਂ ਲਵਾਈਆਂ ਜਾ ਰਹੀਆਂ ਹਨ ਜੋ ਕਿ ਚੋਣ ਜ਼ਾਬਤੇ ਦੀ ਉਲੰਘਣਾ ਹੈ। ਇਸ ਮਾਮਲੇ ਦੀ ਪੜਤਾਲ ਤੋਂ ਬਾਅਦ ਇਹ ਸ਼ਿਕਾਇਤ ਸਹੀ ਪਾਈ ਗਈ ਅਤੇ ਇਸ ਸਬੰਧੀ ਆਮ ਆਦਮੀ ਪਾਰਟੀ ਗੁਰਦਾਸਪੁਰ ਦੇ ਜ਼ਿਲ੍ਹਾ ਪ੍ਰਧਾਨ ਦਿਹਾਤੀ ਨੂੰ ਨੋਟਿਸ ਜਾਰੀ ਕੀਤਾ ਗਿਆ। ਇਹ ਟਾਈਲਾਂ ਪਾਰਕ ਵਿਚ ਸੁਟਵਾਉਣ ਵਾਲੇ ਨੁਮਾਇੰਦਿਆਂ ਖਿਲਾਫ ਮਾਮਲਾ ਦਰਜ ਕਰਨ ਲਈ ਐਸਐਸਪੀ ਨੂੰ ਲਿਖਿਆ ਗਿਆ ਅਤੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਡਾਇਰੈਕਟਰ ਨੂੰ ਓਮ ਪ੍ਰਕਾਸ਼ (ਪ੍ਰਬੰਧਕ-ਕਮ-ਵੀ.ਡੀ.ਓ) ਤੇ ਕੁਲਦੀਪ ਸਿੰਘ (ਪੰਚਾਇਤ ਸਕੱਤਰ) ਖਿਲਾਫ ਚੋਣ ਜ਼ਾਬਤਾ ਲਾਗੂ ਨਾ ਕਰਵਾ ਸਕਣ ਲਈ ਮੁਅੱਤਲ ਕਰਕੇ ਅਨੁਸ਼ਾਸ਼ਨੀ ਕਾਰਵਾਈ ਕਰਨ ਲਈ ਕਿਹਾ ਗਿਆ ਹੈ।ਇਸੇ ਤਰ੍ਹਾਂ ਫਤਹਿਗੜ੍ਹ ਚੂੜੀਆਂ ਦੇ ਪਿੰਡ ਬੱਦੋਵਾਲ ਕਲਾਂ ਵਿਚ ਸੀਮਿੰਟ ਦੇ ਬੈਂਚ ਵੰਡਣ ਦੀ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਪਿੰਡ ਦੇ ਹੀ ਦਿਲਬਾਗ ਸਿੰਘ ਅਤੇ ਸੁਖਵਿੰਦਰ ਸਿੰਘ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਸਾਰੀਆਂ ਸਿਆਸੀ ਪਾਰਟੀਆਂ ਤੇ ਉਨ੍ਹਾਂ ਦੇ ਨੁਮਾਇੰਦਿਆਂ ਨੂੰ ਚੋਣ ਜ਼ਾਬਤੇ ਦੀ ਪਾਲਣਾ ਯਕੀਨੀ ਬਣਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਚੋਣ ਜ਼ਾਬਤਾ ਲਾਗੂ ਹੋਣ ਦੇ ਪਹਿਲੇ ਦਿਨ ਤੋਂ ਹੀ ਸਾਰਾ ਪ੍ਰਸ਼ਾਸਨੀ ਅਮਲਾ ਅਤੇ ਪੁਲਿਸ ਵਿਭਾਗ ਇਸ ਗੱਲ 'ਤੇ ਜ਼ੋਰ ਦੇ ਰਿਹਾ ਹੈ ਕਿ ਚੋਣ ਪ੍ਰਚਾਰ ਅਤੇ ਚੋਣ ਅਮਲ ਦੌਰਾਨ ਕਿਸੇ ਪ੍ਰਕਾਰ ਦੇ ਜ਼ਾਬਤੇ ਦੀ ਉਲੰਘਣਾ ਨਾ ਕੀਤੀ ਜਾਵੇ ਅਤੇ ਕਾਫੀ ਹੱਦ ਤੱਕ ਇਸ ਮਕਸਦ ਵਿਚ ਪੰਜਾਬ ਕਾਮਯਾਬ ਵੀ ਰਿਹਾ ਹੈ। ਉਨ੍ਹਾਂ ਕਿਹਾ ਕਿ ਹੁਣ ਜਦੋਂ ਵੋਟਾਂ ਪੈਣ ਵਿਚ ਕੁਝ ਘੰਟੇ ਬਾਕੀ ਹਨ ਤਾਂ ਸਾਰੀਆਂ ਸਿਆਸੀ ਪਾਰਟੀਆਂ, ਚੋਣਾਂ ਲੜ ਰਹੇ ਉਮੀਦਵਾਰਾਂ, ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਅਤੇ ਸਮੱਰਥਕਾਂ ਨੂੰ ਚਾਹੀਦਾ ਹੈ ਕਿ ਉਹ ਆਦਰਸ਼ ਚੋਣ ਜ਼ਾਬਤੇ ਅਧੀਨ ਰਹਿਣ ਅਤੇ ਲੋਕਤੰਤਰ ਦੇ ਇਸ ਤਿਉਹਾਰ ਵਿਚ ਇਕ ਮਿਸਾਲ ਪੇਸ਼ ਕਰਨ।

ਸਿਬਿਨ ਸੀ ਨੇ ਸਾਰੇ ਚੋਣ ਅਧਿਕਾਰੀਆਂ-ਕਰਮਚਾਰੀਆਂ ਤੇ ਸੁਰੱਖਿਆ ਫੋਰਸ ਨੂੰ ਵੀ ਲੋਕ ਸਭਾ ਚੋਣਾਂ-2024 ਦੇ ਅੰਤਿਮ ਪੜਾਅ 'ਤੇ ਚੋਣ ਜ਼ਾਬਤੇ ਦੀ ਪਾਲਣਾ ਯਕੀਨੀ ਬਣਾਉਣ ਲਈ ਪ੍ਰੇਰਿਤ ਕੀਤਾ ਹੈ।

# ਭਾਰਤੀ ਸੰਵਿਧਾਨ, ਸੰਵਿਧਾਨਕ ਸੰਸਥਾਵਾਂ, ਸੰਵਿਧਾਨਕ ਅਧਿਕਾਰਾਂ ਦੀ ਰਾਖੀ ਲਈ ਇੰਡੀਆ ਗੱਠਜੋੜ ਨੂੰ ਜਿਤਾਉ : ਸੀਟੂ

**ਮਾਛੀਵਾੜਾ ਸਾਹਿਬ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੈਂਟਰ ਆਫ ਇੰਡੀਅਨ ਟਰੇਡ ਯੂਨੀਅਨਜ (ਸੀਟੂ) ਦੇ ਸੱਦੇ ਤੇ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ ਵੱਲੋਂ ਵੱਖ -ਵੱਖ ਪਿੰਡਾਂ ਵਿਚ ਸੀਟੂ ਦਾ 54ਵਾਂ ਸਥਾਪਨਾ ਦਿਵਸ ਸਾਥੀ ਸਿਕੰਦਰ ਬਖ਼ਸ਼ ਮੰਡ ਚੌਂਤਾ, ਹਰੀ ਰਾਮ ਭੱਟੀ, ਹਰਦੀਪ ਸਿੰਘ ਬੋੜੇ, ਸਾਥੀ ਹਰਜਿੰਦਰ ਸਿੰਘ (ਜ਼ਿੰਦੀ) ਦੀ ਅਗਵਾਈ ਵਿੱਚ ਮਨਾਇਆ ਗਿਆ।ਇਸ ਮੌਕੇ ਪੰਜਾਬ ਰਾਜ ਕਮੇਟੀ ਸੀਟੂ ਦੇ ਸੂਬਾ ਸਕੱਤਰ ਅਤੇ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾਈ ਜਨਰਲ ਸਕੱਤਰ ਸਾਥੀ ਅਮਰਨਾਥ ਕੂੰਮਕਲਾਂ ਨੇ ਕਿਹਾ ਕਿ ਇਸ ਵਾਰ ਸੀਟੂ ਦਾ ਸਥਾਪਨਾ ਦਿਵਸ ਵਿਸ਼ੇਸ਼ ਮਕਸਦ ਲਈ 18ਵੀਂ ਲੋਕ ਸਭਾ ਦੀਆਂ ਚੋਣਾਂ ਵਿੱਚ ਫ਼ਿਰਕੂ ਫਾਸ਼ੀਵਾਦੀ ਭਾਜਪਾ ਦੀ ਮੋਦੀ ਦੀ ਅਗਵਾਈ ਵਾਲੀ ਤਾਨਾਸ਼ਾਹੀ ਸਰਕਾਰ ਨੂੰ ਹਰਾਉਣ ਲਈ ਸੀਟੂ ਦੇ ਬੁਨਿਆਦੀ ਨਾਅਰੇ -ਏਕਤਾ ਅਤੇ ਸੰਘਰਸ਼ ਦੀ ਲਾਈਨ ਤੇ ਲਗਾਤਾਰ ਪਹਿਰਾ ਦਿੰਦੇ ਹੋਏ ਸਾਰੀਆਂ ਟਰੇਡ ਯੂਨੀਅਨਾਂ ਦੀ ਏਕਤਾ ਸਨਅੱਤਵਾਰ ਯੂਨੀਅਨਾਂ ਦੀ ਏਕਤਾ ਨੂੰ ਘੋਲਾਂ ਦੀ ਏਕਤਾ ਬਣਾ ਕੇ ਅਪਣੇ ਮਕਸਦ ਨੂੰ ਬਹੁਤ ਅੱਗੇ ਵਧਾਇਆ ਹੈ। ਮੋਦੀ ਸਰਕਾਰ ਵਲੋਂ ਕਿਸਾਨਾਂ ਦੀਆਂ ਫਸਲਾਂ ਅਤੇ ਨਸਲਾਂ ਖ਼ਤਮ ਕਰਨ ਲਈ ਕਾਰਪੋਰੇਟ ਘਰਾਣਿਆਂ ਦੀ ਅੰਨੀ ਲੁੱਟ ਵਿਰੁੱਧ ਮਜ਼ਦੂਰ -ਕਿਸਾਨ ਏਕਤਾ ਦੇ



ਅਗਲੇ ਪੜਾਅ ਉੱਤੇ ਇਤਿਹਾਸਕ ਪ੍ਰਾਪਤੀ ਕੀਤੀ ਹੈ। ਅੱਜ ਅਸੀਂ ਮਜ਼ਦੂਰ -ਕਿਸਾਨ ਤੇ ਲੋਕ ਏਕਤਾ ਦੇ ਅਗਲੇ ਪੜਾਅ ਉੱਤੇ ਅੱਗੇ ਵੱਧਣ ਦਾ ਅਹਿਦ ਕਰਦੇ ਹਾਂ। ਉਨ੍ਹਾਂ ਕਿਹਾ ਕਿ ਸਮੇਂ ਦੀ ਇਤਿਹਾਸਕ ਲੋੜ- ਵਿਸ਼ਾਲ ਏਕਤਾ ਤਿੱਖੇ ਘੋਲ ਦੇ ਨਾਅਰੇ ਅਨੁਸਾਰ ਅੱਜ ਤੱਕ ਸੀਟੂ ਦੀ ਲਾਈਨ ਦੇ ਆਮ ਕਿਰਤੀ ਸ਼੍ਰੇਣੀ ਵੱਲੋਂ ਕੀਤੀ ਪ੍ਰੌੜਤਾ ਅਤੇ ਸਹਿਯੋਗ ਨੇ ਹੀ ਸੀਟੂ ਨੂੰ ਦੇਸ਼ ਦੀ ਇੱਕ ਲੜਾਕੂ ਜੱਥੇਬੰਦੀ ਦਾ ਮਾਣ ਅਤੇ ਜਿੱਤਾਂ ਪ੍ਰਾਪਤ ਕਰਨ ਵਿੱਚ ਵੱਡੀ ਸਫਲਤਾ ਪਾਈ ਹੈ। ਅੱਜ ਦੇਸ਼ ਦੀ ਮੋਦੀ ਸਰਕਾਰ ਦੀ ਕਾਰਪੋਰੇਟ ਪੱਖੀ ਅਤੇ ਲੋਕ ਵਿਰੋਧੀ ਨੀਤੀਆਂ ਵਿਰੁੱਧ ਬੇਕਿਰਕ ਘੋਲ ਲੜਨ ਦੀ ਵਚਨਬੱਧਤਾ ਨੂੰ ਮੁੜ ਦੁਹਰਾਉਂਦੀ ਹੈ। ਮਜ਼ਦੂਰ ਵਿਰੋਧੀ 4 ਲੇਬਰ ਕੋਡ ਰੱਦ ਕਰਵਾਉਣ, ਜਨਤਕ ਖੇਤਰ ਦੀ ਰਾਖੀ, ਸਿਖਿਆ, ਸਿਹਤ ਅਤੇ ਰੁਜ਼ਗਾਰ ਨੂੰ ਬੁਨਿਆਦੀ ਹੱਕ ਬਣਾਉਣ ਦੇ ਸੰਘਰਸ਼ ਨੂੰ ਅੱਗੇ ਵਧਾਉਣਾ ਹੈ। ਟਰੇਡ ਯੂਨੀਅਨਾਂ ਅਤੇ ਜਮਹੂਰੀ ਅਧਿਕਾਰਾਂ ਦੀ ਰਾਖੀ ਲਈ ਵਿਸ਼ਾਲ ਲਾਮਬੰਦੀ ਦੀ ਲੋੜ ਨੂੰ ਅੱਗੇ ਲਿਆਉਣਾ ਹੈ।ਕਿਰਤੀ ਸ਼੍ਰੇਣੀ ਅਤੇ ਮੇਹਨਤੀ ਲੋਕਾਂ ਨੂੰ ਧਰਮਾਂ, ਜਾਤਾਂ, ਗੋਤਾਂ, ਬੋਲੀ ਇਲਾਕਾਵਾਦ ਆਦਿ ਉੱਤੇ ਵੰਡਣ ਅਤੇ ਫਿਰਕੂ ਪਾੜੇ ਨੂੰ ਵਧਾਉਣ ਵਾਲੀਆਂ ਸ਼ਕਤੀਆਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਨੂੰ ਹਰ ਖੇਤਰ -ਰਾਜਨੀਤਕ, ਆਰਥਿਕ, ਸਭਿਆਚਾਰਕ ਅਤੇ ਵਿਚਾਰਧਾਰਕ ਖੇਤਰ ਵਿੱਚ ਹਰਾਉਣ ਲਈ ਲਗਾਤਾਰ ਸੰਘਰਸ਼ ਨੂੰ ਤੇਜ਼ ਅਤੇ ਵਿਸ਼ਾਲ ਕਰਨ ਦਾ ਅਹਿਦ ਕਰਨਾ ਹੈ। 18ਵੀਂ ਲੋਕ ਸਭਾ ਚੋਣਾਂ ਵਿੱਚ ਫ਼ਿਰਕੂ ਫਾਸ਼ੀਵਾਦੀ ਭਾਜਪਾ ਅਤੇ ਉਸਦੇ ਸਹਿਯੋਗੀਆਂ ਨੂੰ ਲੱਕ ਤੋੜਵੀਂ ਹਾਰ ਦੇਣੀ ਹੈ ਸੰਵਿਧਾਨ ਅਤੇ ਧਰਮ ਨਿਰਪੱਖਤਾ ਦੀ ਰਾਖੀ ਲਈ ਕੋਈ ਵੀ ਕਸਰ ਬਾਕੀ ਨਹੀਂ ਰਹਿਣ ਦੇਣੀ।

ਉਘੇ ਟਰੇਡ ਯੂਨੀਅਨ ਆਗੂ ਸਾਥੀ ਕੂੰਮਕਲਾਂ ਨੇ ਮਜ਼ਦੂਰ ਜਮਾਤ ਨੂੰ ਹੋਕਾ ਦਿੰਦਿਆਂ ਪੁਰਜ਼ੋਰ ਅਪੀਲ ਕੀਤੀ ਕਿ ਪੰਜਾਬ ਵਿੱਚ ਪਹਿਲੀ ਜੂਨ ਦੀ ਚੋਣ ਵਿੱਚ ਖੱਬੀਆਂ ਪਾਰਟੀਆਂ ਨੂੰ ਹੋਰ ਵੀ ਮਜ਼ਬੂਤ ਕਰਨਾ ਅਤੇ ਜੇਤੂ ਬਣਾਉਣਾ ਹੈ।ਭਾਜਪਾ, ਅਤੇ ਉਸ ਦੇ ਸਹਿਯੋਗੀਆਂ, ਕੱਟੜਵਾਦੀ ਤੱਤਾਂ ਨੂੰ ਹੂੰਝਾ ਫੇਰੂ ਹਾਰ ਦੇਣੀ ਹੈ ਅਤੇ ਇੰਡੀਆ ਗਠਬੰਧਨ ਨੂੰ ਜੇਤੂ ਬਣਾਓਣ ਵਿਚ ਕੋਈ ਵੀ ਕਸਰ ਬਾਕੀ ਨਹੀਂ ਰਹਿਣ ਦੇਣੀ। ਉਨ੍ਹਾਂ ਕਾਰਪੋਰੇਟ ਪੱਖੀ, ਲੋਕ ਵਿਰੋਧੀ ਨੀਤੀਆਂ ਨੂੰ ਹਰਾਉਣ ਲਈ, ਬਦਲਵੀਆਂ ਲੋਕ ਪੱਖੀ ਨੀਤੀਆਂ ਨੂੰ ਲੋਕ ਜਾਗ੍ਰਿਤੀ ਦਾ ਮੁੱਖ ਕਾਰਜ ਬਣਾਉਂਦੇ ਹੋਏ ਲੋਕ ਜਮਹੂਰੀਅਤ ਦੇ ਕਾਰਜ ਦੀ ਪੂਰਤੀ ਨੂੰ ਹੋਰ ਮਜ਼ਬੂਤ ਕਰਦੇ ਹੋਏ ਸੀਟੂ ਦੀ ਸੰਵਿਧਾਨਕ ਪ੍ਰਤੀਬੱਧਤਾ -ਸਮਾਜਵਾਦ ਕਾਇਮ ਕਰਨ ਦੇ ਉਦੇਸ਼ ਵੱਲ ਅੱਗੇ ਵਧੱਦੇ ਜਾਣ ਤੇ ਜ਼ੋਰ ਦਿੱਤਾ ਅਤੇ ਮਜ਼ਦੂਰ -ਕਿਸਾਨ ਏਕਤਾ ਅਤੇ ਲੋਕ ਏਕਤਾ ਨੂੰ ਆਰਥਿਕ, ਰਾਜਸੀ, ਸਭਿਆਚਾਰਕ ਅਤੇ ਸਿਧਾਂਤਕ ਏਕਤਾ ਵਿੱਚ ਬਦਲਣ ਦੀ ਸੀਟੂ ਦੀ ਲਾਈਨ ਤੇ ਲਗਾਤਾਰ ਚੇਤਨ ਕਰਨ ਦੇ ਯਤਨਾਂ ਲਈ ਅਹਿਦ ਕਰਦੇ ਹਾਂ। ਉਪਰੋਕਤ ਆਗੂਆਂ ਨੇ ਇੰਡੀਆ ਗੱਠਜੋੜ ਦੇ ਆਗੂਆਂ ਨੂੰ ਅਪੀਲ ਕੀਤੀ ਉਹ ਅਪਣੇ ਜਿੱਤੇ ਹੋਏ ਮੈਂਬਰਾਂ ਨੂੰ ਭਾਜਪਾ ਦੇ ਕੁਰਪਟ ਸਿਸਟਮ ਤੋਂ ਬਚਾ ਕੇ ਰੱਖਣ ਲਈ ਜ਼ਰੂਰੀ ਪ੍ਰਬੰਧ ਕਰਨ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਥੀ ਜਸਪਾਲ ਸਿੰਘ ਢੋਲਣਵਾਲ, ਬੀਬੀ ਬਲਵਿੰਦਰ ਕੌਰ ਖਾਸੀ ਖੁਰਦ, ਸੰਦੀਪ ਕੌਰ, ਜਸਵੀਰ ਕੌਰ, ਬਲਵੀਰ ਕੌਰ,ਸੋਮ ਕੌਰ, ਪਰਮਜੀਤ ਕੌਰ, ਜਸਵੀਰ ਕੌਰ, ਬਲਵਿੰਦਰ ਕੌਰ ਬੋੜੇ, ਕੁਲਵਿੰਦਰ ਕੌਰ, ਰਾਣੀ, ਮਨਦੀਪ ਕੌਰ, ਕਰਮਜੀਤ ਕੌਰ, ਗੀਤਾ ਆਦਿ ਹਾਜ਼ਰ ਸਨ।

# ਵਿਜੀਲੈਂਸ ਬਿਊਰੋ ਨੇ ਈਐਸਆਈਸੀ ਹਸਪਤਾਲ ਦਾ ਮੁਲਾਜ਼ਮ ਤੇ ਪ੍ਰਾਈਵੇਟ ਵਿਅਕਤੀ 25000 ਰੁਪਏ ਰਿਸ਼ਵਤ ਲੈਂਦਿਆਂ ਕੀਤੇ ਕਾਬੂ

**ਚੰਡੀਗੜ੍ਹ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਬੁੱਧਵਾਰ ਨੂੰ ਈਐਸਆਈਸੀ ਹਸਪਤਾਲ, ਲੁਧਿਆਣਾ ਵਿੱਚ ਤਾਇਨਾਤ ਸੁਖਬੀਰ ਸਿੰਘ ਅਤੇ ਉਸਦੇ ਸਾਥੀ ਨਵਨੀਤ ਕੁਮਾਰ, ਵਾਸੀ ਗੁਰੂ ਅਰਜਨ ਦੇਵ ਨਗਰ, ਲੁਧਿਆਣਾ ਨੂੰ 25000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ



ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮਾਂ ਨੂੰ ਦਿਨੇਸ਼ ਕੁਮਾਰ ਵਾਸੀ ਪਿੰਡ ਫੁੱਲਾਂਵਾਲ, ਜ਼ਿਲ੍ਹਾ ਲੁਧਿਆਣਾ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਨੂੰ ਸੰਪਰਕ ਕਰਕੇ ਦੱਸਿਆ ਹੈ ਕਿ ਉਸਨੂੰ ਪਤਾ ਲੱਗਾ ਸੀ ਕਿ ਈਐਸਆਈਸੀ ਹਸਪਤਾਲ, ਭਾਰਤ ਨਗਰ ਚੌਕ ਲੁਧਿਆਣਾ ਵਿੱਚ ਠੇਕੇ ਦੇ ਆਧਾਰ 'ਤੇ ਲੈਬਾਰਟਰੀ ਟੈਕਨੀਸ਼ੀਅਨ ਦੀਆਂ ਅਸਾਮੀਆਂ ਭਰੀਆਂ ਜਾਣੀਆਂ ਹਨ। ਇਸ ਸਬੰਧੀ ਉਹ ਈਐਸਆਈਸੀ ਹਸਪਤਾਲ ਦੀ ਐਚਆਰ ਸ਼ਾਖਾ ਦੇ ਸੁਖਬੀਰ ਸਿੰਘ ਨੂੰ ਮਿਲਿਆ, ਜਿਸ ਨੇ ਉਸ ਨੂੰ ਆਪਣੇ ਵਟਸਐਪ ਨੰਬਰ 'ਤੇ ਵਿੱਦਿਅਕ ਯੋਗਤਾ ਦੇ ਦਸਤਾਵੇਜ਼ ਭੇਜਣ ਲਈ ਕਿਹਾ। ਸ਼ਿਕਾਇਤਕਰਤਾ ਨੇ ਅੱਗੇ ਦੱਸਿਆ ਕਿ ਕੁਝ ਦਿਨਾਂ ਬਾਅਦ ਕਿਸੇ ਅਣਪਛਾਤੇ ਵਿਅਕਤੀ ਨੇ ਉਸਨੂੰ ਸਮਰਾਲਾ ਚੌਕ ਲੁਧਿਆਣਾ ਵਿਖੇ ਮਿਲਣ ਲਈ ਬੁਲਾਇਆ, ਜਿਸ ਨੇ ਉਸਨੂੰ ਦੱਸਿਆ ਕਿ ਉਕਤ ਸੁਖਬੀਰ ਸਿੰਘ ਨੇ ਹਸਪਤਾਲ ਵਿੱਚ ਨੌਕਰੀ ਦਿਵਾਉਣ ਲਈ 1,10,000 ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ ਹੈ। ਇਸ ਤੋਂ ਬਾਅਦ ਸੁਖਬੀਰ ਸਿੰਘ ਨੇ ਵੀ ਉਸ ਨੂੰ ਕੰਮ ਕਰਵਾਉਣ ਲਈ 100000 ਰੁਪਏ ਦਾ ਪ੍ਰਬੰਧ ਕਰਨ ਦੀ ਗੱਲ ਵੀ ਆਖੀ।

ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਪੜਤਾਲ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਅਤੇ ਉਕਤ ਮੁਲਜ਼ਮ ਸੁਖਬੀਰ ਸਿੰਘ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 25000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਇਸ ਤੋਂ ਬਾਅਦ ਮੁੱਖ ਮੁਲਜ਼ਮ ਸੁਖਬੀਰ ਸਿੰਘ ਦੇ ਇੱਕ ਸਾਥੀ ਨਵਨੀਤ ਕੁਮਾਰ ਨੂੰ ਵੀ ਸਮਰਾਲਾ ਚੌਕ ਲੁਧਿਆਣਾ ਤੋਂ ਗ੍ਰਿਫ਼ਤਾਰ ਕਰ ਲਿਆ।

## ਵਿਕਾਸ ਤੇ ਕਿਰਦਾਰ ਨੂੰ ਵੋਟ ਦੇਣ ਦੀ ਅਪੀਲ

**ਡੇਰਾਬੱਸੀ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਤੋਂ ਪਟਿਆਲਾ ਲੋਕਸਭਾ ਦੇ ਉਮੀਦਵਾਰ ਐਨ. ਕੇ ਸ਼ਰਮਾ ਨੇ ਕਾਂਗਰਸ ਤੋਂ ਡਾ. ਧਰਮਵੀਰ ਗਾਂਧੀ, ਭਾਜਪਾ ਤੋਂ ਪਰਨੀਤ ਕੌਰ ਤੇ ਆਪ ਉਮੀਦਵਾਰ ਡਾ. ਬਲਬੀਰ ਸਿੰਘ ਨੂੰ ਘੇਰਦੀਆਂ ਕਿਹਾ ਕਿ ਇਨ੍ਹਾਂ ਉਮੀਦਵਾਰਾਂ ਕੋਲ ਮੇਰੇ ਸਵਾਲਾਂ ਦਾ ਜਵਾਬ ਨਹੀਂ ਹੈ ਤੇ ਨਾ ਹੀ ਇਨ੍ਹਾਂ ਕੋਲ ਕੋਈ ਚੋਣ ਏਜੰਡਾ ਹੈ। ਜਿਥੇ ਉਹ ਵਿਕਾਸ ਤੇ ਕਿਰਦਾਰ ਤੇ ਚੋਣ ਲੜ ਰਹੀ ਹੈ ਉੱਥੇ ਵਿਰੋਧੀ ਉਮੀਦਵਾਰ ਮੁੱਦਾ ਹੀਣ ਹੈ। ਅੱਜ ਸਵਾਲਾਂ ਦੇ ਜਵਾਬ ਦੇਣ ਤੋਂ ਭੱਜ ਰਹੇ ਉਮੀਦਵਾਰ ਲੋਕਾਂ ਅੱਗੇ ਬੇਨਕਾਬ ਹੋ ਗਏ ਹਨ।

ਐਨ ਕੇ ਸ਼ਰਮਾ ਨੇ ਕਿਹਾ ਕਿ ਪਟਿਆਲਾ ਜ਼ਿਲ੍ਹੇ ਵਿੱਚ ਵਿਰੋਧੀ ਉਮੀਦਵਾਰਾਂ ਦਾ ਲੋਕਾਂ ਵਲੋਂ ਘਿਰਾਓ ਕਰ ਕਾਰਗੁਜਾਰੀ ਤੇ ਕਿਰਦਾਰ ਸਵਾਲ ਪੁੱਛੇ ਜਾ ਰਹੇ ਹਨ। ਪਰਨੀਤ ਕੌਰ 20 ਸਾਲ ਮੈਂਬਰ ਪਾਰਲੀਮੈਂਟ ਰਹੀ ਪਰ ਜਦੋਂ ਕਾਰਗੁਜਾਰੀ ਪੁੱਛੀ ਤਾਂ ਮੈਦਾਨ ਛੱਡ ਭੱਜ ਗਈ। ਇਹੀ ਹਾਲ ਡਾ ਗਾਂਧੀ ਤੇ ਬਲਬੀਰ ਸਿੰਘ ਦਾ ਹੈ। ਉਨ੍ਹਾਂ ਚਣੌਤੀ ਦਿੰਦਿਆਂ ਕਿਹਾ ਕਿ ਵਿਕਾਸ ਤੇ ਕਿਰਦਾਰ ਮੁੱਦੇ ਤੇ ਹਰ ਤਰ੍ਹਾਂ ਦੀ ਬਹਿਸ ਕਰਨ ਨੂੰ ਤਿਆਰ ਹਨ।

# ਜਨ ਹਿੱਤ ਸੰਮਤੀ ਵਲੋ ਸਿਲਾਈ ਕਢਾਈ ਸੈਂਟਰ ਦੀਆਂ ਲੜਕੀਆਂ ਨੂੰ ਟ੍ਰੇਨਿੰਗ ਪੂਰੀ ਹੋਣ ਤੇ ਸਰਟੀਫਿਕੇਟ ਵੰਡਣੇ ਸ਼ਲਾਘਾਯੋਗ: ਐਸ ਕੇ ਗੋਤਮ

**ਪਟਿਆਲਾ, 31 ਮਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਦੀ ਨਾਮਵਰ ਸਮਾਜ ਸੇਵੀ ਸੰਸਥਾ ਜਨ ਹਿੱਤ ਸੰਮਤੀ ਵਲੋਂ ਪ੍ਰਧਾਨ ਐਸ ਕੇ ਗੋਤਮ ਅਤੇ ਜਰਨਲ ਸਕੱਤਰ ਵਿਨੋਦ ਸ਼ਰਮਾ ਜੀ ਦੀ ਅਗਵਾਈ ਹੇਠ ਪ੍ਰਭਾਤ ਪ੍ਰਵਾਨਾ ਹਾਲ ਵਿਖੇ ਸਿਲਾਈ ਕਢਾਈ ਸੈਂਟਰ ਦੀਆਂ ਲੜਕੀਆਂ ਨੂੰ ਸਰਟੀਫਿਕੇਟ, ਲੋੜਵੰਦ ਪਰਿਵਾਰਾਂ ਨੂੰ ਰਾਸ਼ਨ, ਕਿਡਨੀ ਮਰੀਜ਼ ਨੂੰ ਦਵਾਈ। ਇਕ ਲੋੜਵੰਦ ਪਰਿਵਾਰ ਨੂੰ ਪੱਖਾ, ਲੋੜਵੰਦ ਲੜਕੀ ਨੂੰ ਪੜ੍ਹਾਈ ਲਈ ਫੀਸ ਦੇਣ ਲਈ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਵਿਸ਼ੇਸ਼ ਤੌਰ 'ਤੇ ਅਮਰਜੀਤ ਕੌਰ ਸਾਈਵਾਲ, ਚਮਨ ਲਾਲ ਗਰਗ, ਮੀਤ ਪ੍ਰਧਾਨ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ,ਪ੍ਰੈਸ ਸਕੱਤਰ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੂਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਸਤੀਸ਼ ਜੋਸ਼ੀ, ਸਤਪਾਲ ਗੋਇਲ, ਮੈਡਮ ਮੱਧੂ ਗਾਬਾ, ਰਾਮੇਸ਼ ਮਲਹੋਤਰਾ, ਰੁਦਰਪਤਾਪ ਸਿੰਘ, ਲੱਕੀ ਹਰਦਾਸਪੁਰ , ਪ੍ਰਦੀਪ ਕੁਮਾਰ, ਸਿਲਾਈ ਸੈਂਟਰ ਦੀ ਟ੍ਰੇਨਿੰਗ ਅਧਿਆਪਕ ਮਾਲਤੀ ਅਤੇ ਹਰਪ੍ਰੀਤ ਕੌਰ, ਕੰਪਿਊਟਰ ਸੈਂਟਰ ਦੀ ਅਧਿਆਪਕਾ ਨੀਰੂ ਬਾਲਾ ਨੇ




**ਜਨ ਹਿੱਤ ਸੰਮਤੀ ਵਲੋ ਸਿਲਾਈ ਕਢਾਈ ਸੈਂਟਰ ਦੀਆਂ ਲੜਕੀਆਂ ਨੂੰ ਸਰਟੀਫਿਕੇਟ ਵੰਡਦੇ ਹੋਏ ਐਸ ਕੇ ਗੋਤਮ, ਵਿਨੋਦ ਸ਼ਰਮਾ, ਅਮਰਜੀਤ ਕੌਰ ਸਾਈਵਾਲ, ਪਰਮਿੰਦਰ ਭਲਵਾਨ, ਜਤਵਿੰਦਰ ਗਰੇਵਾਲ ਅਤੇ ਹੋਰ।**

ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆ ਪ੍ਰਧਾਨ ਐਸ ਕੇ ਗੋਤਮ ਨੇ ਕਿਹਾ ਕਿ ਜਨ ਹਿੱਤ ਸੰਮਤੀ ਵਲੋਂ ਲੋੜਵੰਦ ਲੜਕੀਆਂ ਅਤੇ ਔਰਤਾਂ ਲਈ ਸਿਲਾਈ ਕਢਾਈ ਸੈਂਟਰ, ਕੰਪਿਊਟਰ ਸੈਂਟਰ, ਬਿਊਟੀ ਪਾਰਲਰ ਸੈਂਟਰ ਟੇਰਨਿੰਗ ਲਈ ਖੋਲੇ ਹੋਏ ਹਨ, ਜਿਸ ਤਹਿਤ ਟ੍ਰੇਨਿੰਗ ਪੂਰੀ ਕਰ ਚੁੱਕੀਆਂ ਲੜਕੀਆਂ ਨੂੰ ਸਰਟੀਫਿਕੇਟ ਵੰਡੇ ਗਏ। ਉਹਨਾਂ ਕਿਹਾ ਕਿ ਇਸ ਤੋਂ ਉਹਨਾਂ ਦੀ ਸੰਸਥਾ ਵਲੋਂ ਲੋੜਵੰਦਾਂ ਦੀ ਮਦਦ ਕਰਨਾ, ਸ਼ਹਿਰ ਦੇ ਪਾਰਕਾ ਦੀ ਸਾਭ ਸੰਭਾਲ ਕਰਨੀ, ਲੋੜਵੰਦ ਲੜਕੀਆਂ ਅਤੇ ਔਰਤਾਂ ਲਈ ਸਿਲਾਈ ਕਢਾਈ ਸੈਂਟਰ ਅਤੇ ਬਿਊਟੀ ਪਾਰਲਰ ਸੈਟਰ ਖੋਲਣੇ, ਲੋੜਵੰਦ ਪਰਿਵਾਰਾਂ ਨੂੰ ਰਾਸ਼ਨ, ਲੋੜਵੰਦਾਂ ਦੀ ਮਦਦ ਲਈ ਪੰਜ ਫਰੀ ਐਂਬੂਲੈਂਸ ਚਲਾਉਣੀਆਂ, ਰਾਜਿੰਦਰਾ ਹਸਪਤਾਲ ਵਿਚ ਲੋੜਵੰਦ ਮਰੀਜ਼ਾਂ ਲਈ ਵੀਲਚੇਅਰ, ਟਰਾਈਸਾਈਕਲ, ਮੁਫ਼ਤ ਦੀਵਾਈਆ ਦਾ ਪ੍ਰਬੰਧ ਕਰ ਰਹੀ ਹੈ ।

ਇਸ ਮੌਕੇ ਜਨ ਹਿੱਤ ਸੰਮਤੀ ਦੇ ਜਰਨਲ ਸਕੱਤਰ ਵਿਨੋਦ ਸ਼ਰਮਾ ਜੀ ਵਲੋਂ ਸਾਰੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ, ਅਤੇ ਕਿਹਾ ਕਿ ਉਹਨਾਂ ਦੀ ਸੰਸਥਾ ਹਮੇਸ਼ਾ ਲੋਕ ਭਲਾਈ ਦੇ ਕੰਮਾਂ ਲਈ ਹਰ ਸੰਭਵ ਮਦਦ ਕਰਦੀ ਰਹੇਗੀ।

# ਪੰਜਾਬ ਦੇ ਸਾਰੇ ਪੋਲਿੰਗ ਬੂਥਾਂ ਉੱਤੇ ਤੰਬਾਕੂ ਦੇ ਸੇਵਨ 'ਤੇ ਹੋਵੇਗੀ ਪਾਬੰਦੀ: ਸਿਬਿਨ ਸੀ



**ਚੰਡੀਗੜ੍ਹ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਲੋਕ ਸਭਾ ਚੋਣਾਂ 2024 ਦੇ ਮੱਦੇਨਜ਼ਰ ਸੂਬੇ ਦੇ ਸਾਰੇ ਪੋਲਿੰਗ ਬੂਥਾਂ ਨੂੰ ਤੰਬਾਕੂ-ਰਹਿਤ ਐਲਾਨਿਆ ਹੈ। ਉਨ੍ਹਾਂ ਕਿਹਾ ਕਿ ਸਾਰੇ ਪੋਲਿੰਗ ਬੂਥਾਂ 'ਤੇ ਸਿਗਰਟ, ਬੀੜੀ ਅਤੇ ਹੋਰ ਤੰਬਾਕੂ ਉਤਪਾਦਾਂ ਦੇ ਸੇਵਨ 'ਤੇ ਸਖ਼ਤ ਪਾਬੰਦੀ ਹੋਵੇਗੀ।

ਉਨ੍ਹਾਂ ਦੱਸਿਆ ਕਿ ਪੋਲਿੰਗ ਬੂਥਾਂ 'ਤੇ ਤੰਬਾਕੂ ਦੇ ਸੇਵਨ 'ਤੇ ਲਗਾਈ ਗਈ ਇਸ ਪਾਬੰਦੀ ਨੂੰ ਯਕੀਨੀ ਬਣਾਉਣ ਲਈ ਹਰੇਕ ਪੋਲਿੰਗ ਬੂਥ ਦੇ ਪ੍ਰੀਜ਼ਾਈਡਿੰਗ ਅਫ਼ਸਰ ਨੂੰ ਨੋਡਲ ਅਫ਼ਸਰ ਵਜੋਂ ਨਿਯੁਕਤ ਕੀਤਾ ਗਿਆ ਹੈ।

ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਇਹ ਮਹੱਤਵਪੂਰਨ ਕਦਮ ਸਿਹਤਮੰਦ ਜੀਵਨਸ਼ੈਲੀ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਵੋਟਰਾਂ ਲਈ ਸੁਰੱਖਿਅਤ ਅਤੇ ਉਸਾਰੂ ਮਾਹੌਲ ਯਕੀਨੀ ਬਣਾਉਣ ਲਈ ਦਫ਼ਤਰ, ਮੁੱਖ ਚੋਣ ਅਫ਼ਸਰ ਦੀ ਵਚਨਬੱਧਤਾ ਨੂੰ ਉਜਾਗਰ ਕਰਦਾ ਹੈ। ਉਨ੍ਹਾਂ ਦੱਸਿਆ ਕਿ ਪੋਲਿੰਗ ਬੂਥਾਂ ਨੂੰ ਤੰਬਾਕੂ-ਰਹਿਤ ਖੇਤਰ ਘੋਸ਼ਿਤ ਕਰਨ ਦਾ ਮੰਤਵ ਤੰਬਾਕੂ ਦਾ ਸੇਵਨ ਨਾ ਕਰਨ ਵਾਲਿਆਂ ਨੂੰ ਇਸਦੇ ਧੂੰਏਂ ਦੇ ਸੰਪਰਕ ਤੋਂ ਬਚਾਉਣਾ ਅਤੇ ਲੋਕਾਂ ਨੂੰ ਤੰਦਰੁਸਤ ਸਿਹਤ ਪ੍ਰਤੀ ਉਤਸ਼ਾਹਿਤ ਕਰਨਾ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲਕਦਮੀ ਤੰਬਾਕੂ ਦੀ ਵਰਤੋਂ ਨੂੰ ਘਟਾਉਣ ਅਤੇ ਇਸ ਦੇ ਸੇਵਨ ਨਾਲ ਹੋਣ ਵਾਲੀਆਂ ਬਿਮਾਰੀਆਂ ਜਿਵੇਂ ਕੈਂਸਰ, ਦਿਲ ਦੀਆਂ ਬਿਮਾਰੀਆਂ, ਫੇਫੜਿਆਂ ਦੇ ਗੰਭੀਰ ਰੋਗ ਅਤੇ ਅੰਨ੍ਹੇਪਣ ਆਦਿ 'ਤੇ ਕਾਬੂ ਪਾਉਣ ਲਈ ਚਲਾਈਆਂ ਜਾ ਰਹੀਆਂ ਵਿਆਪਕ ਜਨਤਕ ਸਿਹਤ ਮੁਹਿੰਮਾਂ ਅਤੇ ਕਾਨੂੰਨੀ ਤੇ ਹੋਰ ਪੱਧਰਾਂ 'ਤੇ ਕੀਤੇ ਜਾ ਰਹੇ ਯਤਨਾਂ ਦਾ ਵੀ ਹਿੱਸਾ ਹੈ।

# ਵਿਧਾਇਕ ਕੁਲਜੀਤ ਰੰਧਾਵਾ ਨੇ ਪਿੰਡ ਧੀਰੇਮਾਜਰਾ 'ਚ ਕੀਤੀ ਜਨਸਭਾ

**ਲਾਲੜੂ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਹਲਕਾ ਪਟਿਆਲਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾਕਟਰ ਬਲਬੀਰ ਸਿੰਘ ਦੇ ਹੱਕ ਵਿਚ ਹਲਕਾ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਨੇ ਲਾਲੜੂ ਦੇ ਪਿੰਡ ਧੀਰੇਮਾਜਰਾ ਵਿੱਖੇ ਡਾ: ਬਲਬੀਰ ਸਿੰਘ ਦੇ ਭਰਾ ਦੀ ਮੌਜੂਦਗੀ ਵਿਚ ਚੋਣ ਮੀਟਿੰਗ ਕੀਤੀ । ਮੀਟਿੰਗ ਨੂੰ ਸੰਬੋਧਨ ਕਰਦਿਆਂ ਰੰਧਾਵਾ ਨੇ ਕਿਹਾ ਕਿ ਡਾ. ਬਲਬੀਰ ਸਿੰਘ ਸੈਣੀ ਨੂੰ ਵੱਡੇ ਫ਼ਰਕ ਨਾਲ ਜਿਤਾ ਕੇ ਸੰਸਦ ਵਿਚ ਭੇਜਿਆ ਜਾਵੇ ਤਾਂ ਜੋ ਇਲਾਕੇ ਦੇ ਲੋਕਾਂ ਦੇ ਹੱਕਾਂ ਦੀ ਰਾਖੀ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਨੇ ਪੰਜਾਬ ਨੂੰ ਕੰਗਾਲ ਕਰ ਕੇ ਰੱਖ ਦਿੱਤਾ ਜਿਸ ਨਾਲ ਲੋਕਾਂ ਦਾ ਬਾਦਲ ਪਰਿਵਾਰ ਤੋਂ ਮੋਹ ਭੰਗ ਹੋ ਗਿਆ ਹੈ ਤੇ ਬਾਦਲ ਪਰਿਵਾਰ ਦੀ ਰਾਜਨੀਤੀ ਆਖ਼ਰੀ ਸਾਹਾਂ 'ਤੇ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਪੰਜਾਬ ਨੂੰ ਕਦੇ ਨਾ ਭਰਨ ਵਾਲੇ ਜ਼ਖ਼ਮ ਦਿੱਤੇ ਹਨ ਅਤੇ ਜੂਨ ਮਹੀਨੇ ਨੂੰ ਪੰਜਾਬ ਕਦੇ ਵੀ ਨਹੀਂ ਭੁੱਲੇਗਾ। ਰੰਧਾਵਾ ਨੇ ਕਿਹਾ ਕਿ ਭਾਜਪਾ ਦੀ ਉਮੀਦਵਾਰ ਮਹਾਰਾਣੀ ਪਰਨੀਤ ਕੌਰ ਨੂੰ ਇਲਾਕੇ ਦੇ ਲੋਕ ਕਾਂਗਰਸ ਪਾਰਟੀ ਚ ਰਹਿੰਦੀਆਂ 4 ਬਾਰ ਸੰਸਦ ਵਿੱਚ ਭੇਜ ਚੁੱਕੇ ਹਨ ਜਿਨ੍ਹਾਂ ਜਿੱਤਣ ਤੋਂ ਬਾਅਦ ਇਲਾਕੇ ਵੱਲ ਮੂੰਹ ਨਹੀਂ ਕੀਤਾ। ਰੰਧਾਵਾ ਨੇ ਸਰਕਾਰ ਦੀ ਬਿਹਤਰ ਕਾਰਗੁਜ਼ਾਰੀ ਅਤੇ 2 ਸਾਲਾਂ ਵਿੱਚ ਲਏ ਫੈਸਲੇ ਬਿਜਲੀ ਬਿੱਲਾਂ ਦੀ ਮਾਫੀ, ਅਤਿ ਆਧੁਨਿਕ ਸਿਹਤ ਸਹੂਲਤਾਂ, ਸਰਕਾਰੀ ਸਕੂਲਾਂ ਦੇ ਵਿੱਚ ਮਿਆਰੀ ਸਿੱਖਿਆ ਵਰਗੇ ਦਰਜਨਾਂ ਕੰਮਾਂ ਬਾਰੇ ਦੱਸਿਆ। ਉਨ੍ਹਾਂ ਨੇ ਕਿਹਾ ਕਿ ਅੱਜ ਸਾਡੀ ਸਰਕਾਰ ਦੋ ਸੂਬਿਆਂ ਵਿੱਚ ਬਿਹਤਰ ਕੰਮ ਕਰ ਰਹੀ ਹੈ ਤੇ ਭਵਿੱਖ ਵਿਚ ਅਸੀਂ ਦੇਸ਼ ਦੀ ਰਾਜਨੀਤੀ ਵਿੱਚ ਵੱਡੀ ਗਿਣਤੀ ਵਿੱਚ ਹਿੱਸਾ ਪਾ ਰਹੇ ਹਾਂ। ਉਨ੍ਹਾਂ ਨੇ ਹਲਕਾ ਡੇਰਾਬੱਸੀ ਦੀ ਨੁਹਾਰ ਬਦਲਣ ਦਾ ਪ੍ਰਣ ਮੁੜ ਦੁਹਰਾਇਆ ਅਤੇ ਕਿਹਾ ਕਿ ਭਾਈਚਾਰਕ ਸਾਂਝ ਦੀ ਮਜ਼ਬੂਤੀ ਨੂੰ ਅਸੀਂ ਤਰਜੀਹ ਦੇ ਰਹੇ ਹਾਂ। ਉਨ੍ਹਾਂ ਕਿਹਾ ਕਿ ਹਲਕਾ ਡੇਰਾਬੱਸੀ 'ਚ ਡਾ. ਬਲਬੀਰ ਸਿੰਘ ਦੇ ਹੱਕ ਵਿਚ ਹੁਣ ਤੱਕ ਕੀਤੀਆਂ ਗਈਆਂ ਮੀਟਿੰਗਾਂ, ਚੋਣ ਜਲਸੇ, ਚੋਣ ਰੈਲੀਆਂ ਸਭ ਤੋਂ ਜ਼ਿਆਦਾ ਉਤਸ਼ਾਹਿਤ ਰਹੀਆਂ ਹਨ।

# ਗੁਰੂ ਨਗਰੀ ਦੇ ਪਾਣੀ ਦੇ ਬਿੱਲਾਂ ਵਿੱਚ ਕਟੌਤੀ ਲਈ ਮੁੱਖ ਮੰਤਰੀ ਦਾ ਕੀਤਾ ਧੰਨਵਾਦ

**ਸ੍ਰੀ ਅਨੰਦਪੁਰ ਸਾਹਿਬ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ ਲੰਮੇ ਸਮੇਂ ਤੋਂ ਸ਼ਹਿਰ ਵਾਸੀਆਂ ਦੀ ਮੰਗ ਸੀ ਕਿ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਆ ਰਹੇ ਪਾਣੀ ਦੇ ਜਿਆਦਾ ਬਿੱਲਾਂ ਵਿੱਚ ਸੋਧ ਕਰਕੇ ਬਾਕੀ ਸ਼ਹਿਰਾਂ ਵਾਂਗ ਦਿੱਤੇ ਜਾਣ। ਇਸ ਮੰਗ ਨੂੰ ਉਦੋਂ ਬੂਰ ਪਿਆ ਜਦੋਂ ਕੈਬਨਟ ਮੰਤਰੀ ਹਰਜੋਤ ਸਿੰਘ ਬੈਂਸ ਦੇ ਭਰਪੂਰ ਯਤਨਾਂ ਦੇ ਸਦਕਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਹ ਭਰੋਸਾ ਦਿੱਤਾ ਕਿ ਗੁਰੂ ਨਗਰੀ ਦੇ ਬਿੱਲ ਵੀ ਆਮ ਸ਼ਹਿਰਾਂ ਵਾਂਗ ਘੱਟ ਆਇਆ ਕਰਨਗੇ। ਇਹ ਮੰਗ ਪੂਰੀ ਹੋਣ ਤੇ ਸ਼ਹਿਰ ਵਾਸੀਆਂ ਨੇ ਕੈਬਨਟ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ ਧੰਨਵਾਦ ਕਰਨ ਵਾਲਿਆਂ ਵਿੱਚ ਨਗਰ ਕੌਂਸਲ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ, ਇੰਦਰਜੀਤ ਅਰੋੜਾ ਪ੍ਰਧਾਨ ਵਪਾਰ ਮੰਡਲ, ਕੌਂਸਲਰ ਮਨਪ੍ਰੀਤ ਕੌਰ ਅਰੋੜਾ, ਕੌਂਸਲਰ ਬਲਵੀਰ ਕੌਰ, ਕੌਂਸਲਰ ਪ੍ਰਵੀਨ ਕੌਸ਼ਲ, ਕੌਂਸਲਰ ਗੁਰਪ੍ਰੀਤ ਕੌਰ, ਕੌਂਸਲਰ ਬਿਕਰਮਜੀਤ ਸਿੰਘ ਸੰਧੂ, ਕੌਂਸਲਰ ਦਿਲਜੀਤ ਸਿੰਘ ਕੈਂਥ, ਕੌਂਸਲਰ ਜਸਬੀਰ ਕੌਰ ਗਰਚਾ , ਕੌਂਸਲਰ ਗੀਤਾ ਐਡਵਾਲ, ਬਲਾਕ ਪ੍ਰਧਾਨ ਠੇਕੇਦਾਰ ਜਗਜੀਤ ਸਿੰਘ ਜੱਗੀ ਅਤੇ ਦਵਿੰਦਰ ਸਿੰਘ ਛਿੰਦੂ, ਦੀਪਕ ਆਗਰਾ ਪ੍ਰਧਾਨ ਵਪਾਰ ਮੰਡਲ ਆਪ, ਸੁਨੀਲ ਅਡਵਾਲ ਪ੍ਰਧਾਨ ਰੇੜੀ ਯੂਨੀਅਨ, ਸ਼ਮੀ ਬਰਾਰੀ ਯੂਥ ਪ੍ਰਧਾਨ, ਵਿਜੇ ਗਰਚਾ, ਵਾਲਮੀਕ ਸਭਾ ਪ੍ਰਧਾਨ ਰਵੀ ਹੰਸ,ਸ਼ੈਲੀ ਅਰੋੜਾ, ਗੁਰਸ਼ੇਰ ਸਿੰਘ ਲੋਧੀਪੁਰ, ਕੈਪਟਨ ਅਨੂਪ ਸਿੰਘ ਆਪ, ਐਡਵੋਕੇਟ ਨਿਖਲ ਭਾਰਦਵਾਜ, ਲੱਕੀ ਅਨੰਦਪੁਰੀਆ, ਸੁਖਦੇਵ ਸਿੰਘ ਬੀਟੀ , ਸੁਰਿੰਦਰ ਸਿੰਘ ਵਿੱਕੀ, ਹੈਪੀ ਜੱਸਲ, ਐਡਵੋਕੇਟ ਰਜਤ ਬੇਦੀ, ਹਰਪਾਲ ਕੌਰ ਜ਼ਿਲ੍ਹਾ ਜੁਆਇੰਟ ਸਕੱਤਰ, ਰਣਜੀਤ ਕੌਰ ਜਿਲਾ ਵਾਈਸ ਪ੍ਰਧਾਨ, ਬਲਜੀਤ ਕੌਰ ਲੋਧੀਪੁਰ , ਮਿੰਨੀ ਪੁਰੀ, ਹਰਿ ਕ੍ਰਿਸ਼ਨ ਸਮੇਤ ਆਗੂ ਸ਼ਾਮਲ ਹਨ।.

# ਰਾਜ ਸਭਾ ਮੈਂਬਰ ਸੰਜੀਵ ਅਰੋੜਾ ਦਾ ਦਾਅਵਾ, ਬਿੱਟੂ ਅਤੇ ਵੜਿੰਗ ਤੋਂ ਪੱਪੀ ਅੱਗੇ

ਕਿਸ਼ਨ ਪਾਲ

ਲੁਧਿਆਣਾ 31 ਮਈ। ਪੰਜਾਬ 'ਚ ਲੋਕ ਸਭਾ ਚੋਣਾਂ ਲਈ ਕੁਝ ਹੀ ਦਿਨ ਬਾਕੀ ਰਹਿ ਗਏ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਲੈ ਕੇ ਦੇਸ਼ ਦੇ ਵੱਡੇ-ਵੱਡੇ ਸਿਆਸਤਦਾਨ ਇਸ ਵੇਲੇ ਪੂਰੇ ਪੰਜਾਬ 'ਚ ਰੈਲੀਆਂ ਕਰ ਰਹੇ ਹਨ। ਸਭ ਤੋਂ ਵੱਡਾ ਵੱਕਾਰ ਦਾ ਸਵਾਲ ਆਮ ਆਦਮੀ ਪਾਰਟੀ ਲਈ ਬਣਿਆ ਹੋਇਆ ਹੈ, ਜਿਸ ਨੂੰ ਵਿਧਾਨ ਸਭਾ ਚੋਣਾਂ ਦੌਰਾਨ ਲੋਕਾਂ ਨੇ 92 ਸੀਟਾਂ ਦੇ ਕੇ ਸੱਤਾ 'ਚ ਲਿਆਂਦਾ ਸੀ। ਲੋਕ ਸਭਾ ਚੋਣਾਂ ਸਬੰਧੀ 'ਜਗ ਬਾਣੀ' ਨਾਲ ਵਿਸ਼ੇਸ਼ ਇੰਟਰਵਿਊ ਦੌਰਾਨ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਕਿਹਾ ਕਿ ਪਾਰਟੀ ਨੇ ਜਿਹੜਾ 2 ਸਾਲਾਂ 'ਚ ਕੰਮ ਕੀਤਾ ਹੈ, ਉਸ ਦਾ ਨਤੀਜਾ ਆਉਣ ਦਾ ਸਮਾਂ ਆ ਗਿਆ ਹੈ। ਪੇਸ਼ ਹਨ 'ਜਗ ਬਾਣੀ' ਨਾਲ ਇੰਟਰਵਿਊ ਦੇ ਕੁੱਝ ਖਾਸ ਅੰਸ਼। ਜਵਾਬ : ਪਾਰਟੀ ਨੇ ਸੂਬੇ ਦੀ ਜਨਤਾ ਨਾਲ ਜੋ ਵਾਅਦੇ ਕੀਤੇ ਸਨ, ਉਨ੍ਹਾਂ ਨੂੰ ਪੂਰਾ ਕੀਤਾ ਹੈ। ਸੂਬੇ ਦੇ ਲੋਕਾਂ ਨੂੰ ਬਿਜਲੀ ਮੁਫਤ ਦਿੱਤੀ ਜਾ ਰਹੀ ਹੈ, ਸਿਹਤ ਸਹੂਲਤਾਂ ਲਈ ਮੁਹੱਲਾ ਕਲੀਨਿਕ ਬਣਾਏ ਗਏ ਹਨ। ਬਿਜਲੀ ਮੁਫਤ ਹੋਣ ਕਾਰਨ ਗਰੀਬ ਵਿਅਕਤੀ ਨੂੰ ਜੋ ਪੈਸੇ ਬਚ ਰਹੇ ਹਨ, ਉਹ ਆਪਣੇ ਬੱਚਿਆਂ ਦੀ ਪੜ੍ਹਾਈ, ਸਿਹਤ ਜਾਂ ਹੋਰ ਕੰਮਾਂ 'ਤੇ ਲਾ ਸਕਦਾ ਹੈ। ਲੁਧਿਆਣਾ 'ਚ ਲੰਬੇ ਚਿਰਾਂ ਤੋਂ ਅਟਕਿਆ ਐਲੀਵੇਟਿਡ ਰੋਡ ਦਾ ਕੰਮ ਵੀ ਪੂਰਾ ਕਰ ਲਿਆ ਗਿਆ ਹੈ, ਇਸ ਨਾਲ ਆਮ ਜਨਤਾ ਨੂੰ ਕਾਫੀ ਰਾਹਤ ਮਿਲੀ ਹੈ। ਉਨ੍ਹਾਂ ਦੱਸਿਆ ਕਿ ਲੁਧਿਆਣਾ ਦਾ ਈ. ਐੱਸ. ਆਈ. ਹਸਪਤਾਲ 1970 ਦਾ ਬਣਿਆ ਹੋਇਆ ਸੀ ਅਤੇ ਮੈਂ ਖੁਦ ਜਾ ਕੇ ਕੇਂਦਰ ਸਰਕਾਰ ਨਾਲ ਇਸ ਬਾਰੇ ਗੱਲ ਕੀਤੀ। ਇਸ ਦੇ ਲਈ 9 ਕਰੋੜ ਰੁਪਏ ਦੀ ਮਨਜ਼ੂਰੀ ਮਿਲ ਗਈ। ਇਸ ਕਾਰਨ ਹੁਣ ਈ. ਐੱਸ. ਆਈ. ਹਸਪਤਾਲ ਪੂਰੀ ਤਰ੍ਹਾਂ ਆਧੁਨਿਕ ਬਣਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਹਲਵਾਰਾ ਹਵਾਈ ਅੱਡੇ ਦਾ ਕੰਮ ਵੀ ਤਕਰੀਬਨ ਪੂਰਾ ਹੋ ਚੁੱਕਾ ਹੈ। ਰੇਲਵੇ ਸਟੇਸ਼ਨ ਦੇ ਰੀ-ਮੈਪ ਹੋਣ 'ਤੇ ਵੀ 500 ਕਰੋੜ ਰੁਪਿਆ ਲਾਇਆ ਗਿਆ ਹੈ। ਕਾਰੋਬਾਰੀਆਂ ਦੀ ਪੁਰਾਣੀ ਮੰਗ ਸੀ ਕਿ ਫੋਕਲ ਪੁਆਇੰਟ ਦੀਆਂ ਸੜਕਾਂ ਦਾ ਬਹੁਤ ਬੁਰਾ ਹਾਲ ਹੈ, ਜਿਨ੍ਹਾਂ ਨੂੰ ਨਵਾਂ ਬਣਾ ਦਿੱਤਾ ਗਿਆ ਹੈ। ਜਦੋਂ ਚੋਣਾਂ ਹੋਣ ਵਾਲੀਆਂ ਹੁੰਦੀਆਂ ਹਨ, ਉਸ ਸਮੇਂ ਕੰਮ ਕਰਨ ਦਾ ਕੋਈ ਫਾਇਦਾ ਨਹੀਂ ਹੈ। ਅਸੀਂ ਪਹਿਲੇ 2 ਸਾਲਾਂ 'ਚ ਪਹਿਲਾਂ ਤੋਂ ਚਲਦੇ ਸਾਰੇ ਕੰਮ ਖਤਮ ਕਰ ਰਹੇ ਹਾਂ। ਅਸੀਂ ਇਸ ਗੱਲ ਦੀ ਉਡੀਕ ਨਹੀਂ ਕਰ ਰਹੇ ਕਿ 5 ਸਾਲਾਂ ਬਾਅਦ ਚੋਣਾਂ ਹੋਣਗੀਆਂ ਤਾਂ ਅਸੀਂ ਕੰਮ ਕਰਾਂਗੇ। ਜ਼ਿਲੇ 'ਚ 21 ਕਿਲੋਮੀਟਰ ਸਾਈਕਲ ਟਰੈਕ ਲਈ ਕੇਂਦਰ ਸਰਕਾਰ ਨੇ ਮਨਜ਼ੂਰੀ ਦਿੱਤੀ ਹੈ, ਜੋ ਕਿ ਅੱਜ ਤੱਕ ਕਿਸੇ ਸ਼ਹਿਰ 'ਚ ਨਹੀਂ ਹੋਇਆ। ਇਸ ਤੋਂ ਇਲਾਵਾ ਜ਼ਿਲੇ ਦੀ ਸਿੱਧਵਾਂ ਕੈਨਾਲ 'ਚ 4 ਫਲਾਈਓਵਰਾਂ ਦੀ ਮਨਜ਼ੂਰੀ ਲਈ ਗਈ ਹੈ। ਨਵੇਂ ਪ੍ਰਾਜੈਕਟਾਂ ਦੇ ਨਾਲ-ਨਾਲ ਪੁਰਾਣੇ ਚੱਲ ਰਹੇ ਪ੍ਰਾਜੈਕਟਾਂ ਦਾ ਕੰਮ ਖਤਮ ਕਰਨਾ ਵੀ ਜ਼ਰੂਰੀ ਹੈ। ਮੈਨੂੰ ਬਹੁਤ ਸੰਤੁਸ਼ਟੀ ਹੈ। ਨੈਸ਼ਨਲ ਹਾਈਵੇਅ ਦੇ ਚੱਲ ਰਹੇ ਪ੍ਰਾਜੈਕਟ, ਈ. ਐੱਸ. ਆਈ. ਹਸਪਤਾਲ, ਰੇਲਵੇ ਸਟੇਸ਼ਨ, ਫੋਕਲ ਪੁਆਇੰਟ ਦੀਆਂ ਸੜਕਾਂ, ਹਲਵਾਰਾ ਏਅਰਪੋਰਟ, 2 ਸਾਲਾਂ 'ਚ ਮੈਂ ਜਿੰਨਾ ਕੰਮ ਕੀਤਾ ਹੈ ਅਤੇ ਜਿੰਨਾ ਮੈਂ ਕਰ ਸਕਦਾ ਸੀ, ਕੋਸ਼ਿਸ਼ ਕੀਤੀ ਹੈ ਕਿ ਇਸ ਤੋਂ ਵੱਧ ਹੀ ਕਰਾਂ। ਲੁਧਿਆਣਾ 'ਚ ਪਾਰਟੀ ਦਾ ਮੁਕਾਬਲਾ ਕਿਸ ਨਾਲ ਨਜ਼ਰ ਆ ਰਿਹਾ ਹੈ? ਦੇਖੋ, ਹਰ ਬੰਦਾ ਆਪਣੀ ਕੋਸ਼ਿਸ਼ ਕਰਦਾ ਹੈ। ਜਿਹੜਾ ਚੋਣ ਮੈਦਾਨ 'ਚ ਖੜ੍ਹਾ ਹੋਵੇਗਾ, ਉਸ ਨੇ ਪੂਰੀ ਕੋਸ਼ਿਸ਼ ਕਰਨੀ ਹੈ। ਅਸੀਂ ਤਾਂ ਸਿਰਫ ਲੋਕਾਂ ਨੂੰ ਇਹ ਅਪੀਲ ਕਰਦੇ ਹਾਂ ਕਿ ਸਾਡੇ ਕੰਮ ਦੇਖਣ ਅਤੇ ਉਸ ਹਿਸਾਬ ਨਾਲ ਵੋਟ ਪਾਉਣ। ਇਹ ਗਲਤ ਪ੍ਰਚਾਰ ਹੋ ਰਿਹਾ ਹੈ। ਪਾਰਟੀ ਮੈਨੂੰ ਜੋ ਕੰਮ ਦਿੰਦੀ ਹੈ, ਮੈਂ ਕਰਦਾ ਹਾਂ। ਜੇ ਮੈਨੂੰ ਪ੍ਰਚਾਰ ਦਾ ਕਿਹਾ ਜਾਵੇਗਾ ਤਾਂ ਮੈਂ ਪ੍ਰਚਾਰ ਵੀ ਕਰਾਂਗਾ। ਸਿਰਫ ਪ੍ਰਚਾਰ ਹੀ ਇਕੱਲਾ ਕੰਮ ਨਹੀਂ ਹੁੰਦਾ। ਜੇਕਰ ਸਾਰੇ ਹੀ ਪ੍ਰਚਾਰ ਵੱਲ ਲੱਗ ਜਾਣ ਤਾਂ ਬਾਕੀ ਕੰਮ ਵੀ ਤਾਂ ਹੁੰਦੇ ਹਨ। ਜੋ ਪਾਰਟੀ ਨੇ ਕੰਮ ਦਿੱਤਾ ਹੈ, ਉਹ ਮੈਂ ਕੀਤਾ ਹੈ। ਪਹਿਲਾਂ ਵੀ ਕੀਤਾ ਹੈ, ਹੁਣ ਵੀ ਕਰ ਰਿਹਾ ਹਾਂ ਅਤੇ ਅੱਗੇ ਵੀ ਕਰਦਾ ਰਹਾਂਗਾ। ਜਿਸ ਤਰੀਕੇ ਨਾਲ ਪ੍ਰਧਾਨ ਮੰਤਰੀ ਮੋਦੀ ਨੇ ਇਥੇ ਪ੍ਰਚਾਰ ਦੌਰਾਨ ਸਭ ਤੋਂ ਵੱਧ ਨਿਸ਼ਾਨੇ 'ਤੇ 'ਆਪ' ਨੂੰ ਰੱਖਿਆ ਅਤੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਕਾਗਜੀ ਨੇ, ਇਸ ਬਿਆਨ ਨੂੰ ਕਿਵੇਂ ਦੇਖਦੇ ਹੋ? ਕਹਿਣ ਨਾਲ ਕੋਈ ਕਾਗਜੀ ਨਹੀਂ ਬਣ ਜਾਂਦਾ। ਜਿਹੜੇ ਫੈਸਲੇ ਉਨ੍ਹਾਂ ਨੇ ਲੈਣੇ ਹਨ, ਉਹ ਆਪ ਲੈਂਦੇ ਹਨ ਅਤੇ ਜੇਕਰ ਕਈ ਫੈਸਲੇ ਉਹ ਕੈਬਨਿਟ ਦੀ ਸਲਾਹ ਕਰ ਕੇ ਲੈਂਦੇ ਹਨ ਤਾਂ ਇਹਦੇ 'ਚ ਕੀ ਮਾੜੀ ਗੱਲ ਹੈ। ਪ੍ਰਧਾਨ ਮੰਤਰੀ ਜੀ ਵੀ ਤਾਂ ਕੈਬਨਿਟ ਬੁਲਾਉਂਦੇ ਹਨ, ਉਥੇ ਵੀ ਫੈਸਲੇ ਹੁੰਦੇ ਹਨ। ਜਿਹੜੇ ਭਾਜਪਾ ਵਾਲੇ ਸੂਬੇ ਹਨ, ਉਹ ਵੀ ਪ੍ਰਧਾਨ ਮੰਤਰੀ ਜੀ ਨਾਲ ਸਲਾਹ ਕਰਦੇ ਹਨ। ਸਲਾਹ ਕਰਨ 'ਚ ਕੋਈ ਬੁਰਾ ਨਹੀਂ ਹੁੰਦਾ। ਸਲਾਹ ਨੂੰ ਅਸੀਂ ਇਹ ਨਾ ਕਹੀਏ ਕਿ ਹੁਕਮ ਆਉਂਦਾ ਹੈ। ਦੇਖੋ, ਜਿਹੜੀ ਸਮਾਲ ਤੇ ਮੀਡੀਆ ਇੰਡਸਟਰੀ ਹੈ, ਇਹ ਕਿਤੇ ਨਹੀਂ ਜਾਂਦੀ। ਇਨ੍ਹਾਂ ਨੇ ਇੱਥੇ ਹੀ ਰਹਿਣਾ ਹੈ ਕਿਉਂਕਿ ਇਕ ਤਾਂ ਪੰਜਾਬ ਦਾ ਮਾਹੌਲ ਬੜਾ ਵਧੀਆ ਹੈ, ਇਥੇ ਲੇਬਰ ਦੀ ਕਮੀ ਨਹੀਂ ਹੈ। ਉਹ ਇਥੇ ਹੀ ਰਹਿ ਕੇ ਖੁਸ਼ ਹਨ। ਜੇਕਰ ਕੋਈ ਬਹੁਤ ਵੱਡਾ ਕਾਰੋਬਾਰੀ ਹੈ, ਉਸ ਨੂੰ ਕਿਤੇ ਜ਼ਮੀਨ ਮੁਫਤ ਮਿਲ ਜਾਵੇਗੀ ਜਾਂ ਹੋਰ ਸਹੂਲਤਾਂ ਮਿਲ ਜਾਣਗੀਆਂ ਤਾਂ ਸ਼ਾਇਦ ਉਹ ਚਲੇ ਜਾਣਗੇ ਕਿਉਂਕਿ ਉਨ੍ਹਾਂ ਦੀ ਇੰਡਸਟਰੀ ਇੰਨੀ ਵੱਡੀ ਹੁੰਦੀ ਹੈ ਅਤੇ ਬੈਨੀਫਿੱਟ ਦਾ ਸਾਈਜ ਵੀ ਬਹੁਤ ਵੱਡਾ ਹੁੰਦਾ ਹੈ। ਦੂਜੇ ਪਾਸੇ ਜਦੋਂ ਪੰਜਾਬ ਸਰਕਾਰ ਨੇ ਕਿਹਾ ਕਿ ਅਸੀਂ ਬਿਜਲੀ ਬਰਾਬਰ ਰੇਟ 'ਤੇ ਰੱਖਾਂਗੇ ਅਤੇ ਬਾਕੀ ਸਹੂਲਤਾਂ ਵੀ ਦੇਵਾਂਗੇ ਤਾਂ ਟਾਟਾ ਸਟੀਲ ਇੱਥੇ ਆ ਗਿਆ। ਹੁਣ ਬਾਹਰੋਂ ਜਿਹੜੀ ਵੱਡੀ ਇੰਡਸਟਰੀ ਹੈ, ਉਹ ਵੀ ਇਥੇ ਆ ਰਹੀ ਹੈ ਕਿਉਂਕਿ ਸਰਕਾਰ ਉਨ੍ਹਾਂ ਦਾ ਧਿਆਨ ਰੱਖ ਰਹੀ ਹੈ। ਖੜ੍ਹੇ ਤਾਂ ਅਸੀਂ 13 'ਤੇ ਹੀ ਹਾਂ। ਸਾਡੇ ਹਿਸਾਬ ਨਾਲ ਤਾਂ ਸਾਰੀਆਂ ਹੀ ਸੀਟਾਂ ਆਉਣੀਆਂ ਚਾਹੀਦੀਆਂ ਹਨ। ਬਾਕੀ ਹੁਣ 4 ਜੂਨ ਨੂੰ ਪਤਾ ਲੱਗੇਗਾ। ਮੇਰੇ ਹਿਸਾਬ ਨਾਲ ਜਲਦੀ-ਜਲਦੀ ਪਾਰਟੀ ਬਦਲਣੀ ਮਾੜੀ ਗੱਲ ਹੈ। ਮੈਂ ਤਾਂ ਇਹ ਹੀ ਕਹਾਂਗਾ ਕਿ ਜੇਕਰ ਤੁਸੀਂ ਇਕ ਪਾਰਟੀ 'ਚ ਹੋ ਤਾਂ ਉਸ 'ਚ ਹੀ ਰਹੋ। ਕਿਸੇ ਲਈ ਵੀ ਬਹੁਤਾ ਫੇਰਬਦਲ ਕਰਨਾ ਕੋਈ ਚੰਗੀ ਗੱਲ ਨਹੀਂ ਹੈ। ਇਕ ਪਾਰਟੀ 'ਚ ਘੱਟੋ-ਘੱਟ ਕੁੱਝ ਸਮਾਂ ਤਾਂ ਕੱਢੋ। ਜੇਕਰ ਬਿਲਕੁਲ ਹੀ ਤੁਸੀਂ ਉਸ ਪਾਰਟੀ ਤੋਂ ਨਾਰਾਜ ਹੋ ਜਾਂਦੇ ਹੋ, ਇਹ ਹੋਰ ਗੱਲ ਹੈ ਪਰ ਹਰ ਤੀਜੇ-ਛੇਵੇਂ ਮਹੀਨੇ ਪਾਰਟੀ ਬਦਲੀ ਜਾਵੇ, ਇਹ ਕੋਈ ਠੀਕ ਨਹੀਂ ਹੈ। ਇਹ ਫੈਸਲੇ ਉੱਪਰਲੇ ਲੈਵਲ 'ਤੇ ਲਏ ਜਾਂਦੇ ਹਨ। ਕੁਝ ਮਜਬੂਰੀਆਂ ਹੁੰਦੀਆਂ ਹਨ ਅਤੇ ਕਈ ਵਾਰ ਲੋਕਲ ਲੀਡਰ ਨਹੀਂ ਮੰਨਦੇ। ਮੈਂ ਇਸ 'ਚ ਸ਼ਾਮਲ ਨਹੀਂ ਹਾਂ। ਮੈਂ ਇਸ 'ਤੇ ਜਵਾਬ ਨਹੀਂ ਦੇਣਾ ਚਾਹੁੰਗਾ ਪਰ ਮੈਨੂੰ ਇਹ ਲੱਗਦਾ ਹੈ ਕਿ ਪਾਰਟੀ ਨੂੰ ਲੋਕਲ ਲੀਡਰਾਂ ਦੀ ਵੀ ਸੁਣਨੀ ਪੈਂਦੀ ਹੈ। ਮੈਂ ਦੋਵੇਂ ਕੰਮ ਕਰਦਾ ਹਾਂ। ਮੈਂ ਆਪਣਾ ਕਾਰੋਬਾਰ ਵੀ ਦੇਖਦਾ ਹਾਂ ਅਤੇ ਜਿੰਨਾ ਕੰਮ ਹੋ ਸਕੇ, ਕਰਦਾ ਹਾਂ। ਮੈਂ ਸਿਆਸਤ ਘੱਟ ਕਰਦਾ ਹਾਂ ਅਤੇ ਕੰਮ ਜ਼ਿਆਦਾ ਕਰਦਾ ਹਾਂ। ਜੋ ਲੁਧਿਆਣਾ ਜ਼ਿਲੇ ਅਤੇ ਪੰਜਾਬ ਦੇ ਮੁੱਦੇ ਹੁੰਦੇ ਹਨ, ਮੈਂ ਸੰਸਦ 'ਚ ਚੁੱਕਦਾ ਹਾਂ। ਜੋ ਬੈਸਟ ਕਰ ਸਕਦਾ ਹਾਂ, ਮੈਂ ਕਰਦਾ ਹਾਂ।



## ਪਬਲਿਕ 'ਤੇ ਭਾਰੀ ਪੈਣ ਲੱਗੀ ਕੂੜੇ ਦੀ ਲਿਫਟਿੰਗ ਕਰਨ ਵਾਲੀ ਕੰਪਨੀ ਨਾਲ ਨਗਰ ਨਿਗਮ ਅਫਸਰਾਂ ਦੀ ਦੋਸਤੀ

ਲੁਧਿਆਣਾ 31 ਮਈ। ਕੂੜੇ ਦੀ ਲਿਫਟਿੰਗ ਕਰਨ ਵਾਲੀ ਕੰਪਨੀ ਨਾਲ ਨਗਰ ਨਿਗਮ ਅਫਸਰਾਂ ਦੀ ਦੋਸਤੀ ਪਬਲਿਕ 'ਤੇ ਭਾਰੀ ਪੈਣ ਲੱਗੀ ਹੈ। ਇਸ ਕੰਪਨੀ ਨੂੰ ਨਗਰ ਨਿਗਮ ਨੂੰ ਹਰ ਮਹੀਨੇ ਕੂੜੇ ਦੀ ਲਿਫਟਿੰਗ ਦੇ ਬਦਲੇ 'ਚ ਨਗਰ ਨਿਗਮ ਵੱਲੋਂ 1 ਕਰੋੜ ਤੋਂ ਜ਼ਿਆਦਾ ਦੀ ਪੇਮੈਂਟ ਦਿੱਤੀ ਜਾਂਦੀ ਹੈ ਪਰ ਇਹ ਕੋਈ ਨਹੀਂ ਦੇਖ ਰਿਹਾ ਹੈ ਕਿ ਇਸ ਕੰਪਨੀ ਵੱਲੋਂ ਕੂੜੇ ਦੀ ਲਿਫਟਿੰਗ ਦਾ ਕੰਮ ਠੀਕ ਢੰਗ ਨਾਲ ਕੀਤਾ ਜਾ ਰਿਹਾ ਹੈ ਜਾਂ ਨਹੀਂ। ਇਸ ਦਾ ਸਬੂਤ ਇਨ੍ਹੀਂ ਦਿਨੀਂ ਸ਼ਿਵਪੁਰੀ ਚੌਕ, ਪੁਰਾਣੀ ਕਚਹਿਰੀ ਚੌਕ, ਜਲੰਧਰ ਬਾਈਪਾਸ ਚੌਕ ਨੇੜੇ ਸਥਿਤ ਸਾਈਟਾਂ 'ਤੇ ਦੇਖਣ ਨੂੰ ਮਿਲ ਰਿਹਾ ਹੈ, ਜਿਥੇ ਲਿਫਟਿੰਗ ਨਾ ਹੋਣ ਕਾਰਨ ਭਾਰੀ



ਮਾਤਰਾ 'ਚ ਕੂੜਾ ਜਮ੍ਹਾ ਹੋ ਗਿਆ ਹੈ, ਜਿਸ ਨਾਲ ਚਾਰੇ ਪਾਸੇ ਬਦਬੂ ਫੈਲ ਗਈ ਹੈ ਤੇ ਸੜਕ ਦੇ ਬਾਹਰ ਤੱਕ ਕੂੜੇ ਦੇ ਢੇਰ ਲੱਗਣ ਦੀ ਵਜ੍ਹਾ ਨਾਲ ਰਾਹਗੀਰਾਂ ਨੂੰ ਪ੍ਰੇਸ਼ਾਨੀ ਹੋ ਰਹੀ ਹੈ, ਜਿਸ ਦੇ ਬਾਵਜੂਦ ਨਗਰ ਨਿਗਮ ਦੀ ਹੈਲਥ ਬ੍ਰਾਂਚ ਦੇ ਅਫਸਰ ਕੰਪਨੀ ਨੂੰ ਜੁਰਮਾਨਾ ਲਗਾਉਣ ਦੇ ਲਈ ਤਿਆਰ ਨਹੀਂ ਹੈ। ਖੁੱਲ੍ਹੇ 'ਚ ਕੂੜਾ ਜਮ੍ਹਾ ਰਹਿਣ ਦਾ ਮਾਮਲਾ ਐੱਨ.ਜੀ.ਟੀ. ਦੇ ਨਿਰਦੇਸ਼ਾਂ ਦੀ ਉਲੰਘਣਾ ਅਤੇ ਸਵੱਛਤਾ ਸਰਵੇਖਣ ਨਾਲ ਜੁੜਿਆ ਹੋਇਆ ਹੈ ਕਿਉਂਕਿ ਖੁੱਲ੍ਹੇ 'ਚ ਕੂੜਾ ਇਕੱਠਾ ਨਾ ਹੋਣ ਦੇਣ ਲਈ ਕੂੜੇ ਦੀ ਡੋਰ-ਟੂ-ਡੋਰ ਕੁਲੈਕਸ਼ਨ, ਲਿਫਟਿੰਗ ਅਤੇ ਪ੍ਰੋਸੈਸਿੰਗ ਨੂੰ ਲੈ ਕੇ ਜੋ ਨਿਰਦੇਸ਼ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਵੱਲੋਂ ਦਿੱਤੇ ਗਏ ਹਨ, ਉਨ੍ਹਾਂ ਦਾ ਨਗਰ ਨਿਗਮ ਵੱਲੋਂ ਡੈੱਡਲਾਈਨ ਖਤਮ ਹੋਣ ਦੇ ਦੇਰ ਬਾਅਦ ਤੱਕ ਪਾਲਣ ਨਹੀਂ ਕੀਤਾ ਜਾ ਰਿਹਾ। ਇਸ ਤੋਂ ਇਲਾਵਾ ਖੁੱਲ੍ਹੇ 'ਚ ਕੂੜਾ ਪਿਆ ਰਹਿਣ, ਕੂੜੇ ਦੀ ਡੋਰ-ਟੂ-ਡੋਰ ਕੁਲੈਕਸ਼ਨ, ਲਿਫਟਿੰਗ ਅਤੇ ਪ੍ਰੋਸੈਸਿੰਗ ਨਾ ਹੋਣ ਦੀ ਵਜ੍ਹਾ ਨਾਲ ਸਵੱਛਤਾ ਸਰਵੇਖਣ 'ਚ ਮਹਾਨਗਰ ਦੀ ਰੈਂਕਿੰਗ ਲਗਾਤਾਰ ਡਾਊਨ ਆ ਰਹੀ ਹੈ।

## ਅੰਮ੍ਰਿਤਸਰ ਦੇ ਮਸ਼ਹੂਰ ਹੋਟਲ ਵਿਚ ਵੱਡੀ ਘਟਨਾ, 6 ਸਾਲਾ ਬੱਚੇ ਦੀ ਹੋਈ ਦਰਦਨਾਕ ਮੌਤ

ਅੰਮ੍ਰਿਤਸਰ 31 ਮਈ। ਅੰਮ੍ਰਿਤਸਰ ਦੇ ਹਾਲ ਬਾਜਾਰ ਸਥਿਤ ਹੋਟਲ ਰਮਾਡਾ 'ਚ ਛੇ ਸਾਲਾ ਬੱਚੇ ਦੀ ਮੌਤ ਹੋਣ ਦਾ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਮੁਤਾਬਰ ਬੱਚਾ ਹੋਲਟ ਦੇ ਸਵਿਮਿੰਗ 'ਚ ਨਹਾ ਰਿਹਾ ਸੀ ਅਤੇ ਜਿਸ 'ਚ ਉਸ ਦੀ ਮੌਤ ਹੋ ਗਈ। ਇਸ ਦੌਰਾਨ ਪਰਿਵਾਰ ਵਾਲਿਆਂ ਦਾ ਰੋ-ਰੋ ਬੁਰਾ ਹਾਲ ਹੈ। ਪੁਲਸ ਵਲੋਂ ਬੱਚੇ ਦਾ ਪੋਸਟਮਾਰਟਮ ਜ਼ਿਲ੍ਹਾ ਪੱਧਰੀ ਸਿਵਲ ਹਸਪਤਾਲ ਵਿੱਚ ਕਰਵਾ ਕੇ ਲਾਸ਼ ਪਰਿਵਾਰਿਕ ਮੈਂਬਰਾਂ ਦੇ ਹਵਾਲੇ ਕਰ ਦਿੱਤੀ ਗਈ ਹੈ। ਥਾਣਾ ਰਾਮ ਬਾਗ ਦੀ ਪੁਲਸ ਵੱਲੋਂ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਹੋਇਆ ਹੋਟਲ ਖ਼ਿਲਾਫ ਮਾਮਲਾ ਦਰਜ ਕਰ ਲਿਆ ਹੈ । ਜਾਣਕਾਰੀ ਅਨੁਸਾਰ ਸ੍ਰੀ ਹਰਿਮੰਦਰ ਸਾਹਿਬ ਦਰਸਨ ਕਰਨ ਲਈ ਦਿੱਲੀ ਤੋਂ ਪਰਿਵਾਰ ਅੰਮ੍ਰਿਤਸਰ ਆਇਆ ਹੋਇਆ ਸੀ ਅਤੇ ਉਕਤ ਹੋਟਲ ਵਿੱਚ ਰਹਿ ਰਿਹਾ ਸੀ।

## ਮਾਮਲਾ ਸੜਕ ਹਾਦਸੇ 'ਚ ਵਿਅਕਤੀ ਦੀ ਮੌਤ ਦਾ, ਟਰੱਕ ਡਰਾਈਵਰ ਖਿਲਾਫ ਪਰਚਾ ਦਰਜ

ਜਲਾਲਾਬਾਦ 31 ਮਈ। ਬੀਤੀ ਰਾਤ ਨੂੰ ਕਾਰ ਅਤੇ ਟਰੱਕ ਦੀ ਟੱਕਰ ਹੋਣ ਨਾਲ ਵਾਪਰੇ ਹਾਦਸੇ 'ਚ ਇਕ ਵਿਅਕਤੀ ਦੀ ਮੌਤ ਹੋ ਜਾਣ ਸਬੰਧੀ ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਟਰੱਕ ਦੇ ਅਣਪਛਾਤੇ ਡਰਾਈਵਰ ਖ਼ਿਲਾਫ ਪਰਚਾ ਦਰਜ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਮੁੱਦਈ ਅਨਿਲ ਕੁਮਾਰ ਪੁੱਤਰ ਰਾਜ ਕੁਮਾਰ ਵਾਸੀ ਗਾਂਧੀ ਨਗਰ ਫਾਜ਼ਿਲਕਾ ਨੇ ਪੁਲਸ ਕੋਲ ਦਰਜ ਕਰਵਾਏ ਗਏ ਬਿਆਨਾਂ 'ਚ ਦੱਸਿਆ ਹੈ ਕਿ 26 ਮਈ ਦੀ ਰਾਤ ਕਰੀਬ 10. 45 ਵਜੇ ਟਰੱਕ ਡਰਾਈਵਰ ਨੇ ਬੜੀ ਤੇਜ ਰਫਤਾਰ ਅਤੇ ਲਾਪਰਵਾਹੀ ਨਾਲ ਚਲਾ ਕੇ ਰੌਂਗ ਸਾਈਡ ਲਿਜਾ ਕੇ ਉਸ ਦੇ (ਮੁੱਦਈ) ਦੇ ਸਾਲੇ ਤਰੁਣ ਵਧਵਾ ਪੁੱਤਰ ਵਿਜੈ ਕੁਮਾਰ ਵਾਸੀ ਵਿਜੈ ਕਾਲੋਨੀ ਫਾਜ਼ਿਲਕਾ ਦੀ ਕਾਰ ਵਿਚ ਮਾਰਿਆ। ਇਸ ਨਾਲ ਵਾਪਰੇ ਹਾਦਸੇ 'ਚ ਉਸ ਦੇ ਸਾਲੇ ਤਰੁਣ ਵਧਵਾ ਨੂੰ ਗੰਭੀਰ ਰੂਪ 'ਚ ਸੱਟਾਂ ਲੱਗ ਗਈਆਂ ਸਨ ਅਤੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ ਸੀ। ਇਸ ਦੇ ਨਾਲ ਹੀ ਕਾਰ 'ਚ ਸਵਾਰ ਜਗਦੀਸ਼ ਲਾਲ ਵਾਸੀ ਗੰਜੂ ਹਸਤਾ ਦੇ ਗੰਭੀਰ ਰੂਪ 'ਚ ਸੱਟਾਂ ਲੱਗੀਆਂ ਹਨ। ਇਸ 'ਤੇ ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਮੁੱਦਈ ਅਨਿਲ ਕੁਮਾਰ ਦੇ ਬਿਆਨਾਂ ਦੇ ਆਧਾਰ 'ਤੇ ਟਰੱਕ ਦੇ ਅਣਪਛਾਤੇ ਡਰਾਈਵਰ ਖ਼ਿਲਾਫ ਮਾਮਲਾ ਦਰਜ ਕੀਤਾ ਗਿਆ ਹੈ।

## 36 ਸਾਲਾਂ 'ਚ ਪਹਿਲੀ ਵਾਰ ਮਈ 'ਚ ਪਿਆ ਸੋਕਾ, ਗਰਮੀ ਦੀ ਮਾਰ ਕਾਰਨ 432 ਮੈਗਾਵਾਟ ਤੱਕ ਪੁੱਜੀ ਬਿਜਲੀ ਦੀ ਖਪਤ

ਏਜੰਸੀਆਂ

ਚੰਡੀਗੜ੍ਹ 31 ਮਈ। ਚੰਡੀਗੜ੍ਹ 'ਚ ਇਸ ਵਾਰ ਮਈ ਮਹੀਨੇ ਮੌਸਮ ਦੇ ਸਾਰੇ ਪੁਰਾਣੇ ਰਿਕਾਰਡ ਟੁੱਟਣਾ ਹੁਣ ਰੋਜ਼ ਦੀ ਗੱਲ ਹੋ ਗਈ ਹੈ। ਚੰਡੀਗੜ੍ਹ 'ਚ ਸੋਮਵਾਰ ਨੂੰ ਜਿਥੇ ਪਹਿਲੀ ਵਾਰ ਮਈ ਮਹੀਨੇ 'ਚ ਪਹਿਲੀ ਵਾਰ ਪਾਰਾ ਲਗਾਤਾਰ ਦੂਜੇ ਦਿਨ 44 ਡਿਗਰੀ ਤੋਂ ਉੱਪਰ ਰਿਹਾ ਤੇ 38 ਸਾਲਾਂ 'ਚ ਇਹ ਪਹਿਲੀ ਵਾਰ ਹੈ ਕਿ ਚੰਡੀਗੜ੍ਹ 'ਚ ਪਾਣੀ ਦੀ ਇਕ ਬੂੰਦ ਵੀ ਨਹੀਂ ਵਰਸੀ। ਇਸ ਮਹੀਨੇ ਦੇ ਬਾਕੀ ਬਚੇ 4 ਦਿਨਾਂ 'ਚ ਵੀ ਸ਼ਹਿਰ 'ਚ ਮੀਂਹ ਪੈਣ ਦੀ ਕੋਈ ਸੰਭਾਵਨਾ ਨਹੀਂ ਹੈ। ਲਗਾਤਾਰ ਪੈ ਰਹੀ ਭਿਆਨਕ ਗਰਮੀ ਦਾ ਅਸਰ ਇਹ ਹੈ ਕਿ ਚੰਡੀਗੜ੍ਹ 'ਚ ਬਿਜਲੀ ਦੀ ਖਪਤ ਹੁਣ ਪੀਕ ਆਵਰਜ਼ ਦੌਰਾਨ 432 ਮੈਗਾਵਾਟ ਤੱਕ ਪਹੁੰਚ ਗਈ ਹੈ। ਚੰਡੀਗੜ੍ਹ ਕੋਲ 500 ਮੈਗਾਵਾਟ ਬਿਜਲੀ ਮੁਹੱਈਆ ਹੈ ਪਰ 18 ਮਈ ਤੋਂ ਬਾਅਦ ਸ਼ਹਿਰ 'ਚ ਬਿਜਲੀ ਦੀ ਖਪਤ ਲਗਾਤਾਰ ਵੱਧ ਰਹੀ ਹੈ। ਗਰਮੀ ਤੇ ਬਿਜਲੀ ਦਾ ਲੋਡ ਵਧਣ ਦੇ ਨਾਲ ਹੀ ਬਿਜਲੀ ਵਿਭਾਗ ਦੇ 12 ਸ਼ਿਕਾਇਤ ਕੇਂਦਰਾਂ 'ਤੇ ਰੋਜ਼ਾਨਾ ਮਿਲਣ ਵਾਲੀਆਂ ਸ਼ਿਕਾਇਤਾਂ ਦੀ ਗਿਣਤੀ 240 ਦੇ ਕਰੀਬ ਪਹੁੰਚ ਗਈ ਹੈ। 1988 ਤੋਂ ਬਾਅਦ ਪਹਿਲੀ ਵਾਰ ਸ਼ਹਿਰ ਦੇ ਲੋਕਾਂ ਨੂੰ ਮਈ ਦੀ ਗਰਮੀ ਤੋਂ ਰਾਹਤ ਦਿਵਾਉਣ ਵਾਲੀ ਮੀਂਹ ਦੀ ਇਕ ਬੂੰਦ ਵੀ ਨਹੀਂ ਪਈ। ਆਮ ਤੌਰ 'ਤੇ ਹਰ ਸਾਲ ਮਈ ਮਹੀਨੇ ਕਦੇ ਘੱਟ ਜਾਂ ਕਦੇ ਜ਼ਿਆਦਾ ਮੀਂਹ ਗਰਮੀ ਦੀ ਤਪਸ਼ ਨੂੰ ਵਧਣ ਤੋਂ ਰੋਕਦਾ ਰਿਹਾ ਹੈ। ਪਿਛਲੇ ਸਾਲ ਹੀ ਮਈ ਮਹੀਨੇ 119.6 ਮਿਲੀਮੀਟਰ ਮੀਂਹ ਪਿਆ ਸੀ। ਹਰ ਸਾਲ ਮਈ ਮਹੀਨੇ ਚੰਡੀਗੜ੍ਹ 'ਚ 2.2 ਮਿਲੀਮੀਟਰ ਤੋਂ ਲੈ ਕੇ 119 ਮਿਲੀਮੀਟਰ ਤੱਕ ਮੀਂਹ ਪੈਂਦਾ ਰਿਹਾ ਹੈ। ਮਈ-ਜੂਨ ਦੇ ਮਹੀਨੇ ਦੀ ਗਰਮੀ ਕਾਰਨ ਪੱਛਮ ਤੋਂ



ਗਰਮ ਹਵਾਵਾਂ ਆਉਂਦੀਆਂ ਰਹਿੰਦੀਆਂ ਹਨ ਪਰ ਇਸ ਵਾਰ ਇਨ੍ਹਾਂ ਪੱਛਮੀ ਹਵਾਵਾਂ ਦੇ ਪ੍ਰਭਾਵ ਨੂੰ ਘੱਟ ਕਰਨ ਵਾਲਾ ਮੀਂਹ ਨਹੀਂ ਪਿਆ। 1988 'ਚ ਵੀ ਮਈ ਮਹੀਨੇ ਸ਼ਹਿਰ 'ਚ ਬਿਲਕੁਲ ਵੀ ਮੀਂਹ ਨਹੀਂ ਪਿਆ, ਜਿਸ ਦਾ ਅਸਰ ਇਹ ਹੋਇਆ ਕਿ ਉਸ ਸਾਲ 28 ਮਈ ਨੂੰ ਚੰਡੀਗੜ੍ਹ 'ਚ ਅੱਜ ਤੱਕ ਦਾ ਸਭ ਤੋਂ ਵੱਧ ਤਾਪਮਾਨ 46.5 ਡਿਗਰੀ ਦਰਜ ਕੀਤਾ ਗਿਆ ਸੀ। ਮੌਸਮ ਵਿਭਾਗ ਅਨੁਸਾਰ ਫ਼ਿਲਹਾਲ 31 ਮਈ ਤੱਕ ਇਸ ਝੁਲਸਾਉਂਦੀ ਗਰਮੀ ਦੇ ਘਟਣ ਦੀ ਕੋਈ ਸੰਭਾਵਨਾ ਨਹੀਂ ਹੈ। ਤਾਪਮਾਨ ਲਗਾਤਾਰ 43 ਤੋਂ 44 ਡਿਗਰੀ ਤੱਕ ਰਹੇਗਾ। ਹਾਲਾਤ ਇਹ ਬਣੇ ਹੋਏ ਹਨ ਕਿ ਚੰਡੀਗੜ੍ਹ ਹਵਾਈ ਅੱਡੇ 'ਤੇ ਤਾਪਮਾਨ ਲਗਾਤਾਰ ਦੂਜੇ ਦਿਨ 45 ਡਿਗਰੀ ਨੂੰ ਪਾਰ ਕਰਕੇ 45.1 ਡਿਗਰੀ ਦਰਜ ਕੀਤਾ ਗਿਆ। ਹਾਲਾਂਕਿ 31 ਮਈ ਨੂੰ ਪਹਾੜੀ ਇਲਾਕਿਆਂ 'ਚ ਪੈਣ ਵਾਲੇ ਮੀਂਹ ਕਾਰਨ ਚੰਡੀਗੜ੍ਹ ਦੇ ਤਾਪਮਾਨ 'ਚ ਕੁਝ ਕਮੀ ਆ ਸਕਦੀ ਹੈ। ਜੇ ਪਿਛਲੇ ਸਾਲ ਨੂੰ ਹੀ ਯਾਦ ਕਰੀਏ ਤਾਂ ਪਿਛਲੇ ਸਾਲ ਮਈ ਮਹੀਨੇ ਸ਼ਹਿਰ 'ਚ 119.6 ਮਿਲੀਮੀਟਰ ਮੀਂਹ ਪਿਆ ਤੇ ਪਾਰਾ 43.1 ਡਿਗਰੀ ਤੋਂ ਉੱਪਰ ਨਹੀਂ ਗਿਆ ਸੀ। ਇਸੇ ਤਰ੍ਹਾਂ 2021 'ਚ ਪਏ 58.8 ਮਿਲੀਮੀਟਰ ਮੀਂਹ ਨੇ ਤਾਪਮਾਨ 42.1 ਡਿਗਰੀ ਤੋਂ ਉੱਪਰ ਨਹੀਂ ਜਾਣ ਦਿੱਤਾ। ਮਈ 'ਚ ਪਏ ਮਾਮੂਲੀ ਮੀਂਹ ਨੇ ਵੀ ਤਾਪਮਾਨ ਵਧਣ ਤੋਂ ਰੋਕ ਦਿੱਤਾ। 2005 'ਚ ਸ਼ਹਿਰ 'ਚ ਸਿਰਫ਼ 6.6 ਮਿਲੀਮੀਟਰ ਮੀਂਹ ਪਿਆ ਸੀ ਪਰ ਤਾਪਮਾਨ 42.2 ਤੋਂ ਅੱਗੇ ਨਹੀਂ ਵਧਿਆ। 2007 'ਚ ਵੀ ਸ਼ਹਿਰ 'ਚ ਬਹੁਤ ਘੱਟ 4.8 ਮਿਲੀਮੀਟਰ ਮੀਂਹ ਪਿਆ ਸੀ ਪਰ ਇਸ ਘੱਟ ਮੀਂਹ ਨੇ ਵੀ ਸ਼ਹਿਰ ਦਾ ਤਾਪਮਾਨ 40.6 ਡਿਗਰੀ 'ਤੇ ਰੋਕੀ ਰੱਖਿਆ ਸੀ।

## ਭਗਵੰਤ ਮਾਨ ਵਲੋਂ ਔਰਤਾਂ ਨੂੰ 1100 ਰੁਪਏ ਦੇਣ 'ਤੇ ਬੋਲੇ ਭਾਜਪਾ ਪ੍ਰਧਾਨ ਸੁਨੀਲ ਜਾਖੜ

ਏਜੰਸੀਆਂ

ਜਲੰਧਰ 31 ਮਈ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਹੈ ਕਿ ਕਾਂਗਰਸ ਦੀ ਸਿਆਸਤ ਹਿੰਦੂ ਵਿਰੋਧ 'ਤੇ ਟਿਕੀ ਹੈ ਅਤੇ ਇਸੇ ਹਿੰਦੂ ਵਿਰੋਧ ਕਾਰਨ ਕਾਂਗਰਸ ਨੇ ਉਨ੍ਹਾਂ ਨੂੰ ਪੰਜਾਬ ਦਾ ਮੁੱਖ ਮੰਤਰੀ ਨਹੀਂ ਬਣਨ ਦਿੱਤਾ। ਜਿਸ ਵੇਲੇ ਪੰਜਾਬ ਦੇ ਵਿਧਾਇਕ ਮੈਨੂੰ ਮੁੱਖ ਮੰਤਰੀ ਬਣਾਉਣ ਦੇ ਹੱਕ ਵਿਚ ਸਨ, ਉਸ ਵੇਲੇ ਕਾਂਗਰਸ ਦੀ ਕੇਂਦਰੀ ਲੀਡਰਸ਼ਿਪ ਨੇ ਹਿੰਦੂ ਚਿਹਰਾ ਹੋਣ ਕਾਰਨ ਮੈਨੂੰ ਨਜ਼ਰਅੰਦਾਜ਼ ਕਰ ਦਿੱਤਾ। 'ਜਗ ਬਾਣੀ' ਨਾਲ ਖਾਸ ਗੱਲਬਾਤ ਦੌਰਾਨ ਜਾਖੜ ਨੇ ਕਿਹਾ ਕਿ ਕਾਂਗਰਸ ਨੇ ਉਸ ਵੇਲੇ ਮੈਨੂੰ ਕਦੇ ਕੈਪਟਨ ਅਮਰਿੰਦਰ ਸਿੰਘ ਦਾ ਨਜ਼ਦੀਕੀ ਹੋਣ ਦਾ ਹਵਾਲਾ ਦਿੱਤਾ ਤਾਂ ਕਦੇ ਪੰਜਾਬ ਦਾ ਮਾਹੌਲ ਖਰਾਬ ਹੋਣ ਦੀ ਦੁਹਾਈ ਦਿੱਤੀ ਪਰ ਕਾਂਗਰਸ ਦਾ ਮੁੱਖ ਏਜੰਡਾ ਹਿੰਦੂ ਚਿਹਰੇ ਨੂੰ ਪੰਜਾਬ ਦਾ ਮੁੱਖ ਮੰਤਰੀ ਨਾ ਬਣਨ ਦੇਣਾ ਸੀ। ਪੇਸ਼ ਹੈ ਸੁਨੀਲ ਜਾਖੜ ਨਾਲ ਹੋਈ ਗੱਲਬਾਤ ਦੇ ਮੁੱਖ ਅੰਸ਼ ਹਰ ਪਾਰਟੀ 13-0 ਦਾ ਦਾਅਵਾ ਕਰ ਰਹੀ ਹੈ। ਕਹਿਣ ਨੂੰ ਤਾਂ ਭਗਵੰਤ ਮਾਨ ਕੁਝ ਵੀ ਕਹਿ ਸਕਦੇ ਹਨ। ਉਹ ਪਹਿਲਾਂ ਕਾਮੇਡੀਅਨ ਰਹੇ ਹਨ, ਉਨ੍ਹਾਂ ਨੂੰ ਸੁਣ ਕੇ ਲੋਕ ਹੱਸ ਲੈਂਦੇ ਹਨ। ਮਾਨ ਸਾਹਿਬ ਕਦੇ ਜੁਮਲੇਬਾਜੀ ਕਰ ਲੈਂਦੇ ਹਨ ਤਾਂ ਕਦੇ ਗਾਣਾ ਗਾ ਲੈਂਦੇ ਹਨ। ਇਕ ਪਾਸੇ ਕਾਂਗਰਸ ਭਾਈਚਾਰਕ ਸਾਂਝ ਨੂੰ ਤੋੜ ਰਹੀ ਹੈ



ਤਾਂ ਦੂਜੇ ਪਾਸੇ ਆਮ ਆਦਮੀ ਪਾਰਟੀ ਕਿਸਾਨ ਅਤੇ ਵਪਾਰੀ ਵਿਚਾਲੇ ਟਕਰਾਅ ਪੈਦਾ ਕਰ ਰਹੀ ਹੈ। ਕਿਸਾਨ ਅਤੇ ਵਪਾਰੀ ਪੰਜਾਬ ਦੇ ਦੋ ਪਹੀਏ ਹਨ, ਜਿਨ੍ਹਾਂ ਤੋਂ ਬਿਨਾਂ ਪੰਜਾਬ ਨਹੀਂ ਚੱਲ ਸਕਦਾ। ਮੇਰੀ ਇਕੋ ਅਪੀਲ ਹੈ ਕਿ ਵੋਟ ਦੇ ਚੱਕਰ 'ਚ ਆਪਸੀ ਭਾਈਚਾਰਕ ਸਾਂਝ ਨਾ ਗੁਆਈ ਜਾਵੇ। ਇੱਜਤ ਨੀਲਾਮ ਹੋਣ ਤੋਂ ਬਾਅਦ 11 ਕਰੋੜ ਰੁਪਏ ਵੀ ਘੱਟ ਹਨ ਪਰ ਉਹ 40 ਹਜਾਰ ਕਰੋੜ ਰੁਪਏ ਗਏ ਕਿੱਥੇ ਅਤੇ ਜਿਸ ਦਿਨ ਸਖਤੀ ਵਰਤੀ ਗਈ ਤਾਂ ਸਾਰੇ ਤਿੱਤਰ-ਬਿੱਤਰ ਹੋ ਜਾਣਗੇ, ਜਿਵੇਂ ਪਹਿਲਾਂ ਸਾਰੇ ਐੱਮ. ਪੀ. ਇਲਾਜ ਕਰਵਾਉਣ ਦੇ ਬਹਾਨੇ ਗਾਇਬ ਹੋ ਗਏ ਸਨ। ਜਿਸ ਦਿਨ ਕਰੱਪਸ਼ਨ ਨੂੰ ਲੈ ਕੇ ਛਾਪੇਮਾਰੀ ਕੀਤੀ ਗਈ ਤਾਂ ਆਮ ਆਦਮੀ ਪਾਰਟੀ ਨੂੰ ਵੱਡਾ ਝਟਕਾ ਲੱਗੇਗਾ ਅਤੇ ਇਹ ਸਾਰੇ 92 ਵਿਧਾਇਕ ਉੱਡ ਜਾਣਗੇ। ਇਸ ਲਈ ਮੈਂ ਕਹਿ ਰਿਹਾ ਹਾਂ ਕਿ ਇਨ੍ਹਾਂ ਨੂੰ ਡੇਗਣ ਦੀ ਲੋੜ ਨਹੀਂ, ਇਹ ਆਪਣੇ ਭਾਰ ਨਾਲ ਆਪ ਹੀ ਡਿੱਗ ਜਾਣਗੇ। ਅਮਿਤ ਸ਼ਾਹ ਦੇ ਦਬਕੇ ਤੋਂ ਬਾਅਦ ਕੱਲ ਪਹਿਲੀ ਵਾਰ ਬਠਿੰਡਾ 'ਚ ਭਗਵੰਤ ਮਾਨ ਦੇ ਸੁਰ-ਤਾਲ ਬਦਲ ਗਏ। ਕੱਲ ਉਨ੍ਹਾਂ ਦਾ ਹਾਲ ਅਜਿਹਾ ਹੋ ਗਿਆ ਜਿਵੇਂ ਵਿਧਾਨ ਸਭਾ 'ਚ ਰਾਜਾ ਵੜਿੰਗ ਤੇ ਸੁਖਜਿੰਦਰ ਰੰਧਾਵਾ ਦਾ ਹੁੰਦਾ ਹੈ ਕਿਉਂਕਿ ਉੱਥੇ ਸੀ. ਐੱਮ. ਮਾਨ ਦਬਕਾ ਮਾਰਦੇ ਹਨ। ਸੂਬੇ ਵਿਚ ਆਮ ਆਦਮੀ ਪਾਰਟੀ ਤੇ ਵਿਰੋਧੀ ਧਿਰ ਦੋਵੇਂ ਮਿਲੇ ਹੋਏ ਹਨ। ਜਿਹੜੇ ਕਰਮ ਕੀਤੇ ਹਨ, ਉਨ੍ਹਾਂ ਦਾ ਫਲ ਤਾਂ ਮਿਲੇਗਾ ਹੀ ਕਿਉਂਕਿ ਪੰਜਾਬ ਕਾਂਗਰਸ ਦੇ ਨੇਤਾਵਾਂ ਨੇ ਕੰਮ ਹੀ ਜੇਲ ਜਾਣ ਵਾਲੇ ਕੀਤੇ ਹਨ।

## ਗਾਹਕ ਬਣ ਕੇ ਆਇਆ ਲੁਟੇਰਾ ਮੋਬਾਇਲ ਲੈ ਕੇ ਹੋਇਆ ਫਰਾਰ

ਬੰਗਾ 31 ਮਈ। ਬੰਗਾ ਸ਼ਹਿਰ ਅਤੇ ਇਸ ਦੇ ਨਾਲ ਲੱਗਦੇ ਏਰੀਏ ਵਿੱਚ ਚੋਰੀਆਂ ਅਤੇ ਲੁੱਟਾਂ-ਖੋਹਾਂ ਦਾ ਆਲਮ ਅਸਮਾਨ ਨੂੰ ਛੂਹ ਰਿਹਾ ਹੈ ਅਤੇ ਲੁਟੇਰੇ ਨਵੇਂ-ਨਵੇਂ ਹੱਥਕੰਡੇ ਅਪਣਾ ਕੇ ਲੋਕਾਂ ਨੂੰ ਲੁੱਟ ਰਹੇ ਹਨ। ਇਸ ਦੀ ਤਾਜ਼ਾ ਮਿਸਾਲ ਸ਼ਹਿਰ ਵਿੱਚ ਚਿੱਟੇ ਦਿਨ ਉਸ ਸਮੇਂ ਵੇਖਣ ਨੂੰ ਮਿਲੀ ਜਦੋਂ ਇਕ ਲੁਟੇਰਾ ਦੁਕਾਨਦਾਰ ਕੋਲ ਗਾਹਕ ਦੇ ਰੂਪ ਵਿੱਚ ਆ ਕੇ ਉਸ ਦਾ ਕੀਮਤੀ ਮੋਬਾਇਲ ਲੈ ਫੂਰ ਹੋ ਗਿਆ। ਲੁੱਟ ਸਬੰਧੀ ਜਾਣਕਾਰੀ ਦਿੰਦੇ ਲੁੱਟ ਦਾ ਸ਼ਿਕਾਰ ਹੋਏ ਮਨੋਹਰ ਲਾਲ ਪੁੱਤਰ ਨਿਰੰਜਣ ਦਾਸ ਨਿਵਾਸੀ ਬੰਗਾ ਨੇ ਦੱਸਿਆ ਕਿ ਉਹ ਬੰਗਾ ਆਜ਼ਾਦ ਚੌਂਕ ਵਿਖੇ ਲੰਮੇ ਅਰਸੇ ਤੋਂ ਆਪਣੀ ਮਨੋਹਰ ਟੇਲਰ ਨਾਮੀ ਦੁਕਾਨ ਬਣਾ ਕੇ ਟੇਲਰਿੰਗ ਦਾ ਕੰਮ ਕਰਦਾ ਹੈ ਅਤੇ ਅਕਸਰ ਹੀ ਦੂਰ-ਦੁਰਾਡੇ ਤੋਂ ਗਾਹਕ ਉਸ ਕੋਲ ਆਉਂਦੇ ਜਾਂਦੇ ਰਹਿੰਦੇ ਹਨ।ਉਸ ਨੇ ਦੱਸਿਆ ਕਿ ਬੀਤੇ ਦਿਨ ਇਕ ਮੋਟਰ ਸਾਈਕਲ 'ਤੇ ਸਵਾਰ ਇਕ ਨੌਜਵਾਨ ਸਵੇਰ ਸਮੇਂ ਦੁਕਾਨ ਖੁੱਲ੍ਹਦੇ ਹੀ ਉਸ ਕੋਲ ਆਇਆ ਅਤੇ ਕਹਿਣ ਲੱਗਾ ਕਿ ਉਸ ਦੇ ਘਰਵਾਲਿਆਂ ਨੇ ਤਾਂ ਦੁਕਾਨ ਆਉਣਾ ਸੀ ਕਿ ਉਹ ਆਏ ਹਨ ਜਾਂ ਨਹੀਂ? ਉਸ ਨੇ ਦੱਸਿਆ ਜਦੋਂ ਉਸ ਨੇ ਉਸ ਨੂੰ ਉਸ ਦੀ ਗੱਲ੍ਹ ਦਾ ਜਵਾਬ ਨਾਂਹ ਵਿੱਚ ਦਿੱਤਾ ਅਤੇ ਉਸ ਨੇ ਕਿਹਾ ਤੁਸੀਂ ਆਪਣਾ ਫੋਨ ਦੇਣਾ ਉਹ ਆਪਣੇ ਘਰਦਿਆਂ ਨੂੰ ਫੋਨ ਕਰਕੇ ਪੁੱਛਦਾ ਹੈ, ਉਹ ਕਿੱਥੇ ਹਨ। ਇਸ ਦੌਰਾਨ ਉਹ ਫੋਨ ਕਰਨ ਦਾ ਬਿਹਾਨਾ ਮਾਰਦਾ ਹੋਇਆ ਵੇਖਦੇ ਹੀ ਵੇਖਦੇ ਫੋਨ ਲੈ ਕੇ ਆਪਣੇ ਮੋਟਰਸਾਈਕਲ 'ਤੇ ਫਰਾਰ ਹੋ ਗਿਆ। ਉਸ ਨੇ ਦੱਸਿਆ ਉਸ ਨੇ ਉਕਤ ਮੋਟਰਸਾਈਕਲ ਦਾ ਨੰਬਰ ਨੋਟ ਕਰਨਾ ਚਾਹਿਆ ਤਾਂ ਉਕਤ ਮੋਟਰਸਾਈਕਲ ਵੀ ਬਿਨਾਂ ਨੰਬਰ ਤੋਂ ਸੀ।

# ਇਕੱਲੇ ਚੋਣ ਲੜਨਾ ਕਾਫੀ ਚੈਲੇਂਜਿੰਗ ਪਰ ਭਾਜਪਾ ਕਰ ਰਹੀ ਬਿਹਤਰ ਪ੍ਰਫਾਰਮ : ਰਾਕੇਸ਼ ਰਾਠੌਰ

ਸਰਦੂਲ ਸਿੰਘ

ਜਲੰਧਰ 31 ਮਈ। ਪੰਜਾਬ 'ਚ ਭਾਜਪਾ ਦਾ ਭਵਿੱਖ ਬਹੁਤ ਸੁਨਹਿਰਾ ਹੈ ਅਤੇ ਪਾਰਟੀ ਆਉਣ ਵਾਲੇ ਸਮੇਂ ਪੰਜਾਬ 'ਚ ਆਪਣੀ ਸਰਕਾਰ ਬਣਾਏਗੀ। ਇਹ ਦਾਅਵਾ ਪੰਜਾਬ ਭਾਜਪਾ ਦੇ ਜਨਰਲ ਸਕੱਤਰ ਰਾਕੇਸ਼ ਰਾਠੌਰ ਨੇ ਇਥੇ ਵਿਸ਼ੇਸ਼ ਗੱਲਬਾਤ ਦੌਰਾਨ ਕੀਤਾ। ਰਾਠੌਰ ਨੇ ਕਈ ਹੋਰ ਮੁੱਦਿਆਂ 'ਤੇ ਵੀ ਚਰਚਾ ਕੀਤੀ। ਪੇਸ਼ ਹਨ ਉਨ੍ਹਾਂ ਨਾਲ ਗੱਲਬਾਤ ਦੇ ਅੰਸ਼ : ਜਵਾਬ : ਪੰਜਾਬ 'ਚ ਹੌਲੀ-ਹੌਲੀ ਬਹੁਤ ਬਦਲਾਅ ਰਿਹਾ ਹੈ। ਪਹਿਲਾਂ ਅਸੀਂ ਅਕਾਲੀ ਦਲ ਨਾਲ ਸਾਂਝੀ ਲੜਾਈ ਲੜਦੇ ਸੀ ਪਰ ਇਸ ਵਾਰ ਅਸੀਂ ਇਕੱਲੇ ਚੋਣ ਲੜ ਰਹੇ ਹਾਂ ਅਤੇ ਇਸ ਵਿਚ ਕਾਫੀ ਚੈਲੇਂਜ ਵੀ ਹਨ ਪਰ ਮੈਨੂੰ ਲੱਗਦਾ ਹੈ ਇਸ ਵਾਰ ਇਕ ਵੱਡਾ ਬਦਲਾਅ ਹੋਵੇਗਾ ਅਤੇ ਪੰਜਾਬ ਵਿਚ ਭਾਜਪਾ ਦਾ ਵੋਟ ਫੀਸਦੀ ਵਧੇਗਾ। ਭਾਜਪਾ ਇਸ ਵਾਰ ਦੀਆਂ ਚੋਣਾਂ ਵਿਚ ਆਸ ਤੋਂ ਵੱਧ ਸੀਟਾਂ ਜਿੱਤਣ ਵਿਚ ਕਾਮਯਾਬ ਹੋਵੇਗੀ ਕਿਉਂਕਿ ਭਾਜਪਾ ਨੇ ਪਿਛਲੇ 5 ਸਾਲਾਂ ਵਿਚ ਪੰਜਾਬ ਅੰਦਰ ਬਹੁਤ ਸਾਰਾ ਕੰਮ ਕੀਤਾ ਹੈ। ਹਰ ਜ਼ਿਲ੍ਹੇ 'ਚ ਬੂਥ ਪੱਧਰ 'ਤੇ ਬਹੁਤ ਕੰਮ ਹੋਇਆ ਹੈ ਅਤੇ ਇਸ ਦਾ ਨਤੀਜਾ ਸਾਨੂੰ ਚੋਣਾਂ 'ਚ ਦੇਖਣ ਨੂੰ ਮਿਲੇਗਾ। ਜਵਾਬ : ਥੋਂ ਤਕ ਟਿਕਟ ਮਿਲਣ ਦੀ ਗੱਲ ਹੈ, ਇਹ ਸਾਡੇ ਲੋਕਲ ਪੱਧਰ 'ਤੇ ਨਹੀਂ ਹੁੰਦੀ। ਪਾਰਲੀਮੈਂਟ ਕਮੇਟੀ ਹੁੰਦੀ ਹੈ ਜੋ ਫੈਸਲਾ ਕਰਦੀ ਹੈ ਕਿ ਕਿਸ ਨੂੰ ਟਿਕਟ ਦੇਣੀ ਹੈ ਅਤੇ ਕਿਸ ਨੂੰ ਨਹੀਂ। ਇਸ ਤੋਂ ਪਹਿਲਾਂ ਅਸੀਂ ਬਹੁਤ ਥੋੜ੍ਹੀਆਂ ਸੀਟਾਂ 'ਤੇ ਚੋਣ ਲੜਦੇ ਰਹੇ ਹਾਂ ਪਰ ਇਸ ਵਾਰ ਬਹੁਤ ਸਾਰੇ ਲੋਕ ਭਾਜਪਾ ਨਾਲ ਜੁੜੇ ਹਨ। ਇਸ ਵਾਰ ਅਕਾਲੀ ਦਲ ਅਤੇ ਕਾਂਗਰਸ ਤੋਂ ਕਈ ਆਗੂ ਭਾਜਪਾ ਵਿਚ ਆਏ ਹਨ, ਜਿਸ ਕਾਰਨ ਪੰਜਾਬ ਵਿਚ ਭਾਜਪਾ ਦੀ ਸਥਿਤੀ ਮਜਬੂਤ ਹੋਈ ਹੈ, ਇਸ ਲਈ ਜਿਹੜੇ ਲੋਕ ਬਾਹਰੋਂ ਆਏ ਹਨ, ਉਨ੍ਹਾਂ ਵਿਚੋਂ ਵਧੀਆ ਕੈਂਡੀਡੇਟ ਜੇਕਰ ਭਾਜਪਾ ਨੂੰ ਮਿਲ ਰਹੇ ਹਨ ਤਾਂ ਉਨ੍ਹਾਂ ਨੂੰ ਟਿਕਟ ਮਿਲਣਾ ਕੋਈ ਬੁਰੀ ਗੱਲ ਨਹੀਂ ਹੈ। ਭਾਜਪਾ ਇਕ ਅਨੁਸ਼ਾਸਿਤ ਪਾਰਟੀ ਹੈ ਅਤੇ ਸਾਡੇ ਵਰਕਰ ਇਸ ਚੀਜ ਨੂੰ ਮੰਨਦੇ ਹਨ। ਜਵਾਬ : ਸਾਡੇ ਕੋਲ ਪਹਿਲਾਂ ਬਹੁਤ ਘੱਟ ਕੈਂਡੀਡੇਟ ਸਨ ਅਤੇ ਬਹੁਤ ਘੱਟ ਸੀਟਾਂ ਜਿੱਤ ਪਾ ਰਹੇ ਸੀ ਪਰ ਹੁਣ ਵਧੀਆ ਲੋਕ ਭਾਜਪਾ ਨਾਲ ਜੁੜੇ ਹਨ ਅਤੇ ਉਹ ਹੁਣ ਪਾਰਟੀ ਦਾ ਹਿੱਸਾ ਹਨ ਅਤੇ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਉਹ ਅਕਾਲੀ ਦਲ ਜਾਂ ਕਾਂਗਰਸ ਤੋਂ ਆਏ ਹਨ। ਉਨ੍ਹਾਂ ਦੇ ਆਉਣ ਨਾਲ ਭਾਜਪਾ ਦਾ ਪਰਿਵਾਰ ਵਧਿਆ ਹੈ ਅਤੇ ਇਸ ਨਾਲ ਭਾਜਪਾ ਨੂੰ ਫਾਇਦਾ ਹੋਵੇਗਾ ਤੇ ਵਧੀਆ ਸੀਟਾਂ ਹਾਸਲ ਕਰੇਗੀ। 2027 ਵਿਚ 100 ਫੀਸਦੀ ਪੰਜਾਬ ਵਿਚ ਭਾਜਪਾ ਦੀ ਸਰਕਾਰ ਬਣਨ ਵਾਲੀ ਹੈ। ਜਵਾਬ : ਇਸ ਸਮੇਂ ਪੀ. ਐੱਮ. ਮੋਦੀ ਪੂਰੇ ਦੇਸ਼ ਅਤੇ ਦੁਨੀਆ ਵਿਚ ਬਹੁਤ ਵੱਡੇ ਆਗੂ ਬਣ ਗਏ ਹਨ। ਉਨ੍ਹਾਂ ਦੇ ਪ੍ਰਭਾਵ ਨੂੰ ਦੇਖ ਕੇ ਹੀ ਬਹੁਤ ਸਾਰੇ ਲੋਕ ਭਾਜਪਾ ਜੁਆਇਨ ਕਰ ਰਹੇ ਹਨ। 2 ਸੀਟਾਂ ਲੈ ਕੇ ਜੋ ਪਾਰਟੀ ਕਦੀ ਸਿਆਸਤ ਵਿਚ ਆਈ ਸੀ, ਅੱਜ ਸਭ ਤੋਂ ਵੱਡੀ ਸਿਆਸੀ ਪਾਰਟੀ ਬਣ ਗਈ ਹੈ। ਅਸੀਂ ਵਧੀਆ ਢੰਗ ਨਾਲ ਦੇਸ਼ ਵਿਚ ਸਰਕਾਰ ਚਲਾ ਰਹੇ ਹਾਂ ਅਤੇ ਇਸ ਵਾਰ 400 ਪਾਰ ਦਾ ਨਾਅਰਾ ਹੈ। ਮੈਨੂੰ ਨਹੀਂ ਲੱਗਦਾ ਕਿ ਜਿਹੜੇ ਲੋਕ ਭਾਜਪਾ ਵਿਚ ਆਏ ਹਨ, ਉਹ ਕਿਤੇ ਜਾਣਗੇ। ਜਦੋਂ ਅਸੀਂ ਅਕਾਲੀ ਦਲ ਦੇ ਨਾਲ ਚੋਣ ਲੜ ਰਹੇ ਸੀ, ਉਸ ਦੌਰਾਨ ਸਾਡੇ ਕੇਡਰ ਦਾ ਸ਼ਹਿਰਾਂ ਵਿਚ ਵਧੀਆ ਪ੍ਰਭਾਵ ਸੀ ਪਰ ਪੰਜਾਬ ਵਿਚ ਇਸਦਾ ਵਿਸਤਾਰ ਨਹੀਂ ਹੋ ਸਕਿਆ ਪਰ ਹੁਣ ਅਸੀਂ ਇਕੱਲੇ ਚੋਣ ਲੜ ਰਹੇ ਹਾਂ ਅਤੇ ਬੇਸ਼ੱਕ ਸਾਡਾ ਕੇਡਰ ਕੁਝ ਥਾਵਾਂ 'ਤੇ ਅਜੇ ਕਮਜ਼ੋਰ ਹੈ ਪਰ ਹੌਲੀ-ਹੌਲੀ ਇਹ ਮਜਬੂਤ ਹੋ ਰਿਹਾ ਹੈ। ਅਕਾਲੀ ਦਲ ਨਾਲ ਸਾਡਾ ਸੰਗਠਨਾਤਮਕ ਢਾਂਚਾ ਮਜਬੂਤੀ ਨਾਲ ਪਿੰਡਾਂ ਵਿਚ ਨਹੀਂ ਪਹੁੰਚ ਸਕਿਆ ਸੀ। ਪੀ. ਐੱਮ. ਮੋਦੀ ਨੇ ਵੀ ਕਿਹਾ ਹੈ ਕਿ ਕਿਸਾਨਾਂ ਲਈ ਅਸੀਂ ਜੋ ਕਰ ਸਕਾਂਗੇ, ਉਹ ਕਰਾਂਗੇ ਪਰ



ਕੁਝ ਸਿਆਸੀ ਪਾਰਟੀਆਂ ਅਤੇ ਲੋਕ ਪੰਜਾਬ ਦੀ ਜਨਤਾ ਨੂੰ ਗੁੰਮਰਾਹ ਕਰ ਰਹੇ ਹਨ ਅਤੇ ਕਿਸਾਨੀ ਦੇ ਮੁੱਦੇ ਨੂੰ ਉਛਾਲ ਕੇ ਭਾਜਪਾ ਖ਼ਿਲਾਫ ਕਰ ਰਹੇ ਹਨ। ਆਮ ਆਦਮੀ ਪਾਰਟੀ ਹਰ ਜਗ੍ਹਾ ਭਾਜਪਾ ਦਾ ਵਿਰੋਧ ਕਰਦੀ ਰਹੀ ਹੈ। ਆਮ ਆਦਮੀ ਪਾਰਟੀ ਨੂੰ ਬੇਸ਼ੱਕ ਪੰਜਾਬ ਵਿਚ ਬਹੁਮਤ ਮਿਲ ਗਿਆ ਪਰ ਗੁਜਰਾਤ ਅਤੇ ਹਿਮਾਚਲ ਵਿਚ ਆਮ ਆਦਮੀ ਪਾਰਟੀ ਦੀ ਜਮਾਨਤ ਜਬਤ ਹੋਈ ਹੈ। ਪੰਜਾਬ ਵਿਚ ਵੀ ਆਮ ਆਦਮੀ ਪਾਰਟੀ ਆਪਣੇ ਵਾਅਦਿਆਂ ਨੂੰ ਪੂਰਾ ਕਰਨ ਵਿਚ ਫੇਲ ਸਾਬਿਤ ਹੋਈ ਹੈ। ਆਮ ਆਦਮੀ ਪਾਰਟੀ ਕੋਲ ਕਿਸੇ ਤਰ੍ਹਾਂ ਦਾ ਕੋਈ ਤਜਰਬਾ ਨਹੀਂ ਹੈ। ਪੰਜਾਬ ਵਿਚ ਲਾਅ ਐਂਡ ਆਰਡਰ ਦੀ ਹਾਲਤ ਨਾਜ਼ੁਕ ਹੈ। ਨਸ਼ਾ ਤੇ ਮਾਫੀਆ ਸਿਖਰ 'ਤੇ ਹੈ। ਇਸ ਵਾਰ ਪੀ. ਐੱਮ. ਮੋਦੀ ਨੇ ਆਪਣੇ ਮੈਨੀਫੈਸਟੋ ਵਚ ਬਿਜਲੀ ਫ੍ਰੀ ਨੂੰ ਪ੍ਰਮੁੱਖ ਰੱਖਿਆ ਹੈ ਪਰ ਇਸਦਾ ਕੰਸੈਪਟ ਬਿਲਕੁਲ ਵੱਖ ਹੈ। ਪੰਜਾਬ ਵਿਚ ਬੇਸ਼ੱਕ ਲੋਕਾਂ ਨੂੰ ਬਿਜਲੀ ਮੁਫਤ ਮਿਲ ਰਹੀ ਹੈ ਪਰ ਅਜੇ ਵੀ ਕੁਝ ਲੋਕ ਹਨ, ਜਿਨ੍ਹਾਂ ਨੂੰ ਇਹ ਰਾਹਤ ਨਹੀਂ ਮਿਲ ਰਹੀ। ਭਾਜਪਾ ਨੇ ਸੋਲਰ ਸਿਸਟਮ ਜਰੀਏ ਪੂਰੇ ਦੇਸ਼ ਵਿਚ ਲੋਕਾਂ ਨੂੰ ਬਿਜਲੀ ਮੁਫਤ ਦਾ ਪਲਾਨ ਬਣਾਇਆ ਹੈ ਅਤੇ ਜਦੋਂ ਸਾਡਾ ਸੋਲਰ ਸਿਸਟਮ ਦੇਸ਼ ਵਿਚ ਲਾਗੂ ਹੋਵੇਗਾ ਤਾਂ ਜਰੂਰ ਆਮ ਆਦਮੀ ਪਾਰਟੀ ਨਾਲ 2-2 ਹੱਥ ਹੋਣਗੇ। ਪੰਜਾਬ ਵਿਚ 13 ਦੀਆਂ 13 ਸੀਟਾਂ 'ਤੇ ਅਸੀਂ ਮਜਬੂਤ ਹਾਂ। ਗੁਰਦਾਸਪੁਰ, ਹੁਸ਼ਿਆਰਪੁਰ, ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਫਿਰੋਜਪੁਰ ਅਤੇ ਪਟਿਆਲਾ ਤਾਂ ਸਾਡੀਆਂ ਸਟ੍ਰਾਂਗ ਸੀਟਾਂ ਹਨ। ਹੋਰਨਾਂ ਸੀਟਾਂ 'ਤੇ ਵੀ ਸਾਡਾ ਪ੍ਰਦਰਸ਼ਨ ਵਧੀਆ ਰਹੇਗਾ, ਜਦੋਂ ਕਿ ਆਮ ਆਦਮੀ ਪਾਰਟੀ ਬਹੁਤ ਬੁਰੀ ਤਰ੍ਹਾਂ ਨਾਲ ਹਾਰੇਗੀ। ਕਾਂਗਰਸ ਥੋੜ੍ਹੀਆਂ-ਬਹੁਤ ਸੀਟਾਂ ਕੱਢ ਸਕਦੀ ਹੈ ਪਰ ਆਮ ਆਦਮੀ ਪਾਰਟੀ ਅਤੇ ਅਕਾਲੀ ਦਲ ਦੀ ਸਥਿਤੀ ਕਾਫੀ ਖਰਾਬ ਹੈ। ਜਦੋਂ ਭਾਜਪਾ ਅਤੇ ਅਕਾਲੀ ਦਲ ਵਿਚਕਾਰ ਸਮਝੌਤੇ ਦੀ ਗੱਲ ਚੱਲ ਰਹੀ ਸੀ, ਉਦੋਂ ਅਕਾਲੀ ਦਲ ਨੂੰ ਜ਼ਰੂਰ ਸਮਝੌਤਾ ਕਰ ਲੈਣਾ ਚਾਹੀਦਾ ਸੀ ਕਿਉਂਕਿ ਭਾਜਪਾ ਜਿਸ ਤਰ੍ਹਾਂ ਨਾਲ ਇਨ੍ਹਾਂ ਚੋਣਾਂ ਵਿਚ ਗੇਮ ਕਰ ਰਹੀ ਹੈ, ਇਸ ਚੋਣ ਵਿਚ ਅਕਾਲੀ ਦਲ ਪੂਰੀ ਤਰ੍ਹਾਂ ਨਾਲ ਖਤਮ ਹੋ ਜਾਵੇਗਾ। ਜਿਸ ਤਰ੍ਹਾਂ ਨਾਲ ਭਾਜਪਾ ਪ੍ਰਫਾਰਮ ਕਰ ਰਹੀ ਹੈ, ਮੈਨੂੰ ਨਹੀਂ ਲੱਗਦਾ ਕਿ ਸਾਨੂੰ ਕਿਸੇ ਸਾਥੀ ਦੀ ਲੋੜ ਹੈ ਪਰ ਫਿਰ ਵੀ ਜੇਕਰ ਕੇਂਦਰ ਕੋਈ ਅਜਿਹਾ ਫੈਸਲਾ ਲੈਂਦਾ ਹੈ ਤਾਂ ਇਹ ਵੱਖ ਗੱਲ ਹੈ।

## ਵਿਅਕਤੀ ਦੀ ਮੌਤ ਦੇ ਮਾਮਲੇ 'ਚ ਪਤਨੀ ਖਿਲਾਫ ਮਾਮਲਾ ਦਰਜ

ਅਬੋਹਰ 31 ਮਈ। ਨਗਰ ਥਾਣਾ ਨੰਬਰ 2 ਦੀ ਪੁਲਸ ਨੇ ਵਿਅਕਤੀ ਦੀ ਹੋਈ ਮੌਤ ਦੇ ਮਾਮਲੇ ਵਿਚ ਉਸਦੀ ਪਤਨੀ ਵਿਰੁੱਧ ਆਈਪੀਸੀ ਦੀ ਧਾਰਾ 306 ਤਹਿਤ ਮਾਮਲਾ ਦਰਜ ਕਰ ਲਿਆ ਹੈ। ਮਾਮਲੇ ਦੀ ਜਾਂਚ ਸਹਾਇਕ ਸਬ-ਇੰਸਪੈਕਟਰ ਬਲਵਿੰਦਰ ਸਿੰਘ ਕਰ ਰਹੇ ਹਨ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਵੀਨਾ ਪਤਨੀ ਰਾਜਕੁਮਾਰ ਵਾਸੀ ਆਰੀਆ ਨਗਰ ਗਲੀ ਨੰ.7 ਨੇ ਦੱਸਿਆ ਕਿ ਉਸ ਦੇ ਲੜਕੇ ਵਿੱਕੀ ਦਾ ਵਿਆਹ ਸ਼ਾਲੂ ਪੁੱਤਰੀ ਮਾਮਨ ਲਾਲ ਵਾਸੀ ਗਿੱਦੜਬਾਹਾ ਨਾਲ ਹੋਇਆ ਸੀ। ਸ਼ਾਲੂ ਅਕਸਰ ਉਸਦੇ ਲੜਕੇ ਵਿੱਕੀ ਨਾਲ ਲੜਦੀ ਰਹਿੰਦੀ ਸੀ ਅਤੇ ਆਪਣੇ ਪੇਕੇ ਚਲੀ ਜਾਂਦੀ ਸੀ। ਬੀਤੇ ਦਿਨ ਵੀ ਵਿੱਕੀ ਦੀ ਆਪਣੀ ਪਤਨੀ ਸ਼ਾਲੂ ਨਾਲ ਲੜਾਈ ਹੋ ਗਈ ਸੀ। ਉਸ ਦੇ ਲੜਕੇ ਨੇ ਤੰਗ ਆ ਕੇ ਕੋਈ ਜ਼ਹਿਰੀਲੀ ਚੀਜ਼ ਨਿਗਲ ਲਈ, ਜਿਸ ਤੋਂ ਬਾਅਦ ਸ਼ਾਲੂ ਆਪਣੇ ਬੱਚਿਆਂ ਨਾਲ ਆਪਣੇ ਪੇਕੇ ਘਰ ਚਲੀ ਗਈ। ਜਦੋਂ ਉਸ ਦੇ ਪੁੱਤਰ ਦੀ ਸਿਹਤ ਵਿਗੜ ਗਈ ਤਾਂ ਉਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ। ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਪੁਲਸ ਨੇ ਇਸ ਮਾਮਲੇ ਵਿੱਚ ਸ਼ਾਲੂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ।

## ਜੇਲ੍ਹ 'ਚ ਬੰਦ ਹਵਾਲਾਤੀ ਤੋਂ ਸਿਮ ਕਾਰਡ ਸਣੇ ਮੋਬਾਇਲ ਫ਼ੋਨ ਬਰਾਮਦ

ਫਿਰੋਜ਼ਪੁਰ 31 ਮਈ। ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿਖੇ ਚਲਾਈ ਗਈ ਸਰਚ ਮੁਹਿੰਮ ਦੌਰਾਨ ਜੇਲ੍ਹ 'ਚ ਬੰਦ ਹਵਾਲਾਤੀ ਹਰਜਿੰਦਰ ਸਿੰਘ ਤੋਂ ਸਿਮ ਕਾਰਡ ਸਮੇਤ ਮੋਬਾਇਲ ਫ਼ੋਨ ਬਰਾਮਦ ਹੋਇਆ। ਇਸ ਨੂੰ ਲੈ ਕੇ ਥਾਣਾ ਸਿਟੀ ਫਿਰੋਜ਼ਪੁਰ ਦੀ ਪੁਲਸ ਨੇ ਜੇਲ੍ਹ ਪ੍ਰਸ਼ਾਸਨ ਵੱਲੋਂ ਭੇਜੀ ਸੂਚਨਾ ਦੇ ਆਧਾਰ 'ਤੇ ਹਵਾਲਾਤੀ ਹਰਜਿੰਦਰ ਸਿੰਘ ਖ਼ਿਲਾਫ ਮਾਮਲਾ ਦਰਜ ਕਰ ਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਏ. ਐੱਸ. ਆਈ. ਗੁਰਮੇਲ ਸਿੰਘ ਨੇ ਦੱਸਿਆ ਕਿ ਜੇਲ੍ਹ ਦੇ ਸਹਾਇਕ ਸੁਪਰੀਡੈਂਟ ਸਰਬਜੀਤ ਸਿੰਘ ਨੇ ਪੁਲਸ ਨੂੰ ਲਿਖਤੀ ਸੂਚਨਾ ਦਿੰਦੇ ਹੋਏ ਦੱਸਿਆ ਕਿ ਜਦੋਂ ਉਨ੍ਹਾਂ ਨੇ ਕਰਮਚਾਰੀਆਂ ਨਾਲ ਬੈਰਕ ਨੰਬਰ-3 ਦੀ ਤਲਾਸ਼ੀ ਲਈ ਤਾਂ ਉੱਥੇ ਬੰਦ ਹਵਾਲਾਤੀ ਹਰਜਿੰਦਰ ਸਿੰਘ ਤੋਂ ਸਿਮ ਕਾਰਡ ਸਮੇਤ ਨੋਕੀਆ ਕੀਪੈਡ ਮੋਬਾਇਲ ਫ਼ੋਨ ਬਰਾਮਦ ਹੋਇਆ।